

ਅਦਾਰਾ 'ਦੇਸ਼ ਦੁਆਬਾ' ਵੱਲੋਂ
ਬੰਦੀ ਛੋੜ ਦਿਵਸ ਦੀਆਂ
ਵਿਸਵ ਭਾਈਚਾਰੇ ਨੂੰ ਲੱਖ-ਲੱਖ ਵਧਾਈਆਂ।


12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE -31
November 8, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


ਵਿਪਸਾਅ ਦੀ 23ਵੀਂ
ਸਲਾਨਾ ਪੰਜਾਬੀ ਸਾਹਿਤਕ ਕਾਨਫ਼ਰੰਸ



ਕਾਨਫਰੰਸ ਸਬੰਧੀ ਜਗਜੀਤ ਨੌਸ਼ਹਿਰਵੀ ਵੱਲੋਂ ਰਿਪੋਰਟ ਅਤੇ ਤਸਵੀਰਾਂ (ਦੇਖੋ ਸਫਾ 17 'ਤੇ)


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


# ਯੂਬਾ ਸਿਟੀ, ਕੈਲੀਫੋਰਨੀਆ ਵਿੱਚ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ-ਵੱਖ ਧਾਰਮਿਕ ਦੀਵਾਨ ਸਜਾਏ ਗਏ

## ਵਿਸ਼ਾਲ ਨਗਰ ਕੀਰਤਨ ਦੌਰਾਨ ਇੱਕ ਲੱਖ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ



(ਹੁਸਨ ਲੜੋਆ ਦੀ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 5 'ਤੇ)




## ਅਮਰੀਕਾ 'ਚ ਨਾਜਾਇਜ਼ ਦਾਖ਼ਲੇ ਦੀ ਕੋਸ਼ਿਸ਼ ਕਰਦੇ 97 ਹਜ਼ਾਰ ਭਾਰਤੀ ਫੜੇ

**ਵਾਸ਼ਿੰਗਟਨ (ਬਿਊਰੋ)–** ਬਿਹਤਰ ਕੈਰੀਅਰ ਦੀ ਉਮੀਦ 'ਚ ਲੋਕ ਦੁਨੀਆ ਭਰ ਤੋਂ ਅਮਰੀਕਾ ਪਹੁੰਚਦੇ ਹਨ। ਇਨ੍ਹਾਂ 'ਚੋਂ ਕਈ ਲੋਕ ਉੱਥੇ ਪਹੁੰਚਣ ਲਈ ਨਾਜਾਇਜ਼ ਤਰੀਕੇ ਵੀ ਅਪਣਾਉਂਦੇ ਹਨ ਤੇ ਇਸ ਚੱਕਰ 'ਚ ਫੜੇ ਜਾਂਦੇ ਹਨ। ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ (ਯੂਸੀਬੀਪੀ) ਡਾਟਾ ਮੁਤਾਬਕ, ਅਕਤੂਬਰ 2022 ਤੇ ਸਤੰਬਰ 2023 ਦੌਰਾਨ 97 ਹਜ਼ਾਰ ਭਾਰਤੀ ਨਾਜਾਇਜ਼ ਤਰੀਕੇ ਨਾਲ ਦਾਖ਼ਲ ਹੁੰਦੇ ਫ਼ੜੇ ਗਏ ਹਨ। ਸਾਲ 2021-22 ਦੌਰਾਨ ਇਹ ਗਿਣਤੀ 63,927 ਸੀ, ਜਦਕਿ 2020-21 ਦੌਰਾਨ ਇਹ 30,662 ਸੀ। ਸਾਲ 2019-20 ਦੌਰਾਨ ਇਹ ਅੰਕੜਾ 19,883 ਸੀ। ਇਸ ਦੇ ਮੁਕਾਬਲੇ 'ਚ ਦੇਖੀਏ ਤਾਂ ਨਾਜਾਇਜ਼ ਤਰੀਕੇ ਨਾਲ ਦਾਖ਼ਲੇ ਦੌਰਾਨ ਫੜੇ ਗਏ ਭਾਰਤੀਆਂ ਦੀ ਇਹ ਗਿਣਤੀ ਪੰਜ ਗੁਣਾ ਤੱਕ ਵੱਧ ਗਈ ਹੈ।



ਇਸ ਦੌਰਾਨ ਸੈਨੇਟਰ ਜੇਮਜ਼ ਲੈਂਕਫੋਰਡ ਨੇ ਵੀਰਵਾਰ ਨੂੰ ਸੈਨੇਟ 'ਚ ਕਿਹਾ ਕਿ ਇਹ ਲੋਕ ਨਜ਼ਦੀਕੀ ਹਵਾਈ ਅੱਡੇ ਮੈਕਸੀਕੋ ਤੱਕ ਪਹੁੰਚਣ ਲਈ ਫਰਾਂਸ ਵਰਗੇ ਦੇਸ਼ਾਂ ਤੋਂ ਹੋ ਕੇ ਲਗਪਗ ਚਾਰ ਉਡਾਣਾਂ ਲੈਂਦੇ ਹਨ। ਸਰਹੱਦ ਤੱਕ ਕਾਰਟੇਲ ਵੱਲੋਂ ਕਿਰਾਏ 'ਤੇ ਲਈ ਗਈ ਬੱਸ ਜ਼ਰੀਏ ਪਹੁੰਚਦੇ ਹਨ। ਉੱਥੇ ਉਨ੍ਹਾਂ ਦੀ ਆਖ਼ਰੀ ਡਿਲੀਵਰੀ ਲਈ ਛੱਡ ਦਿੱਤਾ ਜਾਂਦਾ ਹੈ। ਲੈਂਕਫੋਰਡ ਨੇ ਕਿਹਾ ਕਿ ਇਸ ਸਾਲ ਹੁਣ ਤੱਕ ਭਾਰਤ ਤੋਂ 45 ਹਜ਼ਾਰ ਲੋਕ ਆਏ ਹਨ, ਜਿਹੜੇ ਸਾਡੀ ਦੱਖਣੀ ਸਰਹੱਦ ਪਾਰ ਕਰ ਚੁੱਕੇ ਹਨ। ਕਾਰਟੇਲ ਦਾ ਭੁਗਤਾਨ ਕਰ ਚੁੱਕੇ ਹਨ ਤੇ ਸਾਡੇ ਦੇਸ਼ 'ਚ ਵੜ ਆਏ ਹਨ। ਲੈਂਕਫੋਰਡ ਨੇ ਕਿਹਾ ਕਿ ਮੈਕਸੀਕੋ 'ਚ ਇਸ ਕੰਮ ਨਾਲ ਜੁੜੇ ਲੋਕ ਦੁਨੀਆ ਭਰ ਤੋਂ ਆਉਣ ਵਾਲਿਆਂ ਨੂੰ ਸਿਖਲਾਈ ਦੇ ਰਹੇ ਹਨ ਕਿ ਕੀ ਕਹਿਣਾ ਹੈ ਕਿ ਤੇ ਕਿੱਥੇ ਜਾਣਾ ਹੈ ਤਾਂ ਜੋ ਪਨਾਹ ਪ੍ਰਕਿਰਿਆ ਦਾ ਗ਼ਲਤ ਫ਼ਾਇਦਾ ਉਠਾਇਆ ਜਾ ਸਕੇ ਤੇ ਪਨਾਹ ਲੈਣ ਦੇ ਮਾਮਲੇ ਦੀ ਸੁਣਵਾਈ ਦਾ ਇੰਤਜ਼ਾਰ ਕਰਦੇ ਹੋਏ ਦੇਸ਼ 'ਚ ਦਾਖ਼ਲ ਹੋਇਆ ਜਾ ਸਕੇ।

## ਧੂੰਏ ਕਾਰਨ ਦਿੱਲੀ 'ਚ ਦਮ ਘੁਟਣਾ ਸ਼ੁਰੂ

**ਨਵੀਂ ਦਿੱਲੀ–** ਦਿੱਲੀ ਅਤੇ ਇਸ ਦੇ ਆਸਪਾਸ ਦੇ ਇਲਾਕਿਆਂ ਵਿਚ ਹਵਾ ਦੀ ਗੁਣਵੱਤਾ ਅੱਜ ਸਵੇਰੇ ਮੁੜ 'ਗੰਭੀਰ' ਸ਼੍ਰੇਣੀ ਵਿਚ ਦਰਜ ਕੀਤੀ ਗਈ। ਰਾਸ਼ਟਰੀ ਰਾਜਧਾਨੀ ਵਿੱਚ ਹਵਾ ਪ੍ਰਦੂਸ਼ਣ ਦਾ ਇੱਕ ਤਿਹਾਈ ਹਿੱਸਾ ਗੁਆਂਢੀ ਰਾਜਾਂ ਵਿੱਚ ਪਰਾਲੀ ਸਾੜਨ ਕਾਰਨ ਫੈਲੇ ਧੂੰਏਂ ਕਾਰਨ ਹੁੰਦਾ ਹੈ। ਮੰਗਲਵਾਰ ਸ਼ਾਮ 4 ਵਜੇ ਤੱਕ ਦਿੱਲੀ ਵਿੱਚ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 421 ਦਰਜ ਕੀਤਾ ਗਿਆ, ਜੋ ਪਹਿਲਾਂ 395 ਸੀ। ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕਿਸਾਨਾਂ ਵੱਲੋਂ ਪਰਾਲੀ ਸਾੜਨ ਦੇ ਅਮਲ ਨੂੰ ਰੋਕਣ ਲਈ ਫੌਰੀ ਲੋੜੀਂਦੇ ਕਦਮ ਚੁੱਕੇ। ਜਸਟਿਸ ਸੰਜੈ ਕਿਸ਼ਨ ਕੌਲ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਦਿੱਲੀ ਦੇ ਬਾਸ਼ਿੰਦੇ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਹਨ।






Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539



DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed
Dr. Paramjit S Takhar, MD



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

Space for Advertisement

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਨਵੰਬਰ - ਦਸੰਬਰ ਮਹੀਨੇ ਦੇ ਪ੍ਰੋਗਰਾਮ

**November 12, 2023 Diwali Celeberations**

Diwali will be celebrated in the GURUGHAR at 5:30 PM. Sukhmani sahib path and Langar Sewa will be hosted by Suman family. Please come and enjoy festivities and listen to Gurbani Kirtan and join in Ardas for the Chardi Kala of the entire Sangat.

**November 19, 2023**
**Barsi of Giani Gurnam Singh Rasila ji**

In sweet memory of their father Giani Gurnam Singh Rasila ji, Bhai Sukhdev Singh, Bhai Gurtej Singh, Bhai Tarsem Singh and family will host Sehaj Path and Langar Sewa. Bhog will be on Sunday morning November 19, 2023. He was a very humble and dedicated Sevadar of this Gurughar. We will miss him. May Guru Sahib bless Giani Gurnam Singh Rasila ji's soul and keep Rasila family in Chardikala.

**December 1-2-3, 2023**
**Sri Guru Nanak Dev Ji's "Parkash Utsav"**
**Nanak aaya, Nanak aaya, Kal taaran Guru Nanak aaya**

Sri Guru Nanak Dev Ji's Parkash Utsav will be celebrated at Gurughar on December 3, 2023. Akhand path will start on Friday 12/01/23, at 10:00 AM and will conclude with Bhog ceremony on Sunday morning 12/03/2023. Sudhir family of Phagwara will be hosting the Akhand Path and Langar Sewa. Gurughar Jatha of Bhai Balwinder Singh ji and Jatha of Bhai Suveg Singh ji from San Jose will delight Sangat with Shabad Kirtan. Sudhir family is requesting Sangat to come and get Guru Sahib's blessings. May Baba ji keep Sudhir Family in Chardi Kala.

**Nishan Sahib Chola Sewa ( Hoisting of NISHAN SAHIB)**

Sudhir family will be doing the Nishan Sahib Chola Sewa on December 2, 2023 (Saturday) at 11:00 AM.

**For STALLS or any SEWA, please contact**
**President Vinod Kumar at (408) 718-2506 or**
**Chairman Ramesh Suman at (925) 366.3618.**

**December 31, 2023**
**Akhand Path Sewa by Bains Family**

Bains family will host Akhand path and Langar Sewa. Akhand Path will start on Friday, December 29, 2023 at 10:00 AM and will conclude with Bhog ceremony on Sunday morning December, 31, 2023. May Guru Sahib keep Bains family in Chardikala.

**December 31, 2023**
**Rain Sabai New Year's Celebration**

We will be celebrating New Year's Eve at Gurughar in welcoming the New Year 2024. Let us start the New Year with a prayer for love, happiness and prosperity of our Sangat.

**"NANAK NAM CHARDI KALA TERE BHANE SARBAT DA BHALA"**

We are planning to have another health camp in December in our Gurughar. There is a group of Nurses and Doctors who have been coming to Gurdwara Sahib for this Sewa. I would be nice to see some medical professionals from our local community join that day. Please let me know if you are available for this SEWA..

## Sangat Sewadars

www.sriguruuravidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K Singh |
| (925) 366 3618 | (408) 718-2506 | (415) 424 9860 | (415) 233-3319 |

# ਫਰਿਜ਼ਨੋ ਵਿਚ 11 ਨਵੰਬਰ ਨੂੰ "ਵੈਟਰਨ ਡੇ" ਪਰੇਡ ਵਿੱਚ ਸਿੱਖ ਕੌਂਸਲ ਵੱਲੋਂ ਲੱਗੇਗਾ ਫਲੋਟ

## "ਸਿੱਖ ਹੈਰੀਟੇਜ਼ ਵਜੋਂ ਨਵੰਬਰ ਮਹੀਨੇ ਨੂੰ ਮਾਨਤਾ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)–** ਕੈਲੇਫੋਰਨੀਆਂ ਵਿੱਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਵਾਲਾ ਸ਼ਹਿਰ ਫਰਿਜ਼ਨੋ ਆਪਣੇ ਸਿੱਖ ਧਰਮ ਦੀ ਪਹਿਚਾਣ ਬਣਾਉਣ ਲਈ ਹਮੇਸ਼ਾ ਸਰਗਰਮ ਰਿਹਾ ਹੈ। ਜਿਸ ਵਿੱਚ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ, ਜੈਕਾਰਾ ਮੂਵਮੈਂਟ ਅਤੇ ਹੋਰ ਸਥਾਨਿਕ ਸੰਸਥਾਵਾਂ ਰਲ ਮਿਲ ਕੇ ਸਫਲ ਹੰਭਲੇ ਮਾਰ ਰਹੀਆਂ ਹਨ। ਇਸੇ ਲੜੀ ਤਹਿਤ ਬੀਤੇ ਦਿਨੀ ਸਿਟੀ ਹਾਲ ਫਰਿਜ਼ਨੋ ਵਿੱਚ ਵਿਸ਼ੇਸ਼ ਮੀਟਿੰਗ ਦੌਰਾਨ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਸਿਟੀ ਕੌਸ਼ਲ ਫਰਿਜ਼ਨੋ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਇਤਿਹਾਸ ਨਾਲ ਜੁੜਿਆ ਹੋਇਆ ਮੰਨਦੇ ਹੋਏ "ਸਿੱਖ ਹੈਰੀਟੇਜ਼ ਮਹੀਨਾ" ਮਨਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ। ਜਿਸ ਦੀ ਸਿੱਖ ਸੰਗਤਾਂ ਵਿੱਚ ਬਹੁਤ ਖਸ਼ੀ ਹੈ।







ਇਸੇ ਪਹਿਚਾਣ ਦੇ ਮੁੱਦੇ ਨੂੰ ਅੱਗੇ ਤੋਰਦੇ ਹੋਏ ਸਿੱਖ ਕੌਸ਼ਲ ਆਫ ਸ਼ੈਟਰਲ ਕੈਲੇਫੋਰਨੀਆਂ ਦੇ ਜਨਰਲ ਸਕੱਤਰ ਸ। ਸੁਖਦੇਵ ਸਿੰਘ ਚੀਮਾਂ ਨੇ ਦੱਸਿਆ ਕਿ ਇਸ ਸਾਲ ਸਿੱਖ ਕੌਸ਼ਲ ਵੱਲੋਂ ਮਤਾ ਪਾਸ ਕੀਤਾ ਗਿਆ ਹੈ ਕਿ 11 ਨਵੰਬਰ, ਦਿਨ ਸ਼ਨੀਵਾਰ ਸਵੇਰ 10 ਵਜ਼ੇ ਤੋਂ ਬਾਅਦ ਦੁਪਿਹਰ 2 ਵਜ਼ੇ ਤੱਕ ਫਰਿਜ਼ਨੋ ਦੇ ਡਾਊਨ ਟਾਊਨ ਵਿੱਚ ਹੋਣ ਵਾਲੀ 'ਵੈਟਰਨ ਡੇ' ਪਰੇਡ ਵਿੱਚ  ਸਿੱਖ ਕੌਸ਼ਲ ਆਫ ਸ਼ੈਟਰਲ ਕੈਲੇਫੋਰਨੀਆਂ ਸਿੱਖੀ ਦੀ ਪਹਿਚਾਣ ਬਣਾਉਂਦਾ ਆਪਣਾ ਫਲੋਟ (ਡਵੀਜ਼ਨ ਨੰਬਰ 5) ਸ਼ਾਮਲ ਕਰੇਗੀ। ਜਿਸ ਦੀ ਮੰਨਜੂਰੀ ਲੈ ਲਈ ਗਈ ਹੈ। ਇਸ ਦੇ ਨਾਲ-ਨਾਲ ਹਮੇਸ਼ਾ ਵਾਂਗ ਸਿੱਖ ਸੰਗਤਾਂ ਵੱਲੋਂ ਲੰਗਰ ਵੀ ਲਾਇਆ ਜਾਵੇਗਾ। ਇਸ ਪਰੇਡ ਵਿੱਚ ਸਮੂੰਹ ਸਿੱਖ ਵੈਟਰਨਜ਼ ਅਤੇ ਸਮੁੱਚੇ ਭਾਈਚਾਰੇ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ। ਅਜਿਹੇ ਕਾਰਜ ਜਿੱਥੇ ਸਿੱਖ ਭਾਈਚਾਰੇ ਦਾ ਮਾਣ ਵਧਾਉਂਦੇ ਹਨ, ਉੱਥੇ ਸਿੱਖਾਂ ਦੀ ਪਹਿਚਾਣ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

# ਵਿਧਵਾ ਔਰਤ ਦੀ ਪੈਨਸ਼ਨ ਦੇ ਪੈਸੇ ਵਾਪਸ ਕਰਕੇ ਦਿੱਤਾ ਇਮਾਨਦਾਰੀ ਦਾ ਸਬੂਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਪਿੰਡ ਪੰਡੋਰੀ ਵਿੱਚ ਇਮਾਨਦਾਰੀ ਦੀ ਮਿਸਾਲ ਪੇਸ਼ ਕਰਦਿਆਂ ਰਾਜ ਕੁਮਾਰ ਪੁੱਤਰ ਬਲਦੇਵ ਰਾਜ ਵਾਸੀ ਪਿੰਡ ਕੋਕੋਵਾਲ ਨੇ ਸੁਨੀਤਾ ਪਤਨੀ ਚੰਚਲ ਵਾਸੀ ਪੰਡੋਰੀ ਨੂੰ 40,500 ਰੁਪਏ ਜੋ ਉਕਤ ਔਰਤ ਦੇ ਵਿਧਵਾ ਪੈਨਸ਼ਨ ਨਾਲ ਸੰਬੰਧਿਤ ਸਨ, ਵਾਪਸ ਕੀਤੇ ਜੋ ਗਲਤੀ ਨਾਲ ਉਸਦੇ ਖਾਤੇ ਵਿੱਚ ਚਲੇ ਗਏ ਸਨ। ਇਥੇ ਇਹ ਦੱਸਣਯੋਗ ਹੈ ਕਿ ਕਿਸੇ ਤਕਨੀਕੀ ਗਲਤੀ ਕਾਰਨ ਉਪਰੋਕਤ ਦੱਸੀ ਵਿਧਵਾ ਪੈਨਸ਼ਨ ਦੀ ਰਕਮ 01-09-2021 ਤੋਂ ਅੱਜ ਤੱਕ ਰਾਜ ਕੁਮਾਰ ਵਾਸੀ ਕੋਕੋਵਾਲ ਦੇ ਖਾਤੇ ਵਿੱਚ ਪਾਈ ਜਾ ਰਹੀ ਸੀ। ਜਦੋਂ ਇਸ ਮਾਮਲੇ ਸੰਬੰਧੀ ਉਹਨਾ ਨੇ ਤੇਜਪਾਲ ਜੋ ਕਿ ਏਰਕਾਰੀ ਹਾਈ ਸਕੂਲ ਪੰਡੋਰੀ ਬੀਤ ਵਿਖੇ ਸਾਇੰਸ ਮਾਸਟਰ ਹਨ, ਨਾਲ ਇਸ ਵਾਰੇ ਗੱਲਬਾਤ ਕੀਤੀ ਤਾਂ ਉਹਨਾਂ ਨੇ ਭਲਾਈ ਵਿਭਾਗ ਵਿਚ ਜਾ ਕੇ ਪਤਾ ਕੀਤਾ ਤਾਂ ਉਥੇ ਇਸ ਗਲਤੀ ਵਾਰੇ ਪਤਾ ਚੱਲਿਆ ਕਿ ਉਕਤ ਪੈਨਸ਼ਨ ਦੀ ਰਕਮ ਕੋਕੋਵਾਲ ਨਿਵਾਸੀ ਰਾਜ ਕੁਮਾਰ ਦੇ ਖਾਤੇ ਵਿੱਚ ਜਾ ਰਹੀ ਹੈ। ਇਸ ਬਾਬਤ ਰਾਜ ਕੁਮਾਰ ਨਾਲ ਸੰਪਰਕ ਕੀਤਾ ਗਿਆ ਤਾਂ ਉਹਨਾਂ ਨੇ ਬਿਨ੍ਹਾਂ ਦੇਰੀ ਕੀਤੇ ਉਕਤ ਬਣਦੀ ਰਕਮ ਦਾ ਚੈਕ ਸੁਨੀਤਾ ਵਾਸੀ ਪੰਡੋਰੀ ਬੀਤ ਨੂੰ ਕੱਟ ਕੇ ਦੇ ਦਿੱਤਾ। ਇਸ ਮੌਕੇ ਤੇ ਸੁਨੀਤਾ ਕੁਮਾਰੀ ਨੇ ਤੇਜਪਾਲ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਪੰਡੋਰੀ ਬੀਤ ਜਿਹਨਾਂ ਦੇ ਯਤਨਾਂ ਸਦਕਾ ਇਹ ਰਕਮ ਉਹਨਾਂ ਨੂੰ ਵਾਪਸ ਮਿਲੀ ਅਤੇ ਰਾਜ ਕੁਮਾਰ ਦਾ ਵਿਸ਼ੇਸ਼ ਧੰਨਵਾਦ ਕੀਤਾ।



# "ਸਿੱਖ ਕੌਂਸਲ ਆਫ਼ ਸੈਂਟਰਲ ਕੈਲੀਫੋਰਨੀਆਂ" ਵੱਲੋਂ ਭਾਰਤੀ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਸਨਮਾਨ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਭਾਰਤ ਦੇ ਕਿਰਸਾਨੀ ਸੰਘਰਸ਼ ਵਿੱਚ ਆਪਣੀ ਸਿਆਣਪ ਨਾਲ ਅਹਿਮ ਭੂਮਿਕਾ ਨਿਭਾਉਣ ਵਾਲੇ ਸੁਲਝੇ ਹੋਏ ਸੀਨੀਅਰ ਕਿਸਾਨ ਆਗੂ ਸ੍ਰ ਬਲਬੀਰ ਸਿੰਘ ਰਾਜੇਵਾਲ ਆਪਣੀ ਅਮਰੀਕਾ ਦੀ ਫੇਰੀ ਦੌਰਾਨ ਵੱਖ-ਵੱਖ ਮੀਟਿੰਗਾਂ ਰਾਹੀਂ ਭਾਰਤ ਵਿੱਚ ਕਿਸਾਨ ਸੰਘਰਸ਼ ਵਿੱਚ ਦਿੱਤੇ ਵੱਡਮੁੱਲੇ ਯੋਗਦਾਨ ਬਦਲੇ ਸਮੁੱਚੇ ਭਾਈਚਾਰੇ ਦਾ ਧੰਨਵਾਦ ਕਰ ਰਹੇ ਹਨ।

ਇਸੇ ਲੜੀ ਤਹਿਤ ਫਰਿਜ਼ਨੋ ਵਿਖੇ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਵੱਲੋਂ ਉਨ੍ਹਾਂ ਦੇ ਸਤਿਕਾਰ ਵਿੱਚ ਦੁਪਿਹਰ ਦੀ ਖਾਣੇ ਦੀ ਦਾਅਵਤ ਦਿੱਤੀ ਗਈ। ਜਿੱਥੇ ਸਿੱਖ ਕੌਂਸਲ ਦੇ ਜਨਰਲ ਸਕੱਤਰ ਸ। ਸੁਖਦੇਵ ਸਿੰਘ ਚੀਮਾ ਨੇ ਸ। ਰਾਜੇਵਾਲ ਨੂੰ ਜੀ ਆਇਆਂ ਕਹਿੰਦੇ ਹੋਏ ਨਿੱਘਾ ਸੁਆਗਤ ਕੀਤਾ ਅਤੇ ਇੰਨੇ ਛੋਟੇ ਨੋਟਿਸ 'ਤੇ ਸਾਡਾ ਸੱਦਾ ਸਵੀਕਾਰ ਕਰਨ ਲਈ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਸਮੇਂ ਰਾਜੇਵਾਲ ਨੇ ਪੰਜਾਬ ਅਤੇ ਖਾਸ ਕਰਕੇ ਕਿਸਾਨ ਭਾਈਚਾਰੇ ਦੀ ਮੌਜੂਦਾ ਸਥਿਤੀ ਬਾਰੇ ਕੌਂਸਲ ਮੈਂਬਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਭਾਰਤ ਦੀ ਕਿਸਾਨੀ ਵਿਸ਼ੇ 'ਤੇ ਮੈਂਬਰਾਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ।



ਇਸ ਸਮੇਂ ਸਿੱਖ ਕੌਂਸਲ ਦੇ ਮੈਂਬਰ, ਗੁਰਜੰਟ ਸਿੰਘ ਗਿੱਲ, ਸ੍ਰ: ਰਾਜਵਿੰਦਰ ਪਾਲ ਸਿੰਘ ਬਰਾੜ, ਸ੍ਰ: ਗੁਰਬਚਨ ਸਿੰਘ, ਸ੍ਰ: ਚਰਨਜੀਤ ਸਿੰਘ ਬਾਠ, ਸ੍ਰ: ਜਸਦੀਪ ਸਿੰਘ ਸ਼ੋਕਰ, ਸ੍ਰ: ਸੁਖਵਿੰਦਰ ਕੌਰ ਸਰਾਂ (ਪਰਿਵਾਰ ਸਮੇਤ), ਸ੍ਰ: ਚਰਨਜੀਤ ਸਿੰਘ ਸਿਹੋਤਾ, ਸ੍ਰ. ਭਰਪੂਰ ਸਿੰਘ ਧਾਲੀਵਾਲ, ਸ੍ਰ. ਪਸ਼ੌਰਾ ਸਿੰਘ ਢਿੱਲੋਂ, ਸ੍ਰ: ਗੁਰਦੀਪ ਸਿੰਘ ਸ਼ੇਰਗਿੱਲ, ਸ੍ਰ: ਸਤਵਿੰਦਰ ਸਿੰਘ ਬਲੱਗਣ, ਸ੍ਰ: ਦਵਿੰਦਰਪਾਲ ਸਿੰਘ ਸ਼ੇਰਗਿੱਲ, ਸ੍ਰ: ਕੇਵਲ ਸਿੰਘ ਹੁੰਦਲ, ਸ੍ਰ. ਗੁਰਪ੍ਰੀਤ ਸਿੰਘ ਬਰਾੜ, ਸ੍ਰ।ਪਰਮਪਾਲ ਸਿੰਘ ਅਤੇ ਮੀਟਿੰਗ ਵਿੱਚ ਕਮਿਊਨਿਟੀ ਮੈਂਬਰ ਸ੍ਰੀ ਕੁਲਦੀਪ ਸਿੰਘ ਨੰਬਰਦਾਰ, ਸ੍ਰੀ ਅਮਨਪ੍ਰੀਤ ਸਿੰਘ ਧਾਲੀਵਾਲ, ਸ੍ਰੀ ਕੁਲਦੀਪ ਸਿੰਘ ਕਾਲੇਕਾ ਅਤੇ ਡਾ: ਅਰਜੁਨ ਜੋਸ਼ਨ ਆਦਿਕ ਹਾਜ਼ਰ ਹੋਏ। ਅੰਤ ਵਿੱਚ ਸ. ਜਸਦੀਪ ਸਿੰਘ ਸ਼ੋਕਰ ਨੇ ਮੀਟਿੰਗ ਵਿੱਚ ਸਮੂੰਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਆਪਣੇ ਭਾਈਚਾਰਕ ਕਾਰਜਾ ਵਿੱਚ ਵੱਧ ਚੜ ਕੇ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਇਤਿਹਾਸਕ ਫਿਲਮ "ਸਰਾਭਾ" ਨੂੰ ਸਭ ਦੇਸ਼ਾਂ ਵਿੱਚ ਮਿਲ ਰਿਹਾ ਭਰਵਾਂ ਹੁੰਗਾਰਾ

## "ਫਰਿਜ਼ਨੋ ਦੇ ਸਿਨੇਮਾ ਵਿੱਚ ਅਦਾਕਾਰ ਮਲਕੀਅਤ ਮੀਤ ਨਾਲ ਰਲ ਕੇ ਦੇਖੀਂ ਫਿਲਮ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਭਾਰਤ ਦੀ ਫਿਲਮ ਇੰਡਸਟਰੀ ਵਿੱਚ ਬਹੁਤ ਸਾਰੀਆਂ ਇਤਿਹਾਸਕ ਫਿਲਮਾਂ ਦਾ ਨਿਰਮਾਣ ਹੋ ਰਿਹਾ ਹੈ। ਪਰ ਪੂਰੀ ਇਮਾਨਦਾਰੀ ਦੇ ਨਾਲ ਇਤਿਹਾਸ ਨੂੰ ਦਿਖਾਉਣ ਤੋਂ ਨਿ-ਰਮਾਤਾ ਭਾਰਤੀ ਫਿਲਮ ਸ਼ੈਂਸ਼ਰ ਬੋਰਡ ਦੀਆਂ ਇੱਕ ਪਾਸੜ ਨੀਤੀਆਂ ਕਰਕੇ ਹਮੇਸ਼ਾ ਝਿਜਕਦੇ ਰਹਿੰਦੇ ਹਨ। ਇਸੇ ਕਰਕੇ ਨਿਰੋਲ ਸੱਚੇ ਇਤਿਹਾਸ ਨੂੰ ਬਣਾਉਣ ਵਾਲੇ ਨਿਰਮਾਤਾ ਬਹੁਤ ਥੋੜੇ ਹਨ।

ਪਰ ਬੜੇ ਮਾਣ ਵਾਲੀ ਗੱਲ ਹੈ ਕਿ ਭਾਰਤੀ ਸ਼ਹੀਦ ਸ। ਕਰਤਾਰ ਸਿੰਘ ਦੀ ਜ਼ਿੰਦਗੀ ਦੇ ਅਧਾਰਿਤ ਫ਼ਿਲਮ "ਸਰਾਭਾ" ਬੀਤੇ ਦਿਨੀ ਦੁਨੀਆਂ ਭਰ ਦੇ ਸਿਨੇਮਾਂ ਘਰਾਂ ਵਿੱਚ ਰਿਲੀਜ਼ ਹੋਈ। ਪਰ ਅਫਸ਼ੋਸ਼ ਭਾਰਤੀ ਸ਼ੈਂਸ਼ਰ ਬੋਰਡ ਵੱਲੋਂ ਇਸ ਫ਼ਿਲਮ ਵਿੱਚ ਕੁਝ ਦ੍ਰਿਸ਼ਾ 'ਤੇ ਇਤਰਾਜ਼ ਕਰਦੇ ਹੋਏ ਰੋਕ ਲਾ ਦਿੱਤੀ ਗਈ। ਜਦ ਕਿ ਸਾਡੇ ਮੀਡੀਏ ਦੀ ਟੀਮ ਵੱਲੋਂ ਇਹ ਫਿਲਮ ਫਰਿਜ਼ਨੋ ਦੇ "ਸੀਆਰਾ ਵੈਸਟਾ ਸਿਨਮਾ" ਵਿੱਚ ਅਦਾਕਾਰ ਅਤੇ ਇਸ ਫਿਲਮ ਦੇ ਅਸਿਸਟੈਂਟ ਡਾਇਰੈਕਟਰ ਮਲਕੀਅਤ ਮੀਤ ਨਾਲ ਸਰੋਤਿਆਂ ਦੇ ਭਰੇ ਹਾਲ ਵਿੱਚ ਦੇਖੀ ਗਈ। ਇਸ ਫਿਲਮ ਵਿੱਚ ਹਰ ਪਾਤਰ ਨੇ ਬਹੁਤ ਵਧੀਆਂ ਭੂਮਿਕਾਂ ਨਿਭਾਈ ਹੈ। ਇਸ ਫਿਲਮ ਦਾ ਫਿਲਮਾਂਕਣ ਵੀ ਉਸੇ ਪੁਰਾਤਨ ਸਮੇਂ ਅਤੇ ਗਦਰ ਲਹਿਰ ਦੇ ਸਾਰੇ ਸਰੋਤਾਂ ਨੂੰ ਲੈ ਕੇ ਇਸ ਤਰ੍ਹਾਂ ਕੀਤਾ ਗਿਆ ਹੈ, ਜਿਵੇਂ ਤੁਸੀਂ ਖੁਦ ਵੀ ਇਸੇ ਲਹਿਰ ਵਿੱਚ ਸ਼ਾਮਲ ਹੋ। ਦੇਸ਼ ਪ੍ਰੇਮ ਅਤੇ ਕੁਰਬਾਨੀ ਦਾ ਜ਼ਜ਼ਬਾ ਪੈਦਾ ਕਰਨ ਵਾਲੀ ਇਸ ਫਿਲਮ ਦੇ ਮੁੱਖ ਡਾਇਰੈਕਟਰ ਕਵੀ ਰਾਜ ਹਨ। ਜੋ ਇਸ ਤੋਂ ਪਹਿਲਾਂ ਵੀ ਇਤਿਹਾਸਕ ਫ਼ਿਲਮਾਂ ਦਾ ਨਿਰਮਾਣ ਸਫਲਤਾ ਨਾਲ ਕਰ ਚੁੱਕੇ ਹਨ। ਇਸ ਫਿਲਮ ਦਾ ਨਿ-ਰਮਾਣ ਕਨੇਡਾ, ਅਮ-ਰੀਕਾ ਅਤੇ ਭਾਰਤ ਵਿੱਚ ਕੀਤਾ ਗਿਆ ਹੈ।




ਅੱਜ ਸਮੇਂ ਦੀ ਲੋੜ ਹੈ ਕਿ ਇਹੋ ਜਿਹੀਆਂ ਇਤਿਹਾਸਕ ਫ਼ਿਲਮਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਜਿਸ ਨਾਲ ਅਸੀ ਆਪਣੀ ਨਵੀ ਪੀੜੀ ਨੂੰ ਇਤਿਹਾਸ ਨਾਲ ਜੋੜਦੇ ਹੋਏ ਸਾਡੀਆਂ ਕੁਰਬਾਨੀਆਂ, ਪਿਛੋਕੜ ਅਤੇ ਸੱਭਿਆਚਾਰ ਬਾਰੇ ਦੱਸ ਸਕੀਏ।

ਦੁਨੀਆਂ ਭਰ ਵਿੱਚ ਗਦਰੀ ਬਾਬਿਆਂ ਨੂੰ ਯਾਦ ਕਰਦੇ ਹੋਏ ਸਲਾਨਾ ਮੇਲੇ ਲਾਉਣਾ ਅਤੇ ਸਰਧਾਜ਼ਲੀਆਂ ਭੇਟ ਕਰਨਾ ਚੰਗਾ ਕੰਮ ਹੈ। ਪਰ ਅੱਜ ਦੀ ਨਵੀਂ ਪੀੜੀ ਦੇ ਮੀਡੀਏ ਅਤੇ ਮਾਨਸਿਕ ਰੁਝਾਨ ਨੂੰ ਦੇਖਦੇ ਹੋਏ, ਉਨ੍ਹਾਂ ਨੂੰ ਆਪਣੇ ਪਿਛੋਕੜ ਨਾਲ ਜੋੜਨ ਅਤੇ ਇਤਿਹਾਸ ਪ੍ਰਤੀ ਜਾਗਰੂਕ ਕਰਨ ਵਿੱਚ ਇਹੋ ਜਿਹੀਆਂ ਫਿਲਮਾਂ ਬਹੁਤ ਵੱਡਾ ਯੋਗਦਾਨ ਪਾ ਸਕਦੀਆਂ ਹਨ।

ਸੋ ਸਮੁੱਚੇ ਭਾਈਚਾਰੇ ਅਤੇ ਗਦਰ ਲਹਿਰ ਨਾਲ ਸੰਬੰਧਤ ਸੰਸਥਾਵਾਂ ਨੂੰ ਇਸ ਫਿਲਮ ਦਾ ਡਟ ਕੇ ਸਮਰਥਨ ਕਰਦੇ ਹੋਏ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਇਹੋ ਜਿਹੀਆਂ ਹੋਰ ਫਿਲਮਾਂ ਦਾ ਨਿਰਮਾਣ ਵੀ ਹੋ ਸਕੇ। ਸਾਡੇ ਵੱਲੋਂ ਸੁਭ ਇੱਛਾਵਾਂ ਅਤੇ "ਸਰਾਭਾ" ਫਿਲਮ ਦੀ ਸਫਲ ਪੇਸ਼ਕਾਰੀ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

# ਜੰਗ ਦੇ ਖਾਤਮੇ ਮਗਰੋਂ ਗਾਜ਼ਾ ਪੱਟੀ ਵਿੱਚ 'ਸੁਰੱਖਿਆ ਜ਼ਿੰਮੇਵਾਰੀ' ਲਵਾਂਗੇ- ਨੇਤਨਯਾਹੂ

**ਖਾਨ ਯੂਨਿਸ (ਗਾਜ਼ਾ ਪੱਟੀ)-** ਪ੍ਰਧਾਨ ਮੰਤਰੀ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਹਮਾਸ ਨਾਲ ਜਾਰੀ ਜੰਗ ਮੁੱਕਣ ਮਗਰੋਂ ਗਾਜ਼ਾ ਵਿੱਚ ਅਣਮਿੱਥੇ ਤੌਰ 'ਤੇ 'ਮੁਕੰਮਲ ਸੁਰੱਖਿਆ ਜ਼ਿੰਮੇਵਾਰੀ' ਲੈਣ ਲਈ ਤਿਆਰ ਹੈ। ਏਬੀਸੀ ਨਿਊਜ਼ ਨੂੰ ਦਿੱਤੀ ਇੰਟਰਵਿਊ, ਜੋ ਸੋਮਵਾਰ ਰਾਤ ਨੂੰ ਪ੍ਰਸਾਰਤਿ ਕੀਤੀ ਗਈ, ਵਿੱਚ ਨੇਤਨਯਾਹੂ ਨੇ ਕਿਹਾ ਕਿ ਉਹ ਵਿਚ ਵਿਚਾਲੇ ਜੰਗ ਨੂੰ 'ਛੋਟੇ ਛੋਟੇ ਵਿਰਾਮ' ਦੇਣ ਲਈ ਵੀ ਤਿਆਰ ਹਨ ਤਾਂ ਕਿ ਗਾਜ਼ਾ ਵਿੱਚ ਰਸਦ ਤੇ ਹੋਰ ਜ਼ਰੂਰੀ ਸਪਲਾਈ ਜਾਂ ਹਮਾਸ ਵੱਲੋਂ ਅਗਵਾ ਕੀਤੇ 240 ਤੋਂ ਵੱਧ ਬੰਧਕਾਂ ਦੀ ਰਿਹਾਈ ਯਕੀਨੀ ਬਣਾਈ ਜਾ ਸਕੇ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਹਾਲਾਂਕਿ ਸਾਰੇ ਬੰਧਕਾਂ ਦੀ ਰਿਹਾਈ ਤੋਂ ਬਗੈਰ ਜੰਗਬੰਦੀ ਦੀ ਕਿਸੇ ਵੀ ਸੰਭਾਵਨਾ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਇਜ਼ਰਾਇਲੀ ਹਮਲਿਆਂ ਵਿੱਚ ਪੂਰਾ ਗਾਜ਼ਾ ਸ਼ਹਿਰ ਮਲਬੇ ਵਿੱਚ ਤਬਦੀਲ ਹੋ ਚੁੱਕਾ ਹੈ। ਗਾਜ਼ਾ ਦੇ 23 ਲੱਖ ਲੋਕਾਂ ਵਿਚੋਂ 70 ਫੀਸਦ ਆਪਣੇ ਘਰ-ਬਾਰ ਛੱਡ ਚੁੱਕੇ ਹਨ। ਇਨ੍ਹਾਂ ਵਿਚੋਂ ਬਹੁਗਿਣਤੀ ਨੇ ਦੱਖਣੀ ਹਿੱਸੇ ਵੱਲ ਕੂਚ ਕੀਤਾ, ਪਰ ਉਸ ਹਿੱਸੇ ਵਿਚ ਵੀ ਬੰਬਾਰੀ ਜਾਰੀ ਹੈ। ਇਜ਼ਰਾਇਲੀ ਫੌਜ ਦੀ ਘੇਰਾਬੰਦੀ ਕਰਕੇ ਖੁਰਾਕ, ਦਵਾਈਆਂ, ਈਂਧਣ ਤੇ ਪਾਣੀ ਦੀ ਵੱਡੀ ਕਮੀ ਹੈ। ਸੰਯੁਕਤ ਰਾਸ਼ਟਰ ਵੱਲੋਂ ਸਕੂਲਾਂ ਵਿਚ ਚਲਾਏ ਜਾ ਰਹੇ ਰੈਣ-ਬਸੇਰੇ ਲੋਕਾਂ ਨਾਲ ਨੱਕੋ-ਨੱਕ ਭਰੇ ਹਨ। ਹਮਾਸ ਦੇ ਸਿਹਤ ਮੰਤਰਾਲੇ ਮੁਤਾਬਕ ਇਜ਼ਰਾਇਲੀ ਹਮਲਿਆਂ ਵਿੱਚ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 10 ਹਜ਼ਾਰ ਨੂੰ ਟੱਪ ਗਈ ਹੈ, ਜਿਨ੍ਹਾਂ ਵਿੱਚ 4100 ਤੋਂ ਵੱਧ ਨਾਬਾਲਗ ਹਨ। 2300 ਤੋਂ ਵੱਧ ਲੋਕ ਲਾਪਤਾ ਹਨ ਤੇ ਮੰਨਿਆ ਜਾਂਦਾ ਹੈ ਕਿ ਉਹ ਖੰਡਰ ਬਣੀਆਂ ਇਮਾਰਤਾਂ ਦੇ ਮਲਬੇ ਹੇਠ ਦਫ਼ਨ ਹਨ। ਉਧਰ ਇਜ਼ਰਾਈਲ ਨੇ ਹਮਾਸ ਦੇ ਹਮਲਿਆਂ ਵਿਚ 1400 ਦੇ ਕਰੀਬ ਲੋਕਾਂ ਦੀ ਮੌਤ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਵਿਚ ਬਹੁਗਿਣਤੀ ਆਮ ਨਾਗਰਿਕ ਹਨ। ਇਜ਼ਰਾਇਲੀ ਫੌਜਾਂ ਦਾ ਸਾਰਾ ਧਿਆਨ ਇਸ ਵੇਲੇ ਗਾਜ਼ਾ ਸ਼ਹਿਰ ਸਣੇ ਉੱਤਰੀ ਗਾਜ਼ਾ ਵੱਲ ਹੈ, ਜੋ ਜੰਗ ਤੋਂ ਪਹਿਲਾਂ ਕਰੀਬ ਸਾਢੇ ਛੇ ਲੱਖ ਲੋਕਾਂ ਦਾ ਘਰ ਸੀ। ਇਸ ਦੌਰਾਨ ਇਜ਼ਰਾਈਲ ਨੇ ਨੌਜਵਾਨ ਫਲਸਤੀਨੀ ਕਾਰਕੁਨ ਅਹਿਦ ਤਮੀਮੀ ਨੂੰ ਸੋਮਵਾਰ ਵੱਡੇ ਤੜਕੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਤਮੀਮੀ, ਜੋ ਹੁਣ 22 ਸਾਲਾਂ ਦੀ ਹੈ, ਅੱਠ ਮਹੀਨੇ ਜੇਲ੍ਹ ਵਿਚ ਰਹਿਣ ਮੌਕੇ ਇਕ ਸਿਪਾਹੀ ਨੂੰ ਥੱਪੜ ਮਾਰਨ ਕਰ ਕੇ ਸੁਰਖੀਆਂ 'ਚ ਆਈ ਸੀ। ਉਧਰ ਅਮਰੀਕਾ ਦੇ ਸੀਆਈਏ ਡਾਇਰੈਕਟਰ ਵਿਲੀਅਮ ਬਰਨਜ਼ ਨੇ ਮੱਧ ਪੂਰਬ ਦੀ ਆਪਣੀ ਫੇਰੀ ਮੌਕੇ ਇੰਟੈਲੀਜੈਂਸ ਭਾਈਵਾਲਾਂ ਤੇ ਵੱਖ ਵੱਖ ਮੁਲਕਾਂ ਦੇ ਆਗੂਆਂ ਨਾਲ ਮੁਲਾਕਾਤ ਕਰਕੇ ਇਜ਼ਰਾਇਲ-ਹਮਾਸ ਜੰਗ ਬਾਰੇ ਚਰਚਾ ਕੀਤੀ। ਉਧਰ ਦੱਖਣੀ ਅਫ਼ਰੀਕਾ ਨੇ ਇਜ਼ਰਾਈਲ ਵਿਚਲੇ ਆਪਣੇ ਕੂਟਨੀਤਕ ਮਿਸ਼ਨ ਨੂੰ ਵਾਪਸ ਸੱਦ ਲਿਆ ਹੈ। ਦੱਖਣੀ ਅਫਰੀਕਾ ਨੇ ਇਜ਼ਰਾਈਲ 'ਤੇ ਗਾਜ਼ਾ ਵਿੱਚ ਨਸਲਕੁਸ਼ੀ ਦਾ ਦੋਸ਼ ਲਾਇਆ ਸੀ।

### ਗਾਜ਼ਾ ਵਿਚ ਫੌਰੀ ਜੰਗਬੰਦੀ ਹੋਵੇ- ਗੁਟੇਰੇਜ਼

ਯੂਐਨ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਗਾਜ਼ਾ ਵਿੱਚ ਫੌਰੀ ਜੰਗਬੰਦੀ ਦੀ ਇੱਛਾ ਜਤਾਈ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਗੁਟੇਰੇਜ਼ ਨੇ ਕਿਹਾ ਕਿ ਕੌਮਾਂਤਰੀ ਮਾਨਵੀ ਕਾਨੂੰਨ ਦੀ ਸ਼ਰ੍ਹੇਆਮ ਉਲੰਘਣਾ ਹੋ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਇਸ ਹਥਿਆਰਬੰਦ ਟਕਰਾਅ ਵਿਚ ਕੋਈ ਵੀ ਧਿਰ ਇਨ੍ਹਾਂ (ਮਾਨਵੀ) ਕਾਨੂੰਨਾਂ ਤੋਂ ਉਪਰ ਨਹੀਂ ਹੈ। ਯੂਐੱਨ ਮੁਖੀ ਨੇ ਸੱਦਾ ਦਿੱਤਾ ਕਿ ਹਮਾਸ ਵੱਲੋਂ ਬੰਧਕ ਬਣਾਏ ਇਜ਼ਰਾਇਲੀਆਂ ਨੂੰ ਫੌਰੀ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਉਧਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਇਜ਼ਰਾਈਲ ਤੇ ਹਮਾਸ ਵਿਚਾਲੇ ਪਿਛਲੇ ਇਕ ਮਹੀਨੇ ਤੋਂ ਜਾਰੀ ਜੰਗ ਨਾਲ ਸਬੰਧਤ ਮਤੇ 'ਤੇ ਇਕ ਵਾਰ ਫਿਰ ਸਹਿਮਤੀ ਬਣਾਉਣ ਵਿਚ ਨਾਕਾਮ ਰਹੀ ਹੈ। ਕੌਂਸਲ ਮੈਂਬਰਾਂ ਨੇ ਦੋ ਘੰਟੇ ਤੋਂ ਵੱਧ ਸਮਾਂ ਬੰਦ ਕਮਰਾ ਵਿਚਾਰ ਚਰਚਾ ਕੀਤੀ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com


ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਯੂਬਾ ਸਿਟੀ, ਕੈਲੀਫੋਰਨੀਆ ਵਿੱਚ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ-ਵੱਖ ਧਾਰਮਿਕ ਦੀਵਾਨ ਸਜਾਏ ਗਏ








**ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਸ਼ਹਿਰ ਯੂਬਾ ਸਿਟੀ ਕੈਲੀਫੋਰਨੀਆ ਵਿੱਚ ਐਤਕਾਂ 44ਵੇਂ ਵਿਸ਼ਾਲ ਨਗਰ ਕੀਰਤਨ ਅਤੇ ਧਾਰਮਿਕ ਦੀਵਾਨਾਂ ਦਾ ਆਯੋਜਿਤ ਕੀਤਾ ਗਿਆ, ਇਹ ਧਾਰਮਿਕ ਸਮਾਗਮ ਲਗਭਗ ਇੱਕ ਹਫਤੇ ਤੋਂ ਸ਼ੁਰੂ ਹੋਏ ਸਨ ਤੇ ਅੰਤ ਨਗਰ ਕੀਰਤਨ ਦੇ ਨਾਲ ਸਮਾਪਤ ਹੋ ਗਏ। ਇਹਨਾਂ ਧਾਰਮਿਕ ਦੀਵਾਨਾਂ ਦੇ ਵਿੱਚ ਕੀਰਤਨੀ ਜੱਥੇ ਕਵੀਸ਼ਰ ਰਾਗੀ ਢਾਡੀ ਤੇ ਪ੍ਰਚਾਰਕ ਪ੍ਰਚਾਰਕਾਂ ਨੇ ਗੁਰੂ ਘਰ ਦੇ ਨਾਲ ਜੋੜੀ ਰੱਖਿਆ ਜਿਨਾਂ ਦੇ ਵਿੱਚ ਵਿਸ਼ੇਸ਼ ਤੌਰ ਤੇ ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਿਮਰਨਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪਾਲ ਸਿੰਘ ਜੀ ਕਥਾਵਾਚਕ ਫਤਿਹਗੜ੍ਹ ਸਾਹਿਬ ਵਾਲੇ, ਭਾਈ ਮਹਿਲ ਸਿੰਘ ਜੀ ਕਵੀਸ਼ਰ ਜੱਥਾ ਚੰਡੀਗੜ੍ਹ ਵਾਲੇ, ਭਾਈ ਸੁਖਵਿੰਦਰ ਸਿੰਘ ਅਨਮੋਲ ਢਾਡੀ ਜੱਥਾ, ਭਾਈ ਬਿਕਰਮ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਜੂਬਾ ਸਿਟੀ ਅਤੇ ਭਾਈ ਉਮੇਸ਼ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਨੇ ਵਿਸ਼ੇਸ਼ ਤੌਰ ਹਾਜਰੀ ਭਰੀ ਤੇ ਉਹਨਾਂ ਨੇ ਅਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ਼ੁਕਰਵਾਰ ਨੂੰ ਆਤਿਸ਼ਬਾਜੀ ਕੀਤੀ ਗਈ ਉਸ ਤੋਂ ਇਲਾਵਾ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਬਦਲੇ ਗਏ ਤੇ ਰੈਣ ਸਬਾਈ ਕੀਰਤਨ ਹੋਇਆ। ਨਗਰ ਕੀਰਤਨ ਤੋਂ ਪਹਿਲਾਂ ਸ਼ਨੀਵਾਰ ਦੀ ਰਾਤ ਨੂੰ ਜਿੱਥੇ ਅਮਰੀਕਨ ਆਫੀਸਲਜ ਨੇ ਆਪਣੇ ਵਿਚਾਰ ਰੱਖੇ ਉੱਥੇ ਸਿੱਖ ਭਾਈਚਾਰੇ ਦੇ ਆਗੂਆਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ ਜਿਸ ਵਿੱਚ ਭਾਰਤ ਸਰਕਾਰ ਨਾਲ ਰੋਸ ਪ੍ਰਗਟ ਕੀਤਾ ਗਿਆ ਕਿ ਉਹਨਾਂ ਨੇ ਸਿੱਖਾਂ ਨੂੰ ਦੂਜੇ ਦਰਜੇ ਦਾ ਜਿਹੜਾ ਸਿਟੀਜਨ ਦਾ ਦਰਜਾ ਦਿੱਤਾ ਹੋਇਆ ਹੈ, ਇਥੇ ਵਿਸ਼ੇਸ ਤੌਰ ਤੇ ਹਰਦੀਪ ਸਿੰਘ ਨਿੱਜਰ ਦਾ ਜਿਕਰ ਵੀ ਹੋਇਆ। ਇਸ ਤੋਂ ਇਲਾਵਾ ਵੱਖ ਵੱਖ ਸ਼ਖਸ਼ੀਅਤਾਂ ਨੂੰ ਉਹਨਾਂ ਦੇ ਧਾਰਮਿਕ ਕੰਮਾਂ ਪ੍ਰਤੀ ਤੇ ਸਮਾਜਿਕ ਕੰਮਾਂ ਪ੍ਰਤੀ ਸਨਮਾਨਿਤ ਕੀਤਾ ਗਿਆ ਉਸ ਤੋਂ ਪਹਿਲਾਂ ਗੁਰੂ ਘਰ ਦੇ ਪ੍ਰਧਾਨ ਸਰਦਾਰ ਸਰਬਜੀਤ ਸਿੰਘ ਥਿਆੜਾ ਵੱਲੋਂ ਵੱਖ-ਵੱਖ ਰਾਗੀ ਸਿੰਘਾਂ ਕਵੀਸ਼ਰਾਂ ਤੇ ਢਾਡੀਆਂ ਦਾ ਸੋਨੇ ਦੀਆਂ ਚੈਨੀਆਂ ਨਾਲ ਆਪਣੇ ਨਿਵਾਸ ਤੇ ਸਨਮਾਨਿਤ ਵੀ ਕੀਤਾ ਗਿਆ ਸੀ। ਰਾਤ ਦੇ ਦੀਵਾਨਾਂ ਦੇ ਵਿੱਚ ਡਾਕਟਰ ਪ੍ਰਿਤਪਾਲ ਸਿੰਘ ਡਾਕਟਰ ਅਮਰਜੀਤ ਸਿੰਘ ਗੁਰੂ ਘਰ ਦੇ ਪ੍ਰਧਾਨ ਸਰਬਜੀਤ ਸਿੰਘ ਥਿਆੜਾ ਸੈਕਟਰੀ ਤਜਿੰਦਰ ਸਿੰਘ ਦੁਸਾਂਝ ਅਤੇ ਹੋਰ ਵੱਖ ਵੱਖ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਵੀ ਕੀਤਾ। ਨਗਰ ਕੀਰਤਨ ਵਾਲੇ ਦਿਨ ਸਵੇਰ ਦੇ ਦੀਵਾਨਾਂ ਦੇ ਵਿੱਚ ਵੱਖ-ਵੱਖ ਬੁਲਾਰਿਆਂ ਰਾਗੀ ਢਾਡੀ ਤੇ ਕਵੀਸ਼ਰਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਇਸ ਮੌਕੇ ਜਸਮੀਤ ਕੌਰ ਬੈਂਸ ਅਸੈਂਬਲੀ ਵੁਮੈਨ ਕੈਲੀਫੋਰਨੀਆ ਨੇ 1984 ਦੇ ਨਸਲ ਕੁਸ਼ੀ ਦੇ ਅਸੰਬਲੀ ਚ ਪਾਏ ਮਤੇ ਨੂੰ ਗੁਰਦੁਆਰੇ ਦੀ ਕਮੇਟੀ ਨੂੰ ਸੌਂਪਿਆ ਇਸ ਦੌਰਾਨ ਗੁਰੂ ਘਰ ਦੀ ਪ੍ਰਬੰਧ ਕਮੇਟੀ ਨੇ ਜਸਮੀਤ ਕੌਰ ਬੈਂਸ ਨੂੰ ਪਲੈਕ ਦੇ ਕੇ ਸਨਮਾਨਿਤ ਵੀ ਕੀਤਾ ਇਸ ਮੌਕੇ ਬੀਬੀ ਜਸਮੀਤ ਕੌਰ ਬੈਂਸ ਅਸੈਂਬਲੀ ਵੋਮਨ ਕੈਲੀਫੋਰਨੀਆ ਨੇ 1984 ਦੇ ਨਸਲ ਕੁਸ਼ੀ ਦੇ ਸੰਬੰਧ ਵਿੱਚ ਆਪਣੇ ਵਿਚਾਰ ਰੱਖੇ ਤੇ ਉਹਨਾਂ ਨੇ ਹਮੇਸ਼ਾ ਸਿੱਖ ਕੌਮ ਦੀਆਂ ਮੁਸ਼ਕਲਾਂ ਦਾ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਵਾਅਦਾ ਵੀ ਕੀਤਾ ਉਹਨਾਂ ਕਿਹਾ ਉਹ ਹਮੇਸ਼ਾ ਹੀ ਆਪਣੇ ਭਾਈਚਾਰੇ ਨਾਲ ਖੜੇ ਰਹਿਣਗੇ। ਅੱਜ ਨਗਰ ਕੀਰਤਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਇੱਕ ਵੱਡੇ ਸੁੰਦਰ ਫਲੋਟ ਵਿੱਚ ਸਜਾ ਕੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਕੱਢਿਆ ਗਿਆ। ਇਸ ਦੌਰਾਨ ਸਿਕਿਉਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ ਜਿਸ ਵਿੱਚ ਸੈਰਫ,ਪ੍ਰਾਈਵੇਟ ਸਿਕਿਉਰਟੀ ਵਲੰਟੀਅਰ ਆਦਿ ਸ਼ਾਮਿਲ ਸਨ। ਐਤਕਾਂ ਵੀ ਵੱਖ ਵੱਖ ਦੂਸਰੇ ਭਾਈਚਾਰਿਆਂ ਦੇ ਲੋਕ ਵੀ ਇਸ ਨਗਰ ਕੀਰਤਨ ਵਿੱਚ ਦੇਖੇ ਗਏ ਜਿਹਨਾਂ ਵਿੱਚ ਗੋਰੇ ਕਾਲੇ ਚੀਨੇ, ਫਲਪੀਨੋ ਭਾਈਚਾਰੇ ਦੇ ਲੋਕਾਂ ਨੇ ਵਿਸ਼ੇਸ਼ ਤੌਰ ਤੇ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਸੈਂਕੜੇ ਤਰ੍ਹਾਂ ਦੇ ਵੱਖ ਵੱਖ ਲੰਗਰਾਂ ਦਾ ਸੰਗਤਾਂ ਨੇ ਸਵਾਦ ਚੱਖਿਆ। ਇਸ ਵਿਸ਼ਾਲ ਨਗਰ ਕੀਰਤਨ ਵਿੱਚ ਇਕ ਲੱਖ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ ਜੋ ਕਿ ਪਿਛਲੇ ਸਾਲ ਨਾਲੋਂ ਅਧਿਕ ਸੀ। ਐਤਕਾਂ ਇਸ ਨਗਰ ਕੀਰਤਨ ਵਿੱਚ 2020 ਰੈਫਰੈਂਡਮ ਜੋ ਕਿ 28 ਨਵੰਬਰ ਨੂੰ ਸੈਨ ਫਰਾਂਸਸਕੋ ਵਿੱਚ ਹੋਣ ਜਾ ਰਿਹਾ ਹੈ ਦਾ ਬੋਲਬਾਲਾ ਰਿਹਾ ਇਸ ਤੋਂ ਇਲਾਵਾ ਵੱਡੇ ਵੱਡੇ ਡਿਸਪਲੇ ਦੇਖੇ ਗਏ ਜੋ ਕਿ ਅਮਰੀਕਾ ਵਿੱਚ ਪਹਿਲੀ ਵਾਰ ਲਗਾਏ ਗਏ ਸਨ। ਨਗਰ ਕੀਰਤਨ ਦੇ ਮੁੱਖ ਫਲੋਟ ਤੋਂ ਬਗੈਰ ਬਾਕੀ ਵੱਖ-ਵੱਖ ਫਲੋਟਾਂ ਵਿੱਚ ਸ੍ਰੀ ਦਰਬਾਰ ਸਾਹਿਬ, 1984 ਦੇ ਕਤਲੇਆਮ ਸਿੱਖ ਏਡਜ ਅਮਰੀਕਾ, ਵਰਲਡ ਸਿੱਖ ਫੈਡਰੇਸ਼ਨ ਅਮਰੀਕਾ, ਸਿੱਖ ਕੌਂਸਲ, ਸਰਦਾਰ ਹਰੀ ਸਿੰਘ ਨਲੂਆ, ਸਿੱਖ ਕੋਲੀਸ਼ਨ ਸਿੱਖ ਨਸਲਕੁਸ਼ੀ ਦੇ ਫਲੋਟਾਂ ਤੋਂ ਬਗੈਰ ਸਟਾਲ ਵੀ ਲਗਾਏ ਹੋਏ ਸਨ ਦੂਸਰੇ ਪਾਸੇ ਸਿੱਖਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਆਰੰਭੇ ਗਏ ਪ੍ਰੋਜੈਕਟਾਂ ਬਾਰੇ ਦਾਨ ਮੰਗਣ ਵਾਲਿਆਂ ਦੀ ਵੀ ਗਿਣਤੀ ਘੱਟ ਨਹੀਂ ਸੀ। ਬਾਅਦ ਦੁਪਹਿਰ ਕੁਝ ਸਿਰ ਫਿਰਿਆਂ ਵੱਲੋਂ ਆਪਸ ਵਿੱਚ ਝਗੜਾ ਵੀ ਕੀਤਾ ਗਿਆ ਇਸ ਦੌਰਾਨ ਤੁਰੰਤ ਕਾਰਵਾਈ ਕਰਦਿਆਂ ਇਸ ਝਗੜੇ ਨੂੰ ਵਧਣ ਤੋਂ ਰੋਕ ਦਿੱਤਾ, ਪਰ ਇਹਨਾਂ ਸ਼ਰਾਰਤੀ ਤੱਤਾਂ ਪ੍ਰਤੀ ਸੰਗਤ ਵਿੱਚ ਡਾਢਾ ਗੁੱਸਾ ਸੀ। ਸੰਗਤ ਵਿੱਚੋਂ ਕੁਝ ਸੂਝਵਾਨ ਲੋਕਾਂ ਨੇ ਇਸ ਗੱਲ ਦੀ ਮੰਗ ਨੂੰ ਦੁਹਰਾਇਆ ਕਿ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਜਿਹੜੀ ਸੜਕ ਹੈ ਉਸਦਾ ਗੁਰਦੁਆਰਾ ਸਾਹਿਬ ਦਾ ਨਾਂ ਰੱਖਿਆ ਜਾਵੇ ਤੇ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੜਕ ਚਾਰ ਮਾਰਗੀ ਬਣਾਈ ਜਾਵੇ ਤਾਂ ਜੋ ਨਗਰ ਕੀਰਤਨ ਦੌਰਾਨ ਸੰਗਤ ਨੂੰ ਆਉਣ ਜਾਣ ਦੀ ਤਕਲੀਫ ਨਾ ਹੋਵੇ। ਸੰਗਤ ਵਿੱਚ ਇਹ ਵੀ ਖਿਆਲ ਰੱਖਿਆ ਗਿਆ ਕਿ ਹਰ ਸਾਲ ਗੁਰੂ ਘਰ ਵਿੱਚ ਮਤੇ ਪਾਏ ਜਾਣ ਤੇ ਉਹ ਸਾਰਾ ਸਾਲ ਉਹਨਾਂ ਮਤਿਆ ਤੇ ਕੰਮ ਹੋਵੇ ਬੇਸ਼ਰਤੇ ਸਿਰਫ ਨਗਰ ਕੀਰਤਨ ਤੇ ਲੰਗਰਾਂ ਦਾ ਹੀ ਪ੍ਰਬੰਧ ਨਾ ਹੋਵੇ।





## ਅਮਰੀਕਾ ਵਿਚ ਖਤਰੇ ਦੇ ਮੱਦੇਨਜਰ ਕਈ ਯਹੂਦੀ ਹਥਿਆਰ ਖਰੀਦਣ ਤੇ ਹਥਿਆਰ ਚਲਾਉਣ ਦੀ ਸਿਖਲਾਈ ਲੈਣ ਲੱਗੇ



**ਸੈਕਰਾਮੈਂਟੋ, ਕੈਲੀਫੋਰ-ਨੀਆ–** ਗਾਜ਼ਾ ਪੱਟੀ ਵਿਚ ਇਸਰਾਈਲ ਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਦੇ ਮੱਦੇਨਜਰ ਅਮਰੀਕਾ ਵਿਚ ਯਹੂਦੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ ਜਿਸ ਕਾਰਨ ਯਹੂਦੀ ਆਪਣੀ ਜਾਨ ਨੂੰ ਖਤਰਾ ਮਹਿਸੂਸ ਕਰ ਰਹੇ ਹਨ। ਐਂਟੀ ਡੈਫਾਮੇਸ਼ਨ ਲੀਗ ਅਨੁਸਾਰ ਇਸਰਾਈਲ ਤੇ ਫਲਸਤੀਨੀ ਅੱਤਵਾਦੀ ਗਰੁੱਪ ਹਮਾਸ ਵਿਚਾਲੇ ਜੰਗ ਦੇ ਪਹਿਲੇ 3 ਹਫਤਿਆਂ ਦੌਰਾਨ ਸਮੁੱਚੇ ਅਮਰੀਕਾ ਵਿਚ ਯਹੂਦੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਸਮੇਤ ਹਮਲਿਆਂ ਦੀਆਂ 312 ਘਟਨਾਵਾਂ ਵਾਪਰੀਆਂ ਹਨ ਜਿਸ ਕਾਰਨ ਯਹੂਦੀਆਂ ਵਿਚ ਅਸੁਰੱਖਿਆ ਦੀ ਭਾਵਨਾ ਵਧੀ ਹੈ। ਹਾਲ ਹੀ ਵਿਚ ਗੰਨ ਰੇਂਜ ਆਪਰੇਟਰਜ, ਫਾਇਰ ਆਰਮਜ ਇੰਸਟਰਕਟਰਜ ਤੇ ਯਹੂਦੀਆਂ ਨਾਲ ਇਕ ਚੈਨਲ ਵੱਲੋਂ ਕੀਤੀ ਇੰਟਰਵਿਊ ਵਿਚ ਖੁਲਾਸਾ ਹੋਇਆ ਹੈ ਕਿ ਯਹੂਦੀਆਂ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਬਹੁਤ ਸਾਰੇ ਯਹੂਦੀ ਨੌਜਵਾਨ ਹਥਿਆਰ ਖਰੀਦਣ ਤੇ ਹਥਿਆਰ ਚਲਾਉਣ ਦੀ ਸਿਖਲਾਈ ਲੈਣ ਵਿਚ ਦਿਲਚਸਪੀ ਲੈਣ ਲੱਗੇ ਹਨ ਤਾਂ ਜੋ ਉਹ ਆਪਣੇ ਪਰਿਵਾਰ ਤੇ ਭਾਈਚਾਰੇ ਦੀ ਰਾਖੀ ਕਰ ਸਕਣ।

ਦੇਸ਼ ਦੁਆਬਾ

# ਪੰਜ ਸੂਬਿਆਂ ਦੀਆਂ ਚੋਣਾਂ ਅਤੇ ਪ੍ਰਦੂਸ਼ਣ

ਭਾਰਤ ਵਿਚ ਲੋਕ ਸਭਾ ਚੋਣਾਂ ਦੀਆਂ ਸੈਮੀ-ਫਾਈਨਲ ਮੰਨੀਆਂ ਜਾਣ ਵਾਲੀਆਂ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਚੱਲ ਰਹੀਆਂ ਹਨ। ਇਹਨਾਂ ਚੋਣਾਂ ਵਿਚ ਅਨੁਮਾਨਾਂ ਤੋਂ ਉਲਟ ਕਿਸੇ ਵੀ ਪਾਰਟੀ ਦੀ ਜਿੱਤ ਦੀ ਗਰੰਟੀ ਹੁਣ ਤੱਕ ਕਿਸੇ ਵੀ ਸੂਬੇ ਵਿਚ ਨਹੀਂ ਦਿੱਤੀ ਜਾ ਰਹੀ। ਇਹਨਾਂ ਚੋਣ ਨਤੀਜਿਆਂ ਵਿਚ ਜਿਸ ਤਰ੍ਹਾਂ ਵੋਟਰਾਂ ਦੀ ਰਾਏ ਵੰਡੀ ਨਜ਼ਰ ਆ ਰਹੀ ਹੈ, ਉਸ ਤੋਂ ਅਜਿਹਾ ਅਨੁਮਾਨ ਲਗਾਉਣਾ ਮੁਸ਼ਕਿਲ ਨਹੀਂ ਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਵੀ ਵੋਟਰਾਂ ਦੀ ਰਾਏ ਕਿਸੇ ਇਕ ਪਾਸੇ ਜਾਂਦੀ ਨਜ਼ਰ ਨਹੀਂ ਆਵੇਗੀ।

ਇੱਧਰ ਉਤਰੀ ਭਾਰਤ ਵਿਚ ਅੱਜਕਲ੍ਹ ਪ੍ਰਦੂਸ਼ਣ ਵੱਡੀ ਸਮੱਸਿਆ ਬਣ ਚੁੱਕਾ ਹੈ। ਜੰਗਲਾਂ ਹੇਠ ਰਕਬਾ ਵਧਾਏ ਜਾਣ ਸਬੰਧੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਦਿੱਲੀ ਹਾਈਕੋਰਟ ਨੇ ਇਹ ਗੱਲ ਧਿਆਨ ਵਿਚ ਆਉਣ ਉੱਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਕਿ ਦਿੱਲੀ ਵਿਚ ਤਿੰਨਾਂ 'ਚੋਂ ਇਕ ਬੱਚਾ ਹਵਾ ਪ੍ਰਦੂਸ਼ਣ ਕਾਰਨ ਦਮੇ ਦੀ ਬਿਮਾਰੀ ਜਾਂ ਫੇਫੜਿਆਂ ਵਿਚ ਹਵਾ ਦੇ ਵਹਾਅ ਦੀ ਰੁਕਾਵਟ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਹਾਈਕੋਰਟ ਨੇ ਹਵਾ ਪ੍ਰਦੂਸ਼ਣ ਵਿਚ ਸੁਧਾਰ ਦੀ ਜ਼ਿੰਮੇਵਾਰੀ ਅਧਿਕਾਰੀਆਂ ਸਿਰ ਪਾਉਂਦਿਆਂ ਖ਼ਬਰਦਾਰ ਕੀਤਾ ਕਿ ਜੇ ਦਿੱਲੀ ਵਿਚ ਜੰਗਲਾਤ ਦੀ 300 ਏਕੜ ਜ਼ਮੀਨ ਉੱਤੇ ਨਾਜਾਇਜ਼ ਕਬਜ਼ਿਆਂ ਦੇ ਮਾਮਲੇ ਨੂੰ (ਵਾਤਾਵਰਨ ਬਹਾਲੀ ਰਾਹੀਂ) ਨਜਿੱਠਿਆ ਨਾ ਗਿਆ ਤਾਂ ਅਦਾਲਤ ਵੱਲੋਂ ਸਬੰਧਤ ਅਫ਼ਸਰਾਂ ਖਿਲਾਫ਼ ਅਦਾਲਤੀ ਮਾਣਹਾਨੀ ਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ, ਜੰਗਲਾਤ ਦੀ ਜ਼ਮੀਨ ਉੱਤੇ ਨਾਜਾਇਜ਼ ਕਬਜ਼ਿਆਂ ਨੇ ਦਿੱਲੀ ਵਾਸੀਆਂ ਨੂੰ ਸਾਫ਼ ਤੇ ਤਾਜ਼ਾ ਹਵਾ ਤੋਂ ਵਾਂਝੇ ਕਰਨ ਵਿਚ ਵੱਡਾ ਹਿੱਸਾ ਪਾਇਆ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਸਰਕਾਰਾਂ, ਵਿਚਾਰ-ਵਟਾਂਦਰੇ ਦੇ ਮੰਚ ਤੇ ਲੋਕ ਇਸ ਬਾਰੇ ਚਰਚਾ ਉਦੋਂ ਕਰਦੇ ਹਨ ਜਦੋਂ ਹਵਾ ਦੀ ਹਾਲਤ 'ਬਹੁਤ ਮਾੜੀ' ਹੋ ਜਾਣ ਕਾਰਨ ਸਾਹ ਲੈਣਾ ਔਖਾ ਹੋ ਜਾਂਦਾ ਹੈ ਪਰ ਸਥਿਤੀ ਵਿਚ ਕੁਝ ਸੁਧਾਰ ਆਉਣ ਨਾਲ ਇਸ ਨੂੰ ਭੁਲਾ ਦਿੱਤਾ ਜਾਂਦਾ ਹੈ। ਪ੍ਰਦੂਸ਼ਣ 'ਤੇ ਕਾਬੂ ਪਾਉਣ ਲਈ ਗੰਭੀਰ ਯਤਨ ਕਰਨ ਦੀ ਜ਼ਰੂਰਤ ਹੈ। ਵਰਣਨਯੋਗ ਹੈ ਕਿ ਉੱਤਰੀ ਭਾਰਤ ਦੇ ਹੋਰ ਅਨੇਕਾਂ ਸ਼ਹਿਰਾਂ ਦੇ ਵਸਨੀਕ ਵੀ ਬਦ ਤੋਂ ਬਦਤਰ ਹਵਾ ਵਿਚ ਸਾਹ ਲੈ ਰਹੇ ਹਨ। ਸੀਪੀਸੀਬੀ ਵੱਲੋਂ ਬੁੱਧਵਾਰ ਨੂੰ ਜਾਰੀ ਅੰਕੜਿਆਂ ਮੁਤਾਬਿਕ ਸੱਤ ਸ਼ਹਿਰਾਂ ਦੀ ਹਵਾ ਦੇ ਮਿਆਰ ਸੂਚਕ ਅੰਕ ਦਿੱਲੀ (ਹਵਾ ਪ੍ਰਦੂਸ਼ਣ 364) ਤੋਂ ਕਿਤੇ ਮਾੜਾ ਸੀ। ਰਾਜਸਥਾਨ ਦਾ ਹਨੂੰਮਾਨਗੜ੍ਹ ਕਸਬਾ 414 ਸੂਚਕ ਅੰਕ (ਏਕਿਊਆਈ) ਨਾਲ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਪਾਇਆ ਗਿਆ ਜਿਸ ਤੋਂ ਬਾਅਦ ਹਰਿਆਣਾ ਦੇ ਫਤਿਆਬਾਦ (410) ਅਤੇ ਹਿਸਾਰ (403) ਆਉਂਦੇ ਹਨ। ਦੇਖਣ ਵਿਚ ਆਇਆ ਕਿ ਦਿੱਲੀ, ਪੰਜਾਬ, ਹਰਿਆਣਾ ਅਤੇ ਅੱਧੇ ਪੱਛਮੀ ਰਾਜਸਥਾਨ ਦੀ ਹਵਾ ਦੇ ਮਿਆਰ/ਗੁਣਵੱਤਾ ਵਾਲਾ ਸੂਚਕ ਅੰਕ (ਹਵਾ ਪ੍ਰਦੂਸ਼ਣ) 'ਮਾੜਾ', 'ਬਹੁਤ ਮਾੜਾ' ਜਾਂ 'ਗੰਭੀਰ' ਦੇ ਵਰਗ ਵਿਚ ਸੀ। ਉੱਤਰੀ ਭਾਰਤ ਬੀਤੇ ਕੁਝ ਦਹਾਕਿਆਂ ਤੋਂ ਦਮਾ, ਖਾਂਸੀ, ਅੱਖਾਂ ਵਿਚੋਂ ਪਾਣੀ ਵਗਣ ਅਤੇ ਸਾਹ ਲੈਣ ਨਾਲ ਸਬੰਧਿਤ ਸਮੱਸਿਆਵਾਂ ਰਾਹੀਂ ਹਵਾ ਪ੍ਰਦੂਸ਼ਣ ਦੀ ਮਾਰ ਝੱਲ ਰਿਹਾ ਹੈ। ਆਖ਼ਰ ਅਜਿਹਾ ਕਦੋਂ ਤੱਕ ਜਾਰੀ ਰਹੇਗਾ?

ਪ੍ਰਦੂਸ਼ਣ ਕਾਰਨ ਭਾਰਤ ਵਿਚ ਹਰ ਸਾਲ 8 ਲੱਖ ਲੋਕੀ ਜਾਨ ਗੁਆ ਲੈਂਦੇ ਹਨ ਅਤੇ ਇਸ ਤੋਂ 10 ਗੁਣਾਂ ਜ਼ਿਆਦਾ ਸਾਹ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਹੁੰਦੇ ਹਨ। ਖੇਤੀਬਾੜੀ ਵੀ ਭਾਰਤ ਲਈ ਸਭ ਤੋਂ ਵੱਡਾ ਗੁਜ਼ਾਰੇ ਦਾ ਸਾਧਨ ਹੈ ਪਰ ਜੇਕਰ ਇਸ ਦੇ ਕਾਰਨ ਲੋਕਾਂ ਨੂੰ ਸਾਹ ਹੀ ਨਹੀਂ ਆਉਂਦਾ ਤਾਂ ਜ਼ਰੂਰ ਸੋਚਣ ਦੀ ਲੋੜ ਹੈ। ਸਭ ਤੋਂ ਵੱਧ ਸਹਿਯੋਗ ਆਮ ਲੋਕਾਂ ਨੂੰ ਦੇਣਾ ਬਣਦਾ ਹੈ ਕਿਉਂਕਿ ਅੱਗ ਲਗਾਉਣੀ ਬੜੀ ਆਸਕਨ ਹੈ ਪਰ ਮਨੁੱਖਤਾ ਉਪਜਾਉਣੀ ਬੜੀ ਮੁਸ਼ਕਿਲ ਹੈ।

# ਵਿਰੋਧੀਆਂ ਦਾ ਚੀਰਹਰਨ ਕਰਨ ਦੀ ਬਜਾਏ ਭਗਵੰਤ ਮਾਨ ਨੂੰ ਖੁਦ ਕੰਮ ਕਰਕੇ ਦਿਖਾਉਣ ਦੀ ਲੋੜ



ਮਨਦੀਪ ਖੁਰਮੀ ਹਿੰਮਤਪੁਰਾ
(ਸਕਾਟਲੈਂਡ)
+44 75191 12312

ਸਿਆਸਤਦਾਨਾਂ ਦੀਆਂ ਕੁਚਾਲਾਂ ਦਾ ਝੰਬਿਆ, ਝੰਜੋੜਿਆ, ਬੇਉਮੀਦਾ ਪੰਜਾਬ ਹਰ ਪੰਜ ਸਾਲ ਬਾਅਦ ਇਸ ਉਮੀਦ ਨਾਲ 'ਬਦਲਾਅ' ਲਈ ਹੱਥ ਕਰੋਲੇ ਮਾਰਦੈ ਕਿ ਸ਼ਾਇਦ ਮੁੜ ਪੈਰਾਂ ਸਿਰ ਹੋ ਜਾਵੇ। ਪਰ ਹਰ ਵਾਰ ਸੱਤਾਧਾਰੀ ਧਿਰ ਕੋਲੋਂ ਨਾਮੋਸ਼ ਹੋ ਜਾਂਦੈ। ਕਾਂਗਰਸ ਤੇ ਅਕਾਲੀਆਂ ਦੀ ਬੰਨ੍ਹੀ ਹੋਈ ਵਾਰੀ ਅਤੇ ਆਪਹੁਦਰੇ ਫੈਸਲਿਆਂ ਤੋਂ ਦੁਖੀ ਹੋ ਕੇ ਪੰਜਾਬ ਦੇ ਲੋਕਾਂ ਨੇ ਆਪ ਆਦਮੀ ਪਾਰਟੀ ਨੂੰ ਵੱਡੇ ਬਹੁਮਤ ਨਾਲ ਜਿਤਾਇਆ। ਉਹ ਗੱਲ ਵੱਖਰੀ ਹੈ ਕਿ ਕੁਝ ਲੋਕ ਇਸ ਪਾਰਟੀ ਨੂੰ "ਬੀ ਟੀਮ" ਦੱਸਦੇ ਆ ਰਹੇ ਹਨ। ਈਵੀਐੱਮ ਦੀ ਕਰਾਮਾਤ ਨੂੰ ਮੰਨਣ ਵਾਲਿਆਂ ਦਾ ਇਹ ਵੀ ਮੰਨਣਾ ਹੈ ਕਿ ਬਦਲਾਅ ਬਦਲਾਅ ਬਦਲਾਅ ਦਾ ਰਾਗ ਅਲਾਪ ਕੇ ਲੋਕਾਂ ਨੂੰ ਇਹ ਪੱਕਾ ਅਹਿਸਾਸ ਕਰਵਾਇਆ ਗਿਆ ਕਿ ਇਹ ਕਰਾਮਾਤੀ ਬਦਲਾਅ ਸੀ ਤਾਂ ਕਿ ਜਦੋਂ ਦੇਸ਼ ਦੀ ਸਰਕਾਰ ਚੁਣਨ ਦਾ ਵੇਲਾ ਆਵੇ ਤਾਂ ਲੋਕ ਈਵੀਐੱਮ ਰਾਹੀਂ ਘਪਲੇਬਾਜ਼ੀ ਦਾ ਦੋਸ਼ ਲਾਉਣ ਜੋਕਰੇ ਨਾ ਰਹਿਣ। ਉਦੋਂ ਜੇਤੂ ਰਥ ਵਾਲੇ ਇਹ ਕਹਿਣ ਲਈ ਪਾਬੰਦ ਹੋਣਗੇ ਕਿ ਜਦੋਂ ਪੰਜਾਬ 'ਚ 92 ਸੀਟਾਂ ਆਈਆਂ ਤਾਂ ਉਹ ਬਦਲਾਅ ਸੀ ਤੇ ਹੁਣ ਸਾਡੇ ਵਾਰੀ ਈਵੀਐੱਮ ਦਾ ਰੌਲਾ ਕਿਉਂ?

ਇਸ ਸਭ ਕੁਝ ਤੋਂ ਪਾਸੇ ਹੋ ਕੇ ਸੋਚੀਏ ਤਾਂ ਕਾਂਗਰਸ ਤੇ ਅਕਾਲੀਆਂ ਨੂੰ ਨਕਾਰਨ ਪਿੱਛੇ ਲੋਕਾਂ ਵਿੱਚ ਬੇਅਦਬੀਆਂ ਦਾ ਇਨਸਾਫ ਨਾ ਮਿਲਣਾ, ਬੇਰੁਜ਼ਗਾਰੀ ਦੀ ਇੰਤਹਾ, ਨਸ਼ੇ ਦੇ ਆਏ ਹੜ੍ਹ, ਸਰਕਾਰੀ ਅਦਾਰਿਆਂ ਦੇ ਸਮਾਨਾਂਤਰ ਸਿਆਸਤਦਾਨਾਂ ਦੇ ਆਪਣੇ ਕਾਰੋਬਾਰ, ਸਿੱਖਿਆ ਖੇਤਰ ਦਾ ਬੇੜਾ ਗਰਕ ਕਰਨ ਵਰਗੀਆਂ ਦਲੀਲਾਂ ਸਮੇਤ ਹੋਰ ਵੀ ਬਹੁਤ ਸਾਰੇ ਮੁੱਦੇ ਸਨ, ਜਿਹਨਾਂ ਕਰਕੇ ਆਮ ਆਦਮੀ ਪਾਰਟੀ ਵਿਰੋਧੀ ਧਿਰ ਤੋਂ ਬਾਅਦ ਇੱਕਦਮ ਵੱਡੀ ਛਾਲ ਮਾਰ ਕੇ ਸੱਤਾ ਦੇ ਤਖਤ 'ਤੇ ਬਿਰਾਜਮਾਨ ਹੋ ਗਈ। ਹਾਲਾਂਕਿ 2017 ਵੇਲੇ ਆਮ ਆਦਮੀ ਪਾਰਟੀ ਦਾ ਬੁਖਾਰ ਲੋਕਾਂ ਦੇ ਸਿਰ ਨੂੰ ਧਤੂਰੇ ਦੇ ਨਸ਼ੇ ਵਾਂਗ ਚੜ੍ਹਿਆ ਹੋਇਆ ਸੀ। ਲੋਕ ਆਪ ਮੁਹਾਰੇ ਧੜਾਧੜ ਪਾਰਟੀ ਫੰਡ ਦੇ ਰਹੇ ਸਨ। "ਜਿੱਤ ਪੱਕੀ, ਐਲਾਨ ਹੋਣਾ ਬਾਕੀ" ਦੇ ਨਾਅਰੇ ਮਾਰਦੇ ਵਿਦੇਸ਼ਾਂ 'ਚ ਵਸਦੇ ਪੰਜਾਬੀ ਪੰਜਾਬ ਨੂੰ ਜਹਾਜ਼ਾਂ ਦੇ ਜਹਾਜ਼ ਭਰ ਕੇ ਆਏ ਸਨ। ਏਅਰਪੋਰਟ 'ਤੇ ਢੋਲ ਵੱਜਦੇ ਸੁਣਾਈ ਦਿੰਦੇ ਸਨ, ਪ੍ਰਵਾਸੀ ਪੰਜਾਬੀ ਆਪੋ ਆਪਣੇ ਪਿੰਡਾਂ ਰਿਸ਼ਤੇਦਾਰੀਆਂ 'ਚ ਪ੍ਰਚਾਰ ਕਰ ਰਹੇ ਸਨ। ਉਸ ਅੰਧਾਧੁੰਦ ਪ੍ਰਚਾਰ ਦੀ ਲਹਿਰ ਦੌਰਾਨ ਇਹ ਭਾਸਦਾ ਸੀ ਕਿ ਸ਼ਾਇਦ ਇਹ ਕਰਾਮਾਤ ਹੀ ਨਾ ਹੋ ਜਾਵੇ ਕਿ ਵਿਰੋਧੀ ਪਾਰਟੀਆਂ ਖਾਤਾ ਵੀ ਨਾ ਖੋਲ੍ਹ ਸਕਣ।



ਪਰ ਹੋਇਆ ਇਹ ਕਿ ਆਮ ਆਦਮੀ ਪਾਰਟੀ 20 ਸੀਟਾਂ ਹੀ ਲੈ ਸਕੀ। ਵਿਰੋਧੀ ਧਿਰ 'ਚ ਹੁੰਦਿਆਂ ਪਾਰਟੀ ਵੱਲੋਂ ਆਪਣੇ ਹੀ ਨੇਤਾਵਾਂ ਖਿਲਾਫ ਬੇਸਿਰ ਪੈਰ ਦੇ ਇਲਜ਼ਾਮ (ਸੁੱਚਾ ਸਿੰਘ ਛੋਟੇਪੁਰ, ਡਾ: ਧਰਮਵੀਰਾ ਗਾਂਧੀ, ਗੁਰਪ੍ਰੀਤ ਘੁੱਗੀ ਤੇ ਹੋਰ ਉਦਾਹਰਣ ਹਨ), ਆਪਹੁਦਰੇਪਣ ਕਰਕੇ ਪ੍ਰਵਾਸੀ ਪੰਜਾਬੀਆਂ ਨੂੰ ਇਹ ਮਹਿਸੂਸ ਹੋਣ ਲੱਗਾ ਕਿ ਉਹ ਪਾਰਟੀ 'ਚ ਸਭ ਕੁਝ ਠੀਕ ਨਹੀਂ ਹੈ। ਸਿਰਫ ਪੁਰਾਣੇ ਵਰਕਰ ਹੀ ਪਿਛਾਂਹ ਨਹੀਂ ਹਟੇ ਸਗੋਂ 2022 ਦੀਆਂ ਚੋਣਾਂ ਮੌਕੇ ਪ੍ਰਵਾਸੀ ਪੰਜਾਬੀਆਂ ਦੇ ਭਰੇ ਜਹਾਜ ਤਾਂ ਛੱਡੋ, ਕੋਈ ਤਿੰਨ ਪਹੀਆ ਟੈਂਪੂ ਵੀ ਨਜ਼ਰ ਨਾ ਆਇਆ। ਢੋਲਾਂ ਦੇ ਡੱਗੇ ਤਾਂ ਦੂਰ, ਡਫਲੀ ਦੀ ਡੱਫ ਡੱਫ ਵੀ ਨਾ ਸੁਣੀ ਪਰ ਕ੍ਰਿਸ਼ਮਾ ਇਹ ਹੋਇਆ ਕਿ ਪੰਜਾਬ ਦੀ ਸਿਆਸਤ ਦੇ ਧਨੰਤਰਾਂ ਆਮ ਘਰਾਂ ਦੇ ਮੁੰਡੇ ਕੁੜੀਆਂ ਨੇ ਹਰਾ ਕੇ ਘਰੀਂ ਬਿਠਾ ਦਿੱਤਾ।

ਸਰਕਾਰ ਦਾ ਮਹਿਜ ਇੱਕ ਸਾਲ ਪੂਰਾ ਹੋਣ 'ਤੇ ਹੀ ਲੋਕ ਸਵਾਲ ਕਰ ਰਹੇ ਹਨ ਕਿ ਜਿਹੜੇ ਮੁੱਦਿਆਂ ਦੇ ਸਿਰ 'ਤੇ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਰਕਾਰ ਬਣਾਈ, ਉਹਨਾਂ ਨੂੰ ਹੱਲ ਕਰਨ ਲਈ ਤਾਂ ਸੇਰ ਵਿੱਚੋਂ ਪੂਣੀ ਵੀ ਨਹੀਂ ਕੱਤੀ? ਹਾਂ, ਇਸ਼ਤਿਹਾਰਾਂ ਫਲੈਕਸਾਂ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਦੇ ਦੀਦਾਰੇ ਹਰ ਗਲੀ ਮੁਹੱਲੇ, ਸੜਕਾਂ 'ਤੇ ਜ਼ਰੂਰ ਹੋ ਰਹੇ ਹਨ। ਮਰਹੂਮ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਐਂਬੂਲੈਂਸਾਂ, ਸਾਈਕਲਾਂ 'ਤੇ ਲੱਗੀਆਂ ਤਸਵੀਰਾਂ ਦਾ ਮਜ਼ਾਕ ਉਡਾਉਣ ਵਾਲੇ ਭਗਵੰਤ ਮਾਨ ਨੂੰ ਹਰ ਜਗ੍ਹਾ ਆਪਣੀਆਂ ਤਸਵੀਰਾਂ ਲਗਵਾਉਣ ਦਾ ਅਜਿਹਾ ਝੱਲ ਚੜ੍ਹਿਆ ਹੋਇਆ ਹੈ ਕਿ ਉਹ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਪਿੱਛੇ ਛੱਡ ਗਏ ਹਨ। 1 ਨਵੰਬਰ 2023 ਪੰਜਾਬ ਦਿਹਾੜੇ 'ਤੇ "ਮੈਂ ਪੰਜਾਬ ਬੋਲਦਾ ਹਾਂ" ਦੇ ਨਾਮ ਹੇਠ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖੁਦ ਨਾਲ ਖੁਦ ਦੀ ਬਹਿਸ ਕਰਕੇ ਜੋ ਹੋਛੇਪਣ ਦਾ ਮੁਜਾਹਰਾ ਕੀਤਾ ਗਿਆ, ਉਹ ਬਹਿਸ ਦਾ ਮੁੱਢ ਬੱਝਣ ਦੀ ਬਜਾਏ ਰਾਹ ਬੰਦ ਕਰਨ ਵਾਲਾ ਜ਼ਰੂਰ ਜਾਪਦਾ ਹੈ। ਪਹਿਲੀ ਗੱਲ ਤਾਂ ਇਹ ਕਿ ਖੇਤੀਬਾੜੀ ਯੂਨੀਵਰਸਿਟੀ ਬਹਿਸ ਦਾ ਸਥਾਨ ਨਹੀਂ, ਅਸਲ ਬਹਿਸ ਦਾ ਸਥਾਨ ਤਾਂ ਵਿਧਾਨ ਸਭਾ ਹੈ। ਦੂਜੀ ਗੱਲ ਜੇਕਰ ਤੁਸੀਂ ਪਿਛਲੀਆਂ ਸਰਕਾਰਾਂ ਦੇ ਜ਼ਿੰਮੇਵਾਰ ਸਿਆਸਤਦਾਨਾਂ ਨੂੰ ਉਹਨਾਂ ਦੇ ਕੀਤੇ ਕਾਰਨਾਮਿਆਂ ਬਾਰੇ ਸਵਾਲ ਕਰਨ ਲਈ ਮੰਚ ਤਿਆਰ ਕੀਤਾ ਸੀ ਤਾਂ ਪੰਜਾਬ ਦੇ ਉਹਨਾਂ ਆਮ ਲੋਕਾਂ ਨੂੰ ਘਰਾਂ 'ਚ ਨਜ਼ਰਬੰਦ ਕਰਨ, ਗ੍ਰਿਫ਼ਤਾਰ ਕਰਨ ਜਾਂ ਚੱਪੇ ਚੱਪੇ 'ਤੇ ਪੁਲਸ ਤਾਇਨਾਤ ਕਰਨ ਦੀ ਕੀ ਲੋੜ ਸੀ, ਜਿਹੜੇ ਮੌਜੂਦਾ ਮੁੱਖ ਮੰਤਰੀ ਨੂੰ ਉਹਨਾਂ ਦੇ ਮਹਿਜ ਇੱਕ ਸਾਲ ਦੇ ਕਾਰਜਕਾਲ ਬਾਰੇ ਹੀ ਸਵਾਲ ਜਵਾਬ ਕਰਨ ਆ ਰਹੇ ਸਨ?

ਜੇਕਰ ਮੁੱਖ ਮੰਤਰੀ ਭਗਵੰਤ ਮਾਨ ਇਹ ਮੰਨਦੇ ਹਨ ਕਿ ਬਹਿਸ ਮੰਚ 'ਤੇ ਖਾਲੀ ਪਈਆਂ ਕੁਰਸੀਆਂ 'ਤੇ ਲਿਖੇ ਨਾਵਾਂ ਵਾਲੇ ਸਿਆਸਤਦਾਨ ਪੰਜਾਬ ਦੀ ਬਰਬਾਦੀ ਲਈ ਜ਼ਿੰਮੇਵਾਰ ਹਨ ਤਾਂ ਯਾਦ ਰੱਖੋ ਕਿ ਤੁਸੀਂ ਹੁਣ ਸਰਕਾਰ ਦੇ ਮੁਖੀ ਹੋ। ਜੇ ਹਿੰਮਤ ਹੈ ਤਾਂ ਹਨੇਰੇ 'ਚ ਘਸੁੰਨ ਮਾਰ ਮਾਰ ਮਹਾਨ ਮੁੱਕੇਬਾਜ਼ ਦਾ ਭਰਮ ਪਾਲਣ ਨਾਲੋਂ ਉਹਨਾਂ 'ਤੇ ਕਾਰਵਾਈ ਕਰਕੇ ਜੇਲ੍ਹੀਂ ਡੱਕਣ ਵਰਗਾ ਪਰਉਪਕਾਰ ਕਰੋ। ਪਰ ਨਹੀਂ, ਤੁਸੀਂ ਅਜਿਹਾ ਨਹੀਂ ਕਰੋਗੇ, ਕਿਉਂਕਿ ਬਾਦਸ਼ਾਹ ਏ ਸਤੌਜ ਕੋਲੋਂ ਤਾਂ ਆਪਣੇ ਦਾਗੀ ਵਿਧਾਇਕਾਂ ਮੰਤਰੀਆਂ ਖਿਲਾਫ ਇਕ ਸ਼ਬਦ ਮੂੰਹੋਂ ਨਹੀਂ ਨਿੱਕਲਿਆ, ਕਾਰਵਾਈ ਤਾਂ ਦੂਰ ਦੀ ਗੱਲ ਐ? ਆਪਣੇ ਆਪ ਨੂੰ ਸਵਾ ਤਿੰਨ ਕਰੋੜ ਪੰਜਾਬੀਆਂ ਦਾ ਨੁਮਾਇੰਦਾ ਕਹਿਣ ਵਾਲਾ ਆਮ ਮੁੱਖ ਮੰਤਰੀ ਜਦੋਂ ਬਹਿਸ ਦੇਖਣ ਆਏ "ਖਾਸ ਦਰਸ਼ਕਾਂ" ਮੂਹਰੇ ਇਕੱਲਾ ਬੈਠਾ ਆਪਣਾ ਹੀ ਮੋਢਾ ਖੁਦ ਪਲੋਸ ਕੇ ਅਸ਼ੀਰਵਾਦ ਲੈ ਰਿਹਾ ਸੀ ਤਾਂ ਯੂਨੀਵਰਸਿਟੀ ਦੇ ਬਾਹਰ ਖੜ੍ਹੇ ਤੇ ਘਰੀਂ ਨਜ਼ਰਬੰਦ ਕੀਤੇ ਸਵਾਲੀ ਇਹ ਪੁੱਛ ਰਹੇ ਸਨ ਕਿ ਜੇਕਰ ਤੁਹਾਨੂੰ ਐੱਸ ਵਾਈ ਐੱਲ ਨਹਿਰ ਦਾ ਐਨਾ ਹੀ ਹੇਜ ਹੈ ਤਾਂ 'ਆਪ' ਹਰਿਆਣਾ ਯੂਨਿਟ ਨੂੰ ਪੰਜਾਬ ਦੀਆਂ ਮੰਤਰੀ ਕੋਠੀਆਂ ਵਿੱਚ ਬੈਠ ਕੇ ਪੰਜਾਬ ਦੇ ਹੀ ਪਾਣੀਆਂ 'ਤੇ ਹੱਕ ਜਤਾਉਣ ਦੀ ਇਜਾਜ਼ਤ ਦੇਣ ਲਈ ਮੁੱਖ ਮੰਤਰੀ ਚੁੱਪ ਕਿਉਂ ਸੀ? ਪੰਜਾਬ ਦੇ ਪਾਣੀਆਂ ਦੇ ਕੇਸ ਸੁਪਰੀਮ ਕੋਰਟ ਵਿੱਚ ਲੜਨ ਲਈ ਪੰਜਾਬ ਸਰਕਾਰ ਢਿੱਲ ਕਿਉਂ ਵਰਤ ਰਹੀ ਹੈ? ਜਦੋਂ ਤੁਹਾਡੇ ਸੁਪਰੀਮੋ ਕੇਜਰੀਵਾਲ, ਪੰਜਾਬ ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਤੇ ਸੁਸ਼ੀਲ ਗੁਪਤਾ ਹਰਿਆਣੇ ਨੂੰ ਪਾਣੀ ਦੇਣ ਲਈ ਥਾਪੀਆਂ ਮਾਰ ਰਹੇ ਸਨ ਤਾਂ ਉਦੋਂ ਤੁਹਾਡੀ ਜੀਭ ਸੁੰਨ ਕਿਉਂ ਰਹੀ?

ਲੋਕ ਇਹ ਪੁੱਛਣ ਆਏ ਸਨ ਕਿ ਐੱਮ ਐੱਸ ਪੀ ਅਤੇ ਹੜ੍ਹ/ਗੜੇਮਾਰੀ ਦੇ ਨੁਕਸਾਨ ਦੇ ਮੁਆਵਜੇ ਕੀ ਪਾਕਿਸਤਾਨ ਦੀ ਸਰਕਾਰ ਦੇਵੇਗੀ? ਮੁਰਗੀਆਂ, ਚੂਚਿਆਂ ਦਾ ਮੁਆਵਜਾ ਤਾਂ ਦੂਰ, ਕਿਸਾਨ ਫਸਲਾਂ ਦਾ ਮੁਆਵਜਾ ਵੀ ਉਡੀਕ ਰਹੇ ਹਨ ਪਰ ਤੁਸੀਂ ਅਖਬਾਰਾਂ 'ਚ ਇਸ਼ਤਿਹਾਰ ਛਪਵਾ ਕੇ ਖਾਨਾਪੂਰਤੀ ਜ਼ਰੂਰ ਕਰ ਦਿੱਤੀ ਸੀ। ਲੋਕ ਮੁੱਖ ਮੰਤਰੀ ਵੱਲੋਂ ਬੋਲੇ ਝੂਠਾਂ ਦਾ ਸੱਚ ਜਾਨਣ ਲਈ ਆਏ ਸਨ ਕਿ ਬੀ ਐੱਮ ਡਬਲਿਊ ਦਾ ਰੁਜ਼ਗਾਰ ਦੇਣ ਵਾਲਾ ਪਲਾਂਟ ਕਿੱਥੇ ਹੈ? ਤੁਸੀਂ ਗੈਂਗਸਟਰ ਗੋਲਡੀ ਬਰਾੜ ਨੂੰ ਗ੍ਰਿਫਤਾਰ ਕਰਨ ਬਾਰੇ ਵੀ ਝੂਠ ਬੋਲਿਆ ਸੀ, ਉਹ ਕਿਹੜੀ ਜੇਲ੍ਹ 'ਚ ਹੈ? ਚਾਰ ਸਾਲ ਪਹਿਲਾਂ ਤੋਂ ਲੱਗੀ ਹੋਈ ਪਰਾਲੀ ਵਾਲੀ ਫੈਕਟਰੀ ਨੂੰ ਆਪਣੇ ਵੱਲੋਂ ਲਾਈ ਦੱਸਣਾ, ਕੀ ਮਜ਼ਬੂਰੀ ਸੀ? ਕੁਝ ਸਮਾਜਸੇਵੀ ਕਾਰਕੁੰਨਾਂ ਵੱਲੋਂ ਅਮਰੂਦ ਘੁਟਾਲਾ ਉਜਾਗਰ ਕੀਤਾ ਗਿਆ ਸੀ, ਉਸ ਵੱਡੇ ਘੁਟਾਲੇ 'ਚ ਸ਼ਾਮਲ ਵੱਡੇ ਅਹੁਦਿਆਂ 'ਤੇ ਬੈਠੇ ਅਫਸਰਾਂ 'ਤੇ ਕਾਰਵਾਈ ਕਰਨ ਦੀ ਬਜਾਏ ਉਹਨਾਂ ਕੋਲੋਂ ਪੈਸੇ ਜਮ੍ਹਾਂ ਕਰਵਾ ਕੇ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਤੁਹਾਡੇ ਨੱਕ ਹੇਠ ਹੋ ਰਹੀ ਹੈ, ਕੀ ਘਪਲੇਬਾਜ਼ਾਂ ਨੂੰ ਬਖਸ਼ਣ ਦੀ ਇਹ ਕੋਈ ਨਵੀਂ ਸਕੀਮ ਐ?

ਲੋਕਾਂ ਨੂੰ ਯਾਦ ਐ ਕਿ ਤੁਸੀਂ 16 ਮੈਡੀਕਲ ਕਾਲਜ ਬਣਾਉਣ ਦਾ ਲਾਰਾ ਵੀ ਲਾਇਆ ਹੋਇਆ ਹੈ।

ਮੁੱਖ ਮੰਤਰੀ ਜੀਓ, ਜਿਹੜੇ ਘਪਲੇਬਾਜ਼ ਨੇੜੇ ਤੇੜੇ ਘੁੰਮ ਰਹੇ ਹਨ, ਉਹਨਾਂ 'ਤੇ ਕਿਰਪਾ ਦ੍ਰਿਸ਼ਟੀ ਕਰਕੇ ਪਹਿਲਾਂ ਉਹਨਾਂ ਨੂੰ ਤਾਂ ਸਬਕ ਸਿਖਾਓ। ਜਨਾਬ, ਲੋਕ ਤਾਂ ਇਹ ਵੀ ਪੁੱਛਣ ਆਏ ਸਨ ਕਿ 1158 ਅਸਿਸਟੈਂਟ ਪ੍ਰੋਫੈਸਰਾਂ ਵਿੱਚੋਂ ਇੱਕ ਪ੍ਰੋ: ਬਲਵਿੰਦਰ ਕੌਰ ਆਪਣੇ ਖੁਦਕੁਸ਼ੀ ਨੋਟ ਵਿੱਚ ਤੁਹਾਡੇ ਮੰਤਰੀ ਹਰਜੋਤ ਸਿੰਘ ਬੈਂਸ 'ਤੇ ਇਲਜ਼ਾਮ ਲਾ ਕੇ ਜਹਾਨੋਂ ਰੁਖ਼ਸਤ ਹੋ ਗਈ। ਤੁਸੀਂ ਆਪਣੇ ਮੰਤਰੀ ਨੂੰ ਬਚਾਉਣ ਲਈ ਚੁੱਪ ਕਿਉਂ ਵੱਟ ਲਈ? ਕਾਂਗਰਸ ਤੇ ਅਕਾਲੀ ਸਰਕਾਰਾਂ ਵੇਲੇ ਵਾਪਰੀਆਂ ਘਟਨਾਵਾਂ ਵੇਲੇ ਤੁਸੀਂ ਉਹਨਾਂ ਨੂੰ ਜ਼ਿੰਮੇਵਾਰ ਦੱਸਦੇ ਹੁੰਦੇ ਸੀ ਪਰ ਹੁਣ ਖੁਦਕੁਸ਼ੀ ਨੋਟ 'ਚ ਲਿਖਿਆ ਮੰਤਰੀ ਦਾ ਨਾਮ ਵੀ ਨਜ਼ਰ ਨਹੀਂ ਆ ਰਿਹਾ?

ਲੋਕ ਤਾਂ ਇਹ ਵੀ ਪੁੱਛਣ ਆਏ ਸਨ ਕਿ ਸੱਤਾ ਵਿੱਚ ਆਉਣ ਲਈ ਲੋਕਾਂ ਅੱਗੇ ਤਰਲੇ ਕੀਤੇ ਗਏ ਸਨ ਕਿ ਸਾਡੇ ਉੱਪਰ "ਵਿਸ਼ਵਾਸ ਕਰੋ" ਪਰ ਹੁਣ ਗਲੀ ਗਲੀ ਵਿਕਦੇ ਨਸ਼ੇ ਨੂੰ ਰੋਕਣ ਦੀ ਬਜਾਏ ਲੋਕਾਂ ਨੂੰ ਕਹਿ ਰਹੇ ਹੋ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ "ਅਰਦਾਸ ਕਰੋ"। ਕੀ ਲੋਕ ਇਹ ਮੰਨ ਲੈਣ ਕਿ ਸਰਕਾਰ ਕਾਨੂੰਨ ਦੀ ਬਜਾਏ "ਰੱਬ ਆਸਰੇ" ਚੱਲ ਰਹੀ ਹੈ?

ਜਨਾਬ, ਲੋਕ ਤਾਂ ਇਹ ਵੀ ਪੁੱਛਣ ਆਏ ਸਨ ਕਿ ਕੇਜਰੀਵਾਲ ਨੂੰ ਵੱਖ ਵੱਖ ਸੂਬਿਆਂ 'ਚ ਪੰਜਾਬ ਦੇ ਜਹਾਜ 'ਚ ਝੂਟੇ ਦਿਵਾ ਕੇ ਪੰਜਾਬ ਦੇ ਲੋਕਾਂ ਦੇ ਟੈਕਸ ਦੀ ਮਾਇਆ ਨੂੰ ਕਿਉਂ ਲੁਟਾਇਆ ਜਾ ਰਿਹੈ? ਆਰਟੀਆਈ ਕਾਰਕੁੰਨਾਂ ਨੂੰ ਇਹਨਾਂ ਖਰਚਿਆਂ ਦਾ ਹਿਸਾਬ ਕਿਤਾਬ ਦੇਣ ਦੀ ਬਜਾਏ ਧਮਕਾਇਆ ਕਿਉਂ ਜਾ ਰਿਹਾ ਹੈ? ਦੁਸ਼ਿਅੰਤ ਚੌਟਾਲਾ ਨੂੰ ਪੰਜਾਬ ਦੇ ਜਹਾਜ ਨੂੰ ਵਰਤਣ ਦੀ ਖੁੱਲ੍ਹ ਕਿਸ ਗੱਲੋਂ ਦਿੱਤੀ ਗਈ? ਸ਼ਾਇਦ ਇਸ ਗੱਲ ਦਾ ਜਵਾਬ ਵੀ ਲੈਣ ਆਏ ਸਨ ਕਿ ਤੁਸੀਂ ਕਹਿੰਦੇ ਹੁੰਦੇ ਸੀ ਕਿ ਨੇਤਾ ਸੁਰੱਖਿਆ ਕਰਮੀਆਂ ਦੀਆਂ ਧਾੜਾਂ ਲੈ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ। ਜਿਸ ਨੇਤਾ ਨੂੰ ਸਿਆਸਤ 'ਚ ਆ ਕੇ ਲੋਕਾਂ ਕੋਲੋਂ ਖਤਰਾ ਮਹਿਸੂਸ ਹੁੰਦੈ, ਉਹ ਸਿਆਸਤ ਛੱਡ ਕੇ ਮੁਰਗੀਖਾਨਾ ਖੋਲ੍ਹ ਲੈਣ। ਹੁਣ ਤੁਹਾਡੇ ਵਿਧਾਇਕਾਂ, ਮੰਤਰੀਆਂ ਦੇ ਨਾਲ-ਨਾਲ ਪਰਿਵਾਰਾਂ ਦੇ ਜੀਆਂ (ਸਮੇਤ ਤੁਹਾਡੇ) ਨਾਲ ਵੀ ਓਹੀ ਧਾੜਾਂ ਤੁਰ ਰਹੀਆਂ ਹਨ। ਤੁਸੀਂ ਕਿੱਥੇ ਕਿੱਥੇ ਮੁਰਗੀਖਾਨੇ ਖੋਲ੍ਹਣ ਜਾ ਰਹੇ ਹੋ?

ਵਿਸ਼ਵ ਭਰ ਵਿੱਚ ਗਾਇਕ ਸਿੱਧੂ ਮੂਸੇਵਾਲਾ ਦੀ ਮੌਤ ਦੀ ਚਰਚਾ ਤੇ ਸਰਕਾਰ ਦੀ ਕਿਰਕਿਰੀ ਹੋ ਰਹੀ ਹੈ। ਲੋਕ ਇਸ ਝਾਕ 'ਚ ਹਨ ਕਿ ਨੌਜਵਾਨ ਗਾਇਕ ਦੀ ਸੁਰੱਖਿਆ ਘਟਾਉਣ ਸੰਬੰਧੀ ਖੁਫੀਆ ਜਾਣਕਾਰੀ "ਲੀਕ" ਕਰਨ ਵਾਲਿਆਂ 'ਤੇ ਕੀ ਕਾਰਵਾਈ ਕੀਤੀ? ਉਸ ਕਤਲ ਨਾਲ ਸਿੱਧੇ ਤੌਰ 'ਤੇ ਜੁੜੇ ਗੈਂਗਸਟਰ ਵੱਲੋਂ ਜੇਲ੍ਹ ਅੰਦਰੋਂ ਲਾਈਵ ਇੰਟਰਵਿਊ ਦੇ ਕੇ ਤੁਹਾਡੇ ਸੁਰੱਖਿਆ ਪ੍ਰਬੰਧਾਂ ਦਾ ਰੱਜ ਕੇ ਜਲੂਸ ਕੱਢਿਆ ਗਿਆ, ਕਿਸ 'ਤੇ ਕਾਰਵਾਈ ਹੋਈ?

ਜਗਰਾਉਂ 'ਚ ਇੱਕ ਆਮ ਆਦਮੀ ਪਾਰਟੀ ਦੇ ਹੀ ਹਿਮਾਇਤੀ ਰਹੇ ਪ੍ਰਵਾਸੀ ਪੰਜਾਬੀ ਲੋਪੋ ਪਰਿਵਾਰ ਦੀ ਕੀਮਤੀ ਕੋਠੀ ਨੂੰ ਦੱਬਣ ਦੇ ਮਾਮਲੇ 'ਚ ਤੁਹਾਡੀ ਵਿਧਾਇਕਾ ਬੀਬੀ 'ਤੇ ਸ਼ਰੇਆਮ ਇਲਜ਼ਾਮ ਲੱਗਦੇ ਰਹੇ ਪਰ ਕਾਰਵਾਈ ਤਾਂ ਦੂਰ, ਤੁਸੀਂ ਕਬੂਤਰ ਵਾਂਗੂੰ ਅੱਖਾਂ ਈ ਮੀਚ ਗਏ। ਤੁਹਾਡੇ ਮੀਡੀਆ ਸਲਾਹਕਾਰ ਸਾਹਿਬ ਉਸ ਪੀੜਤ ਪਰਿਵਾਰ ਨੂੰ ਭੁਚਲਾ ਕੇ ਆਵਦਾ ਧੰਨਵਾਦ ਕਰਵਾ ਗਏ ਪਰ ਪੀੜਤ ਪਰਿਵਾਰ ਸਿਰਫ ਚਾਬੀਆਂ ਹਾਸਲ ਕਰਕੇ ਹੀ ਸਰਕਾਰੇ ਦਰਬਾਰੇ ਹਾੜੇ ਕੱਢ ਰਿਹੈ, ਜਦਕਿ ਕੋਠੀ ਅਜੇ ਵੀ ਦੱਬਣ ਵਾਲਿਆਂ ਦੇ ਨਾਮ ਬੋਲ ਰਹੀ ਐ। 75 ਸਾਲ ਦੀ ਬਜ਼ੁਰਗ ਮਾਤਾ ਦਰ ਦਰ ਠੋਕਰਾਂ ਖਾ ਰਹੀ ਐ, ਤੁਹਾਡੇ ਪਰਸਨਲ ਅਸਿਸਟੈਂਟਸ ਨੂੰ ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ ਗੱਲ ਤਣ ਪੱਤਣ ਨਹੀਂ ਲੱਗੀ ਤਾਂ ਸਿੱਧਾ ਮਤਲਬ ਐ ਕਿ ਕੱਠੀ ਦੱਬਾਂ ਨੂੰ ਸਰਕਾਰੀ ਸ਼ਹਿ ਪ੍ਰਾਪਤ ਹੈ। ਭਗਵੰਤ ਮਾਨ ਜੀ, ਹਰ ਮੰਚ ਤੋਂ "ਸਵਾ ਤਿੰਨ ਕਰੋੜ- ਸਵਾ ਤਿੰਨ ਕਰੋੜ" ਪੰਜਾਬੀਆਂ ਦਾ ਸੇਵਾਦਾਰ ਹੋਣ ਦਾ ਤੋਤਾ ਰਟਨ ਕਰਕੇ ਪੰਜਾਬੀਆਂ ਨੂੰ ਭਾਵਨਾਤਮਕ ਤੌਰ 'ਤੇ ਗੁੰਮਰਾਹ ਕਰਨ ਦਾ ਰਾਹ ਤਿਆਗ ਕੇ ਆਪਣੇ ਅਹੁਦੇ ਦੀ ਪਵਿੱਤਰਤਾ ਬਰਕਰਾਰ ਰੱਖਣ ਲਈ ਯਤਨਸ਼ੀਲ ਹੋਵੋ। ਤੁਹਾਨੂੰ ਮੁੱਖ ਮੰਤਰੀ, ਪੰਜਾਬ ਦੇ ਖਰਚੇ 'ਤੇ ਕੇਜਰੀਵਾਲ ਨੂੰ ਜਹਾਜ ਦੇ ਝੂਟੇ ਦਿਵਾਉਣ ਲਈ ਨਹੀਂ ਬਣਾਇਆ, ਸਗੋਂ ਪੰਜਾਬ ਦੇ ਭਲੇ ਦਿਨ ਵਾਪਸ ਲਿਆਉਣ ਦੀ ਉਮੀਦ ਨਾਲ ਬਣਾਇਆ ਹੈ। ਜੇਕਰ ਤੁਸੀਂ ਵੀ ਪਹਿਲੀਆਂ ਸਰਕਾਰਾਂ ਵਾਂਗੂੰ ਪੰਜਾਬ ਨੂੰ ਉਜਾੜੇ ਵੱਲ ਤੇ ਪੰਜਾਬੀਆਂ ਨੂੰ ਮੂਰਖ ਬਣਾਉਣ ਵੱਲ ਦਾ ਰਾਹ ਅਪਣਾਉਣ ਦੀ ਕੋਸ਼ਿਸ਼ ਕੀਤੀ ਤਾਂ ਤੁਹਾਡੇ ਪੱਲੇ ਮੁੱਖ ਮੰਤਰੀ, ਸਾਂਸਦ ਵਾਲੀਆਂ ਪੈਨਸ਼ਨਾਂ ਹੀ ਰਹਿ ਜਾਣਗੀਆਂ। ਜਿਹੜੇ ਲੋਕ ਆਪਣੇ ਚਹੇਤੇ ਕਲਾਕਾਰ ਤੇ ਨੇਤਾ ਭਗਵੰਤ ਮਾਨ ਨੂੰ ਪਲਕਾਂ ਦੀ ਝੱਲ ਮਾਰਦੇ ਹਨ, ਆਉਣ ਵਾਲੇ ਸਮੇਂ ਵਿੱਚ ਚਿਮਟੇ ਨਾਲ ਚੁੱਕਣ ਲਈ ਵੀ ਤਿਆਰ ਨਹੀਂ ਹੋਣਗੇ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਐਸ.ਡੀ.ਐਮ. ਦੀ ਅਗਵਾਈ ਹੇਠ ਲਹਿਰਾ ਤੇ ਮੂਨਕ ਸਬ ਡਵੀਜ਼ਨਾਂ ਵਿਖੇ ਕਿਸਾਨਾਂ ਨੂੰ ਕੀਤਾ ਜਾ ਰਿਹੈ ਜਾਗਰੂਕ

**ਲਹਿਰਾ/ਮੂਨਕ/ਖਨੌਰੀ, (ਦਲਜੀਤ ਕੌਰ)** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਰਹਿਨੁਮਾਈ ਹੇਠ ਉਪ ਮੰਡਲ ਮੈਜਿਸਟਰੇਟ ਸੂਬਾ ਸਿੰਘ ਵੱਲੋਂ ਲਹਿਰਾ ਤੇ ਮੂਨਕ ਸਬ ਡਵੀਜ਼ਨਾਂ ਵਿਖੇ ਪਰਾਲੀ ਸਾੜਨ ਦੇ ਮਾੜੇ ਰੁਝਾਨ ਨੂੰ ਰੋਕਣ ਲਈ ਵਿਆਪਕ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਈ ਹੋਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਐਸ.ਡੀ.ਐਮ ਸੂਬਾ ਸਿੰਘ ਨੇ ਦੱਸਿਆ ਕਿ ਡੀ।ਐਸ।ਪੀ ਲਹਿਰਾ ਦੀਪਕ ਰਾਏ ਦੇ ਸਹਿਯੋਗ ਨਾਲ ਵੱਖ-ਵੱਖ ਅਧਿਕਾਰੀਆਂ 'ਤੇ ਅਧਾਰਿਤ ਟੀਮਾਂ ਵੱਲੋਂ ਪਿੰਡਾਂ ਵਿੱਚ ਕਿਸਾਨਾਂ ਨਾਲ ਰਾਬਤਾ ਕਾਇਮ ਕਰਕੇ ਨਿਰੰਤਰ ਪਰਾਲੀ ਨਾ ਸਾੜਨ ਬਾਰੇ ਸੁਚੇਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿੱਚ ਖੇਤੀਬਾੜੀ ਤੇ ਸਹਿਕਾਰਤਾ ਵਿਭਾਗਾਂ ਦੀਆਂ ਟੀਮਾਂ ਪਿਛਲੇ ਮਹੀਨਿਆਂ ਤੋਂ ਹੀ ਚੇਤਨਾ ਕੈਂਪਾਂ ਦਾ ਆਯੋਜਨ ਕਰਕੇ ਪਰਾਲੀ ਪ੍ਰਬੰਧਨ ਦਾ ਸੁਨੇਹਾ ਦੇ ਰਹੀਆਂ ਹਨ ਅਤੇ ਸਬ ਡਵੀਜ਼ਨਾਂ ਦੇ ਉਚ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਵੱਲੋਂ ਵੀ ਖੁਦ ਇਸ ਮੁਹਿੰਮ ਦੀ ਨਿਗਰਾਨੀ ਕਰਦਿਆਂ ਜਿਥੇ ਝੋਨੇ ਦੇ ਨਾੜ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੂਰੀ ਚੌਕਸੀ ਵਰਤੀ ਜਾ ਰਹੀ ਹੈ ਉਥੇ ਹੀ ਪਰਾਲੀ ਪ੍ਰਬੰਧਨ ਕਰਨ ਵਾਲੇ ਅਗਾਂਹਵਧੂ ਕਿਸਾਨਾਂ ਦਾ ਵੀ ਹੌਂਸਲਾ ਵਧਾਇਆ ਜਾ ਰਿਹਾ ਹੈ ਤਾਂ ਜੋ ਉਹ ਹੋਰਨਾਂ ਨੂੰ ਸੇਧ ਦੇ ਸਕਣ ਅਤੇ ਆਉਣ ਵਾਲੇ ਕੁਝ ਹੀ ਸਮੇਂ ਅੰਦਰ ਸਬ ਡਵੀਜਨਾਂ ਦੇ ਪਿੰਡਾਂ ਵਿੱਚ ਇਸ ਮਾੜੀ ਪ੍ਰਥਾ ਨੂੰ ਮੁਕੰਮਲ ਤੌਰ 'ਤੇ ਠੱਲ੍ਹ ਪਾਈ ਜਾ ਸਕੇ।



ਇਸੇ ਦੌਰਾਨ ਐਸ.ਡੀ.ਐਮ ਸੂਬਾ ਸਿੰਘ ਨੇ ਮੂਨਕ ਵਿਖੇ ਡੀ.ਐਸ.ਪੀ ਪਰਮਿੰਦਰ ਸਿੰਘ ਸਮੇਤ ਪਿੰਡਾਂ ਦਾ ਦੌਰਾ ਕਰਦਿਆਂ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ। ਮੂਨਕ ਵਿਖੇ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ, ਥਾਣਾ ਮੁਖੀ, ਪਾਵਰਕੌਮ, ਸਹਿਕਾਰਤਾ, ਖੇਤੀਬਾੜੀ ਸਮੇਤ ਅਨੇਕਾਂ ਵਿਭਾਗਾਂ ਦੇ ਕਰਮਚਾਰੀਆਂ ਨੇ ਜਾਗਰੂਕਤਾ ਮੁਹਿੰਮ ਦਾ ਹਿੱਸਾ ਬਣਦਿਆਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਆ ਅਤੇ ਵਾਤਾਵਰਣ ਦੇ ਰਾਖੇ ਵਜੋਂ ਮੁਹਿੰਮ ਵਿੱਚ ਹਿੱਸਾ ਪਾਉਣ ਦੀ ਅਪੀਲ ਕੀਤੀ।

# ਕਨੇਡਾ ਟੂਰ ਤੇ ਆਈ ਹੋਈ ਜੋੜੀ "ਜੋੜੀ ਨੰਬਰ-ਵੰਨ "ਲੱਖਾ ਨਾਜ਼" ਸੋਸ਼ਲ ਮੀਡੀਆ ਤੇ ਚਰਚਾ ਵਿੱਚ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)-** "ਅਸੀਂ ਯੂਰਪ ਵਾਲੇ ਹਾਂ, ਫੱਟੇ ਚੱਕ ਦਿਆਂਗੇ" ਗੀਤ ਨਾਲ ਬੇਹੱਦ ਪ੍ਰਸਿੱਧੀ ਖੱਟਣ ਵਾਲੀ ਜੋੜੀ, ਜੋੜੀ ਨੰਬਰ ਵੰਨ "ਲੱਖਾ -ਨਾਜ਼" ਅੱਜਕੱਲ੍ਹ ਕਨੇਡਾ ਟੂਰ ਤੇ ਆਏ ਹੋਏ ਹਨ, ਜਿੱਥੇ ਉਹ ਵੱਖ - ਵੱਖ ਪੰਜਾਬੀ ਸੱਭਿਆਚਾਰਕ ਸਟੇਜਾਂ ਤੇ ਸਰੋਤਿਆਂ ਦੇ ਰੂ ਬ ਰੂ ਹੋ ਰਹੇ ਹਨ। ਇਸ ਮੌਕੇ ਵਿਸ਼ੇਸ਼ ਗੱਲਬਾਤ ਕਰਦਿਆਂ ਪੰਜਾਬ ਦੀ ਇਸ ਪ੍ਰਸਿੱਧ ਦੋਗਾਣਾ ਜੋੜੀ, ਜੋੜੀ ਨੰਬਰ ਵੰਨ "ਲੱਖਾ ਨਾਜ਼" ਨੇ ਦੱਸਿਆ ਕਿ ਉਹ ਇੱਥੇ ਕਈ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰ ਚੁੱਕੇ ਹਨ। ਜਿਨਾਂ ਵਿੱਚ ਉਹਨਾਂ ਨੂੰ ਉਹਨਾਂ ਦੇ ਸਰੋਤਿਆਂ ਵੱਲੋਂ ਭਰਵਾਂ ਪਿਆਰ ਅਤੇ ਸਤਿਕਾਰ ਦਿੱਤਾ ਗਿਆ ਹੈ। ਆਪਣੇ ਪ੍ਰਮੋਟਰਾਂ, ਸਪੋਟਰਾਂ ਅਤੇ ਵੋਟਰਾਂ ਦਾ ਉਹ ਤਹਿ ਦਿਲ ਤੋਂ ਧੰਨਵਾਦ ਕਰਦੇ ਹਨ ਜੋ ਉਹਨਾਂ ਦੀ ਸੱਭਿਆਚਾਰਕ ਗਤੀਵਿਧੀ ਨੂੰ ਆਪਣੇ ਦਿਲੋਂ ਜਾਨੋ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਇਹ ਜੋੜੀ ਉਹ ਸੁਭਾਗੀ ਜੋੜੀ ਹੈ, ਜਿਸ ਨੇ ਅੰਤਰ-ਰਾਸ਼ਟਰੀ ਪੱਧਰ ਤੇ ਆਪਣੀ ਪਹਿਚਾਣ ਸਥਾਪਿਤ ਕੀਤੀ ਹੈ ਅਤੇ ਹਰ ਵਿਦੇਸ਼ੀ ਮੁਲਕ ਵਿੱਚ ਆਪਣਾ ਪ੍ਰੋਗਰਾਮ ਪੇਸ਼ ਕਰਕੇ ਸਰੋਤਿਆਂ ਨੂੰ ਸ਼ਰਸ਼ਾਰ ਕੀਤਾ ਹੈ । ਇੱਥੇ ਇਸ ਜੋੜੀ ਨੇ ਕਈ ਵਾਰ ਰੇਡੀਓ ਤੇ ਇੰਟਰਵਿਊਜ਼ ਕੀਤੀ ਗਈ ਜਿਸ ਨਾਲ ਸਰੋਤੇ ਆਪਣੇ ਦਿਲ ਦੀਆਂ ਗੱਲਾਂ ਉਹਨਾਂ ਨਾਲ ਸਾਂਝੀਆਂ ਕਰਦੇ ਹਨ । ਕਨੇਡਾ ਦੀਆਂ ਵੱਖ-ਵੱਖ ਹੁਸੀਨ ਵਾਦੀਆਂ, ਸਮੁੰਦਰੀ ਲਹਿਰਾਂ ਅਤੇ ਹੋਰ ਦਿਲਕਸ਼ ਨਜ਼ਾਰਿਆਂ ਵਿੱਚ ਇਹ ਜੋੜੀ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਪ੍ਰਮੋਸ਼ਨ ਕਰਦੀ ਸਹਿਜੇ ਹੀ ਸੋਸ਼ਲ ਮੀਡੀਆ ਤੇ ਨਜ਼ਰ ਆ ਜਾਂਦੀ ਹੈ । ਹਾਲ ਹੀ ਵਿੱਚ "ਬਿਨਾਂ ਬੈਂਡ ਚੱਲ ਇੰਗਲੈਂਡ" ਪੰਜਾਬੀ ਫਿਲਮ ਦੀ ਪ੍ਰਮੋਸ਼ਨ ਕਰਦਿਆਂ ਵੀ ਇਹ ਜੋੜੀ ਸੋਸ਼ਲ ਮੀਡੀਆ ਤੇ ਦੇਖੀ ਗਈ ।



ਇੱਥੇ ਇਹ ਵੀ ਦੱਸਣਾ ਵਾਜਿਬ ਹੈ ਕਿ "ਲੱਖਾ -ਨਾਜ਼" ਦੀ ਗਾਇਕ ਜੋੜੀ ਇੱਥੇ ਕਈ ਆਪਣੇ ਨਵੇਂ ਗੀਤਾਂ ਦੀ ਰਿਕਾਰਡਿੰਗ ਵੀ ਕਰ ਰਹੀ ਹੈ ਅਤੇ ਕਈ ਗੀਤਾਂ ਦਾ ਫਿਲਮਾਂਕਣ ਵੀ ਇੱਥੇ ਕੀਤਾ , ਜੋ ਜਲਦ ਹੀ ਸਰੋਤਿਆਂ ਦੇ ਰੂ -ਬ -ਰੂ ਕੀਤੇ ਜਾਣਗੇ । ਪੰਜਾਬ ਦੇ ਸੱਭਿਆਚਾਰਕ, ਧਾਰਮਿਕ ਖੇਤਰ ਵਿੱਚ ਇਸ ਜੋੜੀ ਨੇ ਅਣਗਿਣਤ ਸਟੇਜਾਂ ਲਾ ਕੇ ਸਰੋਤਿਆਂ ਦੇ ਦਿਲ ਜਿੱਤੇ ਹਨ। ਆਸ ਕਰਦੇ ਹਾਂ ਕਿ ਇਹ ਜੋੜੀ ਸਫ਼ਲਤਾ ਪੂਰਵਕ ਇਸ ਟੂਰ ਨੂੰ ਨੇਪਰੇ ਚਾੜ੍ਹਦਿਆਂ ਸਰੋਤਿਆਂ ਦੇ ਦਿਲਾਂ ਤੇ ਗਹਿਰੀ ਛਾਪ ਛੱਡੇਗੀ।

# ਲੱਖਾ-ਨਾਜ਼ ਜੋੜੀ ਨੰਬਰ ਵੰਨ ਦੇ ਤਿੰਨ ਵੀਡੀਓਜ਼ ਦੀ ਕਨੇਡਾ 'ਚ ਸ਼ੂਟਿੰਗ ਮੁਕੰਮਲ





**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਲੱਖਾ- ਨਾਜ਼ (ਜੋੜੀ ਨੰ:1) ਦੇ ਆਉਣ ਵਾਲੇ ਨਵੇਂ ਤਿੰਨ ਗੀਤਾਂ ਦੇ ਵੀਡੀਓਜ਼ ਦੀ ਸ਼ੂਟਿੰਗ ਕੈਨੇਡਾ ਦੀਆਂ ਵੱਖ-ਵੱਖ ਲੋਕੇਸ਼ਨਾਂ ਤੇ ਮੁਕੰਮਲ ਹੋ ਚੁੱਕੀ ਹੈ । ਲੱਖਾ- ਨਾਜ਼ ਦੀ ਦੋਗਾਣਾ ਜੋੜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹਨਾਂ ਗੀਤਾਂ ਦਾ ਸੰਗੀਤ ਸਾਹਿਬ ਹੀਰਾ, ਕੈਸ਼ਟਰੈਕਸ ਵਲੋਂ ਦਿੱਤਾ ਗਿਆ ਹੈ, ਇਹਨਾਂ ਨੂੰ ਕਲਮਬੱਧ ਗੀਤਕਾਰ ਨੰਜੀ ਧਾਲੀਵਾਲ,ਸੇਮਾ ਜਲਾਲਪੁਰੀ, ਸਾਬੀ ਕਟਾਣੇ ਵਾਲਾ ਵਲੋਂ ਕੀਤਾ ਗਿਆ ਹੈ ਅਤੇ ਫਿਲਮਾਂਕਣ ਵਿੱਕੀ ਜੇ , ਔਰ ਨਾਜ਼ ਵਲੋਂ ਕੀਤਾ ਗਿਆ ਹੈ। ਇਹਨਾਂ ਵੀਡੀਓਜ਼ ਨੂੰ ਮੁਕੰਮਲ ਕਰਨ ਪਿੱਛੇ ਬਹੁਤ ਸਾਰੀਆਂ ਸਖਸ਼ੀਅਤਾਂ ਦੀ ਸੁਪੋਰਟ ਹੈ, ਜਿਵੇਂ ਪ੍ਰਮੋਟਰ ਇੰਦਰਜੀਤ ਔਲਖ ਜੀ (ਸ਼ਹਿਬਾਜ ਇੰਨਟਰਟੇਨਰਜ਼), ਗੁਰਮੇਲ ਧਾਮੀ ਜੀ, ਕੁਲਦੀਪ ਮਿਨਹਾਸ ਜੀ, ਸੁਰਿੰਦਰ ਮਿਨਹਾਸ ਜੀ, ਸੈਮ ਸਿੱਧੂ, ਮਾਡਲ ਕੇਤਕੀ ਕਾਲੀਆ, ਹਰਜਿੰਦਰ ਜੀ, ਕੋਹੇਨੂਰ ਫੋਕ ਆਰਟਸ ਭੰਗੜਾ ਕਲੱਬ ਸਰੀ ਦਾ ਲੱਖਾ ਅਤੇ ਨਾਜ਼ ਦੀ ਜੋੜੀ ਨੇ ਵਿਸ਼ੇਸ਼ ਧੰਨਵਾਦ ਕੀਤਾ ਹੈ। ਉਮੀਦ ਹੈ ਸਰੋਤਿਆਂ ਨੂੰ ਇਹ ਗੀਤ ਪਸੰਦ ਆਉਣਗੇ।




# ਮੁੱਖ ਮੰਤਰੀ ਨੇ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧਤਾ ਦੁਹਰਾਈ

**ਸੁਨਾਮ (ਸੰਗਰੂਰ), (ਦਲਜੀਤ ਕੌਰ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਸੂਬੇ ਦੇ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ।





ਅੱਜ ਇੱਥੇ ਯੁਵਕ ਮੇਲੇ ਦੀ ਪ੍ਰਧਾਨਗੀ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਬੇਮਿਸਾਲ ਕਦਮ ਚੁੱਕੇ ਗਏ ਹਨ ਅਤੇ ਦੂਜੇ ਪਾਸੇ ਸੂਬੇ ਵਿੱਚ ਉਨ੍ਹਾਂ ਦੀ ਬੇਅੰਤ ਊਰਜਾ ਨੂੰ ਚੈਨਲਾਈਜ਼ ਕਰਨ ਲਈ ਕਈ ਉਪਰਾਲੇ ਕੀਤੇ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਉਪਰਾਲੇ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰੱਖੇ ਜਾਣਗੇ ਜਿਸ ਲਈ ਸੂਬਾ ਸਰਕਾਰ ਨੇ ਪਹਿਲਾਂ ਹੀ ਖਾਕਾ ਤਿਆਰ ਕਰ ਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਹਵਾਈ ਅੱਡਿਆਂ 'ਤੇ ਰਨਵੇ ਹਵਾਈ ਜਹਾਜ ਨੂੰ ਸੁਚਾਰੂ ਢੰਗ ਨਾਲ ਉਡਾਣ ਭਰਨ ਦੀ ਸਹੂਲਤ ਦਿੰਦੇ ਹਨ, ਉਸੇ ਤਰ੍ਹਾਂ ਸੂਬਾ ਸਰਕਾਰ ਨੌਜਵਾਨਾਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨੌਜਵਾਨਾਂ ਦੇ ਵਿਚਾਰਾਂ ਨੂੰ ਖੰਭ ਦੇਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਲਈ ਹਰ ਸੰਭਵ ਯਤਨ ਕਰਨ ਤਾਂ ਜੋ ਉਨ੍ਹਾਂ ਲਈ ਅਸਮਾਨ ਹੀ ਸੀਮਾ ਹੋਵੇ।

ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿੱਤ 'ਤੇ ਮਾਣ ਨਾ ਕਰਨ ਸਗੋਂ ਨਿਮਰਤਾ ਨਾਲ ਕੰਮ ਕਰਨ ਅਤੇ ਹੋਰ ਸਫਲਤਾ ਲਈ ਸਖ਼ਤ ਮਿਹਨਤ ਕਰਨ। ਉਨ੍ਹਾਂ ਕਿਹਾ ਕਿ ਆਤਮ ਵਿਸ਼ਵਾਸ ਅਤੇ ਸਕਾਰਾਤਮਕ ਪਹੁੰਚ ਹਰ ਵਿਅਕਤੀ ਦੀ ਸ਼ਖ਼ਸੀਅਤ ਦੇ ਮੁੱਢਲੇ ਗੁਣ ਹੋਣੇ ਚਾਹੀਦੇ ਹਨ ਪਰ ਇਸ ਵਿੱਚ ਕੋਈ ਹੰਕਾਰ ਨਹੀਂ ਹੋਣਾ ਚਾਹੀਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰ ਖੇਤਰ ਵਿੱਚ ਸਫ਼ਲਤਾ ਦੀ ਸਕ੍ਰਿਪਟ ਲਿਖਣ ਲਈ ਇਹੀ ਕੁੰਜੀ ਹੈ ਅਤੇ ਇਸ ਨੂੰ ਸਹੀ ਮਾਅਨਿਆਂ ਵਿੱਚ ਲਾਗੂ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਆਪਣੇ ਕਾਲਜ ਦੇ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਯੁਵਕ ਮੇਲੇ ਨੌਜਵਾਨਾਂ ਦੀ ਸਮੁੱਚੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਮੰਚ ਵਜੋਂ ਕੰਮ ਕਰਦੇ ਹਨ। ਉਸ ਨੇ ਕਿਹਾ ਕਿ ਇਨ੍ਹਾਂ ਯੁਵਕ ਮੇਲਿਆਂ ਨੇ ਉਸ ਨੂੰ ਇੱਕ ਕਲਾਕਾਰ ਵਜੋਂ ਅਤੇ ਹੁਣ ਇੱਕ ਸਿਆਸਤਦਾਨ ਵਜੋਂ ਜ਼ਿੰਦਗੀ ਵਿੱਚ ਉੱਤਮਤਾ ਹਾਸਲ ਕਰਨ ਵਿੱਚ ਮਦਦ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਵਿਆਪਕ ਵਿਕਾਸ ਅਤੇ ਵਿਕਾਸ ਲਈ ਇਨ੍ਹਾਂ ਪਲੇਟਫਾਰਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਆਪਣੇ ਕਾਲਜ ਦੇ ਦਿਨਾਂ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਵੱਖ-ਵੱਖ ਯੁਵਕ ਮੇਲਿਆਂ ਵਿੱਚ ਪ੍ਰਦਰਸ਼ਨ ਕੀਤਾ ਅਤੇ ਕਾਲਜ ਲਈ ਟਰਾਫੀਆਂ ਜਿੱਤੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਤਣਾ ਹੀ ਉਨ੍ਹਾਂ ਦਾ ਇੱਕੋ ਇੱਕ ਜਨੂੰਨ ਹੈ ਅਤੇ ਉਹ ਹਮੇਸ਼ਾ ਜਿੱਤਣ ਦੀ ਸਕਾਰਾਤਮਕ ਸੋਚ ਰੱਖਦੇ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਮਜ਼ਬੂਤੀ ਨਾਲ ਕੰਮ ਕਰਨ ਅਤੇ ਮਿਹਨਤ ਵਿੱਚ ਵਿਸ਼ਵਾਸ ਰੱਖਣ ਲਈ ਕਿਹਾ ਕਿਉਂਕਿ ਇਹ ਹੀ ਸਫਲਤਾ ਦੀ ਕੁੰਜੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕਾਲਜ ਉਨ੍ਹਾਂ ਨੂੰ ਸਫਲ ਅਤੇ ਵਧੀਆ ਇਨਸਾਨ ਬਣਨ ਦਾ ਮੰਚ ਪ੍ਰਦਾਨ ਕਰਦਾ ਹੈ। ਕਾਲਜ ਪ੍ਰਬੰਧਕਾਂ ਵੱਲੋਂ ਕੀਤੀਆਂ ਜਾ ਰਹੀਆਂ ਮੰਗਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਫੰਡਾਂ ਦੀ ਕੋਈ ਕਮੀ ਨਹੀਂ ਹੈ ਕਿਉਂਕਿ ਸਰਕਾਰ ਦਾ ਏਜੰਡਾ ਸਿੱਖਿਆ ਨੂੰ ਪ੍ਰਫੁੱਲਤ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਡਿਜੀਟਲ ਲਾਇਬ੍ਰੇਰੀ, ਅੱਠ ਕਮਰੇ, ਇਨਡੋਰ ਸਟੇਡੀਅਮ ਸਮੇਤ ਚਾਰੋਂ ਮੰਗਾਂ ਜਲਦੀ ਹੀ ਪੂਰੀਆਂ ਕੀਤੀਆਂ ਜਾਣਗੀਆਂ।

# ਧੰਦੀਵਾਲ ਵਿੱਚ ਪਰਾਲੀ ਤੋਂ ਤੂੜੀ ਬਣਾ ਕੇ ਕਿਸਾਨ ਫੂਲਜੀਤ ਸਿੰਘ ਉਠਾ ਰਿਹਾ ਵਿੱਤੀ ਲਾਭ

**ਧੂਰੀ/ਸੰਗਰੂਰ, (ਦਲਜੀਤ ਕੌਰ)-** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਉਪ ਮੰਡਲ ਮੈਜਿਸਟਰੇਟ ਧੂਰੀ ਅਮਿਤ ਗੁਪਤਾ ਅਤੇ ਡੀਐਸਪੀ ਤਲਵਿੰਦਰ ਸਿੰਘ ਗਿੱਲ ਨੇ ਸਬ ਡਵੀਜ਼ਨ ਦੇ ਪਿੰਡਾਂ ਧੰਦੀਵਾਲ ਅਤੇ ਬਾਲੀਆਂ ਦਾ ਦੌਰਾ ਕਰਦਿਆਂ ਪਰਾਲੀ ਪ੍ਰਬੰਧਨ ਵਿੱਚ ਯੋਗਦਾਨ ਪਾ ਰਹੇ ਅਗਾਂਹਵਧੂ ਕਿਸਾਨਾਂ ਦਾ ਹੌਸਲਾ ਅਫਜ਼ਾਈ ਕੀਤੀ। ਐਸ ਡੀ ਐਮ ਅਮਿਤ ਗੁਪਤਾ ਨੇ ਧੰਦੀਵਾਲ ਦੇ ਕਿਸਾਨ ਫੂਲਜੀਤ ਸਿੰਘ ਦੇ ਉਦਮ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਇਹ ਕਿਸਾਨ ਪਿਛਲੇ ਕਰੀਬ ਤਿੰਨ ਸਾਲ ਤੋਂ ਸਟਰਾਅ ਚੋਪਰ ਦੀ ਵਰਤੋਂ ਕਰਦਿਆਂ ਪਰਾਲੀ ਤੋਂ ਤੂੜੀ ਬਣਾਉਣ ਦਾ ਕਿੱਤਾ ਅਪਣਾ ਕੇ ਆਪਣੇ ਖੇਤਾਂ ਦੇ ਨਾਲ ਨਾਲ ਪਿੰਡ ਦੇ ਹੀ ਹੋਰਨਾਂ ਕਿਸਾਨਾਂ ਨੂੰ ਵੀ ਪਰਾਲੀ ਪ੍ਰਬੰਧਨ ਲਈ ਸਹਿਯੋਗ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇੱਕ ਸੀਜ਼ਨ ਦੌਰਾਨ ਕਰੀਬ 40-50 ਏਕੜ ਜ਼ਮੀਨ ਵਿੱਚ ਪਰਾਲੀ ਨੂੰ ਤੂੜੀ ਵਿੱਚ ਤਬਦੀਲ ਕਰਨ ਦਾ ਟੀਚਾ ਮਿੱਥ ਕੇ ਕੰਮ ਕਰਨ ਵਾਲੇ ਇਸ ਕਿਸਾਨ ਲਈ ਇਹ ਕਾਰਜ ਵਿੱਤੀ ਮਜ਼ਬੂਤੀ ਵਾਲਾ ਵੀ ਸਾਬਤ ਹੋ ਰਿਹਾ ਹੈ ਜਿਸ ਤੋਂ ਹੋਰਨਾਂ ਕਿਸਾਨਾਂ ਨੂੰ ਵੀ ਸੇਧ ਲੈਣ ਦੀ ਲੋੜ ਹੈ। ਇਸੇ ਦੌਰਾਨ ਐਸ ਡੀ ਐਮ ਅਮਿਤ ਗੁਪਤਾ ਅਤੇ ਡੀਐਸਪੀ ਤਲਵਿੰਦਰ ਸਿੰਘ ਗਿੱਲ ਨੇ ਪਿੰਡ ਬਾਲੀਆਂ ਵਿਚ ਅਗਾਂਹਵਧੂ ਕਿਸਾਨ ਲਖਵੀਰ ਸਿੰਘ ਦੁੱਲਟ ਦੇ ਖੇਤ ਦਾ ਦੌਰਾ ਕੀਤਾ। ਇਸ ਮੌਕੇ ਲਖਵੀਰ ਸਿੰਘ ਦੁੱਲਟ ਵੱਲੋਂ ਤਜਰਬੇ ਦੇ ਤੌਰ 'ਤੇ ਇੱਕ ਏਕੜ ਰਕਬੇ ਵਿੱਚ ਸਰਫੇਸ ਸੀਡਰ ਰਾਹੀਂ ਕਣਕ ਦੀ ਬਿਜਾਈ ਕਰਵਾਈ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰੰਤਰ ਉੱਦਮ ਸਦਕਾ ਕਿਸਾਨਾਂ ਨੇ ਪਰਾਲੀ ਪ੍ਰਬੰਧਨ ਵੱਲ ਸਾਰਥਕ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਕਰਨ ਲਈ ਕਿਸਾਨ ਲਖਵੀਰ ਸਿੰਘ ਦੀ ਸ਼ਲਾਘਾ ਕੀਤੀ ਅਤੇ ਹੋਰਨਾਂ ਕਿਸਾਨਾਂ ਨੂੰ ਵੀ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਖੇਤੀਬਾੜੀ ਵਿਕਾਸ ਅਧਿਕਾਰੀ ਨਰਿੰਦਰਪਾਲ ਸਿੰਘ ਵੀ ਹਾਜ਼ਰ ਸਨ।



# ਪਰਾਲੀ ਦੀਆਂ ਗੱਠਾਂ ਬਣਾ ਕੇ ਆਪਣੀ ਆਰਥਿਕਤਾ ਮਜ਼ਬੂਤ ਕਰ ਰਿਹੈ ਪਿੰਡ ਗੁੱਜਰਾਂ ਦਾ ਕਿਸਾਨ ਗਗਨਦੀਪ ਸਿੰਘ

**ਗੁੱਜਰਾਂ/ਸੰਗਰੂਰ, (ਦਲਜੀਤ ਕੌਰ)** ਝੋਨੇ ਦੀ ਵਾਢੀ ਤੋਂ ਬਾਅਦ ਪਰਾਲੀ ਨੂੰ ਅੱਗ ਲਗਾਉਣ ਦੇ ਮਾੜੇ ਰੁਝਾਨ ਦੇ ਉਲਟ ਦਿੜ੍ਹਬਾ ਨੇੜਲੇ ਪਿੰਡ ਗੁੱਜਰਾਂ ਦਾ ਕਿਸਾਨ ਗਗਨਦੀਪ ਸਿੰਘ ਇਸਦੀਆਂ ਗੱਠਾਂ ਬਣਾ ਕੇ ਵਾਤਾਵਰਨ ਬਚਾਉਣ ਦੇ ਨਾਲ-ਨਾਲ ਆਪਣੀ ਆਰਥਿਕਤਾ ਵੀ ਮਜ਼ਬੂਤ ਕਰ ਰਿਹਾ ਹੈ। ਕਿਸਾਨ ਗਗਨਦੀਪ ਸਿੰਘ ਨੇ ਦੱਸਿਆ ਕਿ ਇਸ ਵਾਰ ਹੁਣ ਤੱਕ ਉਸਨੇ 300 ਏਕੜ ਤੋਂ ਵਧੇਰੇ ਰਕਬੇ ਤੋਂ ਪਰਾਲੀ ਇਕੱਠੀ ਕਰਕੇ ਉਸਦੀਆਂ



ਗੱਠਾਂ ਵੱਖ-ਵੱਖ ਕੰਪਨੀਆਂ ਨੂੰ ਵੇਚੀਆਂ ਹਨ। ਉਸਨੇ ਦੱਸਿਆ ਕਿ ਹੁਣ ਉਹ ਆਪਣੇ ਪਿੰਡ ਦੇ ਖੇਤਾਂ ਵਿੱਚੋਂ ਗੱਠਾਂ ਬਣਾ ਕੇ ਸੁਨਾਮ ਦੀ ਇੱਕ ਫੈਕਟਰੀ ਨੂੰ ਭੇਜ ਰਿਹਾ ਹੈ ਜਿਸ ਵੱਲੋਂ ਉਸ ਨਾਲ 1000 ਟਨ ਤੋਂ ਵਧੇਰੇ ਪਰਾਲੀ ਖਰੀਦਣ ਦਾ ਇਕਰਾਰ ਕੀਤਾ ਗਿਆ ਹੈ।

ਕਿਸਾਨ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਬੇਲਰ ਉੱਪਰ ਸਬਸਿਡੀ ਮੁਹੱਈਆ ਕਰਵਾਈ ਗਈ ਹੈ ਜੋ ਉਨ੍ਹਾਂ ਲਈ ਬਹੁਤ ਲਾਹੇਵੰਦ ਸਾਬਤ ਹੁੰਦੀ ਹੈ। ਉਸਨੇ ਕਿਹਾ ਕਿ ਬੇਲਰ ਨਾਲ ਪਰਾਲੀ ਇਕੱਠੀ ਕਰਨ ਨਾਲ ਸਿਰਫ਼ ਉਸਨੂੰ ਹੀ ਵਾਧੂ ਆਮਦਨ ਨਹੀਂ ਹੋ ਰਹੀ ਸਗੋਂ ਉਸਦੇ ਨਾਲ ਜੁੜੇ ਮਜਦੂਰਾਂ ਨੂੰ ਵੀ ਚੋਖੀ ਆਮਦਨੀ ਹੋ ਰਹੀ ਹੈ। ਉਸਨੇ ਹੋਰਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਉਹ ਆਪਣੇ ਨੇੜੇ-ਤੇੜੇ ਚਲਦੇ ਬੇਲਰੇ ਨਾਲ ਸੰਪਰਕ ਕਰਨ ਜੋ ਬਿਲਕੁਲ ਮੁਫ਼ਤ ਵਿੱਚ ਹੀ ਉਨ੍ਹਾਂ ਦੇ ਖੇਤਾਂ ਵਿੱਚੋਂ ਪਰਾਲੀ ਇਕੱਠੀ ਕਰਕੇ ਲੈ ਕੇ ਜਾਣਗੇ।

ਕਿਸਾਨ ਗਗਨਦੀਪ ਸਿੰਘ ਦੇ ਉਪਰਾਲੇ ਦੀ ਸ਼ਲਾਘਾ ਕਰਨ ਲਈ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ ਉੱਪਰ ਐਸ।ਡੀ।ਐਮ। ਦਿੜ੍ਹਬਾ ਰਾਜੇਸ਼ ਸ਼ਰਮਾ ਅਤੇ ਡੀ.ਐਸ.ਪੀ. ਪ੍ਰਿਥਵੀ ਸਿੰਘ ਚਹਿਲ ਨੇ ਖੇਤਾਂ ਵਿੱਚ ਹੀ ਪਹੁੰਚ ਕੇ ਉਸਦੀ ਹੌਸਲਾ ਅਫ਼ਜ਼ਾਈ ਕੀਤੀ। ਐਸ.ਡੀ.ਐਮ. ਰਾਜੇਸ਼ ਸ਼ਰਮਾ ਨੇ ਕਿਹਾ ਕਿ ਅਗਾਂਹਵਧੂ ਕਿਸਾਨ ਗਗਨਦੀਪ ਸਿੰਘ ਦਾ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਹੋਰਨਾਂ ਕਿਸਾਨਾਂ ਨੂੰ ਵੀ ਇਨ੍ਹਾਂ ਤੋਂ ਸੇਧ ਲੈ ਕੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਦੇ ਨਾਲ-ਨਾਲ ਆਪਣੀ ਕਮਾਈ ਦੇ ਸਾਧਨਾਂ ਵਿੱਚ ਵਾਧਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੇਲਰ ਉੱਪਰ ਲਗਭਗ 7.5 ਲੱਖ ਰੁਪਏ ਸਬਸਿਡੀ ਦਿੱਤੀ ਜਾਂਦੀ ਹੈ ਅਤੇ ਵੱਧ ਤੋਂ ਵੱਧ ਕਿਸਾਨਾਂ ਨੂੰ ਇਸਦਾ ਲਾਭ ਲੈਣਾ ਚਾਹੀਦਾ ਹੈ।






## ਕਾਵਿ-ਟੋਟਾ/ਵਿਅੰਗ
## ਸ਼੍ਰੋਮਣੀ ਕਮੇਟੀ ਮੈਂਬਰੋ ਸੁਣੋ!

ਅੱਠ ਨਵੰਬਰ ਆਖਰੀ ਮੌਕਾ
ਮੁਕਤ ਕਰਨ ਦਾ ਆ ਗਿਆ ਸ਼ੁੱਭ ਮੌਕਾ
'ਪੀਲ਼ੀ ਵੇਲ' ਤੋਂ ਪੰਥ ਦਾ ਬਾਗ ਭਾਈ।

ਬਹੁਤੇ ਸਾਲ 'ਗੁਲਾਮੀ' ਦੇ ਵਿੱਚ ਗਾਲ਼ੇ
ਗਾਉ ਹੁਣੇ ਈ ਅਣਖ ਦਾ ਰਾਗ ਭਾਈ।

ਮੁੱਲ ਪਾਉਣ ਲਈ ਫਿਰੂ 'ਭਰਦਾਨ' ਦੌੜਾ
ਲਾਇਉ ਮੂੰਹ ਨਾ ਦਿਉ ਤਿਆਗ ਭਾਈ।

ਇੱਕ ਟੱਬਰ ਦੀ ਜਕੜ ਜੇ ਖਤਮ ਕਰ'ਤੀ
'ਦਲ' ਦੇ ਵਾਸਤੇ ਹੋਊ 'ਸੁਭਾਗ' ਭਾਈ।

ਉਹਦੇ ਲਈ 'ਸਵੇਰਾ' ਤਾਂ ਉਦੇ ਈ ਸਮਝੋ
ਸੁੱਤਾ ਪਿਆ ਕੋਈ ਜਦ ਪਵੇ ਜਾਗ ਭਾਈ।

'ਬਾਦਲ-ਪ੍ਰਸਤੀ' ਦੇ ਮੱਥੇ ਜੋ ਲੱਗ ਚੁੱਕੇ
'ਅੱਠ ਨਵੰਬਰ' ਨੂੰ ਧੋ ਦਿਉ ਦਾਗ ਭਾਈ!

**- ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**



ਬੀਤੇ ਦਿਨੀਂ ਅਮੈਰਿਕਨ ਸੀਨੀਅਰ ਸਿਟੀਜ਼ਨ, ਸੈਕਰਾਮੈਂਟੋ ਦੇ ਮੈਂਬਰ ਸਾਹਿਬਾਨ ਵੱਲੋਂ ਇਕ ਸਾਂਝੇ ਤੌਰ 'ਤੇ ਇਕੱਤਰਤਾ ਦੌਰਾਨ ਕੁਝ ਸੀਨੀਅਰ ਮੈਂਬਰਾਂ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਸ਼ੇਅਰੋ-ਸ਼ਾਇਰੀ ਅਤੇ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਨਾਮਵਰ ਗਾਇਕ ਪੰਮੀ ਮਾਨ ਨੇ ਲੋਕ ਗੀਤਾਂ ਨਾਲ ਆਏ ਮਹਿਮਾਨਾਂ ਦਾ ਮਨੋਰੰਜਨ ਕੀਤਾ ਅਤੇ ਬਾਕੀਆਂ ਨੇ ਗੀਤ/ਗਜ਼ਲਾਂ ਨਾਲ ਆਪਣੀ ਸਾਂਝ ਪਾਈ। ਇਸ ਮੌਕੇ ਸੁਖਚੈਨ ਸਿੰਘ ਨੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਮਾਣਯੋਗ ਸ੍ਰੀ ਰੌਜ਼ਰ ਡਿਕੀਸਨ ਨੇ ਸੀਨੀਅਰ ਸਿਟੀਜ਼ਨ ਸਨਮਾਨਿਤ ਵੀ ਕੀਤੇ।






# DR. TAKHAR'S FAMILY MEDICINE & URGENT CARE CLINIC

8191 Timberlake Way, Suite # 400, Sacramento, CA 95823, Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Dr. Paramjit S Takhar, MD

Goodie Takhar, PhD

We speak your language: Panjabi, Hindi, Urdu, Farsi, Arabic and Spanish

URGENT CARE CLINIC

# Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।



Call : Dharminder Singh

Cell : 530-870-6600

Email: myfuturetruck@gmail.com

Dharminder Singh

# ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਬਰਨਾਲਾ-ਸੰਗਰੂਰ ਦੀ ਛਿਮਾਹੀ ਇਕੱਤਰਤਾ ਬੈਠਕ

**ਬਰਨਾਲਾ, (ਦਲਜੀਤ ਕੌਰ)** ਲੋਕਾਂ ਦਾ ਸੋਚਣ ਢੰਗ ਵਿਗਿਆਨਿਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਬਰਨਾਲਾ-ਸੰਗਰੂਰ ਦੀ ਇਕ ਰੋਜ਼ਾ ਛਿਮਾਹੀ ਇਕੱਤਰਤਾ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ। ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਦੀ ਪ੍ਰਧਾਨਗੀ ਵਿੱਚ ਤੇ ਸੂਬਾ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ ਤੇ ਸੂਬਾ ਆਗੂ ਹੇਮਰਾਜ ਸਟੈਨੋ ਦੀ ਨਿਗਰਾਨੀ ਵਿੱਚ ਹੋਈ ਇਸ ਇਕੱਤਰਤਾ ਵਿੱਚ ਵਿੱਚ ਭਦੌੜ, ਬਰਨਾਲਾ, ਲੌਂਗੋਵਾਲ, ਸੁਨਾਮ, ਛਾਜਲੀ, ਦਿੜ੍ਹਬਾ, ਸੰਗਰੂਰ ਅਤੇ ਧੂਰੀ ਇਕਾਈਆਂ ਦੇ ਤਰਕਸ਼ੀਲ ਆਗੂਆਂ ਨੇ ਸ਼ਮੂਲੀਅਤ ਕੀਤੀ।



ਇਸ ਮੌਕੇ ਮਾਸਟਰ ਪਰਮਵੇਦ ਨੇ ਮੰਚ ਸੰਚਾਲਨ ਕਰਦਿਆਂ ਸਾਰੀਆਂ ਇਕਾਈਆਂ ਦੇ ਨੁਮਾਇੰਦਿਆਂ ਨੂੰ ਆਪਣੀ ਪੇਸ਼ ਕਰਨ ਵਾਲੀ ਰਿਪੋਰਟ ਵਿਚ ਸ਼ਾਮਿਲ ਨੁਕਤਿਆਂ ਨੂੰ ਧਿਆਨ ਵਿੱਚ ਰੱਖਣ ਬਾਰੇ ਵਿਸਥਾਰਪੂਰਵਕ ਦੱਸਿਆ। ਜ਼ੋਨ ਦੇ ਵਿੱਤ ਮੁਖੀ ਮੁਖੀ ਸੋਹਨ ਸਿੰਘ ਮਾਝੀ ਨੇ ਇਕੱਤਰਤਾ ਵਿੱਚ ਸ਼ਾਮਿਲ ਸਾਰਿਆਂ ਦਾ ਸਵਾਗਤ ਕੀਤਾ ਉਸ ਤੋਂ ਬਾਅਦ ਸਾਰੀਆਂ ਇਕਾਈਆਂ ਦੇ ਨੁਮਾਇੰਦਿਆਂ ਨੇ ਆਪੋ ਆਪਣੇ ਇਕਾਈ ਦੀ ਰਿਪੋਰਟ ਪੇਸ਼ ਕੀਤੀ। ਉਹਨਾਂ ਇਕਾਈ ਵਲੋਂ ਕੀਤੀਆਂ ਸਰਗਰਮੀਆਂ, ਚੇਤਨਾ ਪਰਖ ਪ੍ਰੀਖਿਆ ਬਾਰੇ ਵਿਸਥਾਰਤ ਜਾਣਕਾਰੀ, ਇਕਾਈ ਦੀਆਂ ਆਪਣੀਆਂ ਮੀਟਿੰਗਾਂ ਤੇ ਜ਼ੋਨ ਮੀਟਿੰਗਾਂ ਵਿੱਚ ਸ਼ਮੂਲੀਅਤ ਤੇ ਤਰਕਸ਼ੀਲਤਾ ਦੇ ਪ੍ਰਚਾਰ ਪ੍ਰਸਾਰ ਲਈ ਸੂਬੇ ਵਲੋਂ ਉਲੀਕੇ ਹਰ ਕਿਸਮ ਦੇ ਪ੍ਰੋਗਰਾਮਾਂ ਦੀ ਕੀਤੀਆ ਸਰਗਰਮੀਆਂ ਦੀ ਕਾਰਗੁਜ਼ਾਰੀ ਪੇਸ਼ ਕੀਤੀ। ਭਦੌੜ ਇਕਾਈ ਦੀ ਗੁਰਪ੍ਰੀਤ ਸ਼ਹਿਣਾ, ਬਰਨਾਲਾ ਇਕਾਈ ਦੀ ਸੋਹਣ ਸਿੰਘ ਮਾਝੀ, ਲੌਂਗੋਵਾਲ ਇਕਾਈ ਦੀ ਜੁਝਾਰ ਸਿੰਘ ਲੌਂਗੋਵਾਲ, ਸੁਨਾਮ ਇਕਾਈ ਦੀ ਦਵਿੰਦਰ ਸਿੰਘ, ਛਾਜਲੀ ਦੀ ਭੀਮ ਰਾਜ, ਦਿੜ੍ਹਬੇ ਦੀ ਨਾਇਬ ਸਿੰਘ ਰਟੋਲਾਂ, ਸੰਗਰੂਰ ਦੀ ਲੈਕਚਰਾਰ ਕ੍ਰਿਸ਼ਨ ਸਿੰਘ ਦੁੱਗਾਂ ਅਤੇ ਧੂਰੀ ਇਕਾਈ ਦੀ ਰਜਿੰਦਰ ਰਾਜੂ ਨੇ ਰਿਪੋਰਟ ਪੇਸ਼ ਕੀਤੀ। ਜ਼ੋਨ ਆਗੂਆਂ ਨੇ ਵੀ ਆਪੋ ਆਪਣੇ ਵਿਭਾਗ ਦੀ ਰਿਪੋਰਟ ਪੇਸ਼ ਕੀਤੀ।

ਇਸ ਮੌਕੇ ਹੇਮਰਾਜ ਸਟੈਨੋ ਨੇ ਤਰਕਸ਼ੀਲ ਸਾਥੀਆਂ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਤੇ ਆਪਣਾ ਬੌਧਿਕ ਵਿਕਾਸ ਕਰਨ ਦੀ ਕੀਮਤੀ ਸਲਾਹ ਦਿੱਤੀ। ਵਿਸ਼ਵ ਕਾਂਤ ਸੁਨਾਮ ਨੇ ਜਮਹੂਰੀਅਤ ਵਿਸ਼ੇ ਤੇ ਆਪਣੇ ਵਿਚਾਰ ਵਿਸਥਾਰਪੂਰਵਕ ਪ੍ਰਗਟਾਏ। ਮੰਗਲ ਧੂਰੀ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਨੇ ਤਰਕਸ਼ੀਲ ਸੱਭਿਆਚਾਰ ਕੀ ਹੋਵੇ, ਸੋਸ਼ਲ ਮੀਡੀਆ ਨੂੰ ਵਰਤਣ ਦੇ ਨੁਕਤੇ ਤੇ ਤਰਕਸ਼ੀਲ ਦੋਸਤਾਂ ਵੱਲੋਂ ਆਏ ਅੱਡ-ਅੱਡ ਨੁਕਤਿਆਂ ਨੂੰ ਸਪੱਸ਼ਟ ਕਰਦਿਆਂ ਤੇ ਸਵਾਲਾਂ ਦੇ ਜਵਾਬ ਦਿੰਦਿਆਂ ਇਕਾਈ ਤੇ ਜੋਨ ਮੀਟਿੰਗਾਂ ਵਿੱਚ ਤਰਕਸ਼ੀਲ ਸਭਿਆਚਾਰ ਤੇ ਵਿਚਾਰ ਗੋਸ਼ਟੀਆਂ ਕਰਵਾਉਣ ਦਾ ਸੁਝਾਅ ਦਿੱਤਾ। ਉਨ੍ਹਾਂ ਇਕਾਈ ਮੈਂਬਰਾਂ ਨੂੰ ਜਥੇਬੰਦਕ ਵਿਕਾਸ ਕਰਨ ਬਾਰੇ ਵੀ ਕਾਫੀ ਸੁਝਾਅ ਦਿੱਤੇ। ਜ਼ੋਨ ਮੀਡੀਆ ਮੁਖੀ ਸੀਤਾ ਰਾਮ ਨੇ ਜਿੱਥੇ ਆਪਣੇ ਵਿਭਾਗ ਦੀ ਰਿਪੋਰਟ ਪੇਸ਼ ਕੀਤੀ ਉੱਥੇ ਇਕੱਤਰਤਾ ਦੀ ਸਾਰੀ ਕਾਰਵਾਈ ਨੋਟ ਕੀਤੀ। ਜੋਨ ਦੇ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ ਨਾਇਬ ਸਿੰਘ ਰਟੋਲਾਂ ਨੇ ਜਿੱਥੇ ਮਾਨਸਿਕ ਸਮੱਸਿਆਵਾਂ ਦੇ ਕੇਸ ਹੱਲ ਕਰਨ ਵਿੱਚ ਆ ਰਹੀ ਸਮੱਸਿਆਵਾਂ ਬਾਰੇ ਆਪਣੀ ਗੱਲ ਸਾਂਝੀ ਕੀਤੀ ਉੱਥੇ ਇਕੱਤਰਤਾ ਵਿੱਚ ਸ਼ਾਮਿਲ ਸਾਰਿਆਂ ਦਾ ਧੰਨਵਾਦ ਵੀ ਕੀਤਾ। ਅੰਤ ਵਿੱਚ ਇਕਾਈਆਂ ਨੂੰ ਤਰਕਸ਼ੀਲ ਮੈਗਜ਼ੀਨ ਤੇ ਚੇਤਨਾ ਪਰਖ ਪ੍ਰੀਖਿਆ ਸਬੰਧੀ ਹਰ ਕਿਸਮ ਦੇ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ।

# ਪੰਜਾਬ ਸਰਕਾਰ ਦਾ ਰਵਈਆ ਕਿਸਾਨਾਂ ਪ੍ਰਤੀ ਵਿਤਕਰੇ ਵਾਲਾ: ਬੂਟਾ ਬੁਰਜਗਿੱਲ

**ਚੰਡੀਗੜ੍ਹ, (ਦਲਜੀਤ ਕੌਰ)-** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕੀ ਪੰਜਾਬ ਸਰਕਾਰ ਹਰੇਕ ਮੁਹਾਜ ਤੇ ਕਿਸਾਨੀ ਨਾਲ ਵਿਤਕਰਾ ਕਰ ਰਹੀ ਹੈ। ਪਿੱਛਲੇ ਦਿਨੀਂ ਹੋਈ ਕੈਬਿਨਟ ਦੀ ਅਹਿਮ ਮੀਟਿੰਗ ਵਿੱਚ ਦੀਵਾਲੀ ਦੇ ਤੋਹਫ਼ੇ



ਵੱਜੋਂ ਵਪਾਰੀ ਵਰਗ ਨੂੰ ਯਕਮੁੱਕਤ ਟੈਕਸ ਨਬੇੜਾ ਸਕੀਮ ਲਾਗੂ ਕਰਨ ਦਾ ਫੈਸਲਾ ਤਾਂ ਕਰ ਲਿਆ ਪਰ ਪਿੱਛਲੇ ਲੰਬੇ ਸਮੇਂ ਤੋਂ ਕਿਸਾਨ ਮੰਗ ਕਰਦੇ ਆ ਰਹੇ ਹਨ ਕੀ ਪੰਜਾਬ ਸਰਕਾਰ ਅਧੀਨ ਆਉਂਦੇ ਸਹਿਕ-ਾਰੀ ਤੇ ਲੈਂਡਮਾਰਕ ਬੈਂਕਾਂ ਵਿੱਚ ਯਕਮੁਕਤ ਕਰਜ਼ਾ ਸਕੀਮ ਲਾਗੂ ਕੀਤੀ ਜਾਵੇ ਪਰ ਕਿਸਾਨ ਜੱਥਬੰਦੀਆਂ ਨਾਲ ਮੀਟਿੰਗਾਂ ਦੇ ਵਿੱਚ ਹਾਮੀ ਭਰਨ ਬਾਵਜੂਦ ਹਲੇ ਤੱਕ ਇਸ ਮੰਗ ਤੇ ਸਰਕਾਰ ਨੇ ਕੋਈ ਫੈਸਲਾ ਨੀ ਕੀਤਾ। ਸ਼੍ਰੀ ਗਿੱਲ ਨੇ ਅੱਗੇ ਕਿਹਾ ਕੀ ਅਸੀਂ ਵਪਾਰੀ ਵਰਗ ਨੂੰ ਦਿੱਤੇ ਇਸ ਤੋਹਫ਼ੇ ਦਾ ਵਿਰੋਧ ਨੀ ਕਰਦੇ ਪਰ ਪੰਜਾਬ ਸਰਕਾਰ ਕਿਸਾਨਾਂ ਨਾਲ ਵਿਤਕਰਾ ਕਿਉਂ ਕਰ ਰਹੀ ਹੈ ਅਗਰ ਟੈਕਸ ਡਿਫਾਲਟਰ ਹੋਏ ਵਪਾਰੀ ਦੇ ਯਕਮੁੱਕਤ ਟੈਕਸ ਭਰਨ ਨਾਲ ਸਰਕਾਰ ਦਾ ਮਾਲੀਆ ਵੱਧ ਸਕਦਾ ਤਾਂ ਯਕਮੁੱਕਤ ਕਰਜ਼ਾ ਸਕੀਮ ਨਾਲ ਵੀ ਮਾਲੀਆ ਵਧੇਗਾ। ਉਹਨਾਂ ਕਿਹਾ ਕਿ ਸਰਕਾਰ ਨੂੰ 2011 ਤੋ ਬੰਦ ਪਈ ਇਸ ਸਕੀਮ ਨੂੰ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕੀ ਪੰਜਾਬ ਸਰਕਾਰ ਪਰਾਲੀ ਦੇ ਮੁੱਦੇ ਤੇ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ।

# ਪਿੰਡ ਖੇੜੀ ਨਾਗਾ ਵਿਖੇ ਲੱਗੀ ਗੱਤਾ ਫੈਕਟਰੀ ਲਈ ਇਕੱਠੀ ਕਰਵਾਈ ਗਈ 25,000 ਕੁਇੰਟਲ ਪਰਾਲੀ

**ਦਿੜ੍ਹਬਾ/ਸੰਗਰੂਰ, (ਦਲਜੀਤ ਕੌਰ)-** ਪਰਾਲੀ ਨੂੰ ਅੱਗ ਲਗਾਏ ਜਾਣ ਦੇ ਮਾੜੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਉੱਪਰ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਲਗਾਤਾਰ ਕਿਸਾਨਾਂ ਨੂੰ ਇਸ ਦੇ ਯੋਗ ਪ੍ਰਬੰਧਨ ਲਈ ਲੋੜੀਂਦੀ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ। ਇਨ੍ਹਾਂ ਉਪਰਾਲਿਆਂ ਤਹਿਤ ਹੀ ਪਿੰਡ ਖੇੜੀ ਨਾਗਾ ਵਿਖੇ ਲੱਗੀ ਮਹਾਂ ਲਕਸ਼ਮੀ ਬੋਰਡ ਮਿੱਲਜ਼ ਨਾਂ ਦੀ ਗੱਤਾ ਫੈਕਟਰੀ ਵੱਲੋਂ ਵੀ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਲਈ ਆਪਣਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਐਸ.ਡੀ.ਐਮ. ਦਿੜ੍ਹਬਾ ਰਾਜੇਸ਼ ਸ਼ਰਮਾ ਨੇ ਡੀ.ਐਸ.ਪੀ. ਪ੍ਰਿਥਵੀ ਸਿੰਘ ਚਹਿਲ ਅਤੇ



ਸੈਕਟਰੀ ਮਾਰਕਿਟ ਕਮੇਟੀ ਦਿੜ੍ਹਬਾ ਕੁਲਵਿੰਦਰ ਸਿੰਘ ਭੁੱਲਰ ਨਾਲ ਫੈਕਟਰੀ ਦਾ ਦੌਰਾ ਕਰਨ ਤੋਂ ਬਾਅਦ ਦੱਸਿਆ ਕਿ ਇਹ ਫੈਕਟਰੀ ਪਰਾਲੀ ਸੰਭਾਲਣ ਲਈ ਕਿਸਾਨਾਂ ਲਈ ਵੱਡੀ ਮਦਦਗਾਰ ਸਾਬਤ ਹੋ ਰਹੀ ਹੈ ਕਿਉਂਕਿ ਹੁਣ ਤੱਕ ਇਸ ਫੈਕਟਰੀ ਦੇ ਮਾਲਕਾਂ ਵੱਲੋਂ 25,000 ਕੁਇੰਟਲ ਪਰਾਲੀ ਇਕੱਠੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਅੱਜ ਵੀ ਇਸ ਫੈਕਟਰੀ ਨਾਲ ਸਬੰਧਤ ਮਸ਼ੀਨਾਂ ਸੂਲਰ ਇਲਾਕੇ ਵਿੱਚ ਕਿਸਾਨਾਂ ਦੇ ਖੇਤਾਂ ਵਿੱਚ ਪਰਾਲੀ ਇਕੱਠੀ ਕਰਨ ਲਈ ਦਿਨ-ਰਾਤ ਇੱਕ ਕਰਕੇ ਕੰਮ ਕਰ ਰਹੀਆਂ ਹਨ।


ਐਸ.ਡੀ.ਐਮ. ਨੇ ਕਿਹਾ ਕਿ ਵਾਤਾਵਰਨ ਬਚਾਉਣ ਪੱਖੋਂ ਫੈਕਟਰੀ ਮਾਲਕਾਂ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਇਸੇ ਤਰਜ਼ ਉੱਪਰ ਬਾਕੀ ਗੱਤਾ ਫੈਕਟਰੀਆਂ ਨੂੰ ਵੀ ਪਰਾਲੀ ਇਕੱਠੀ ਕਰਨ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਸੰਭਾਲ ਵਿੱਚ ਯੋਗਦਾਨ ਪਾਉਣ ਵਾਲੀਆਂ ਇਨ੍ਹਾਂ ਫੈਕਟਰੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਮਦਦ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਇਲਾਕੇ ਦੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਝੋਨੇ ਦੀ ਵਾਢੀ ਤੋਂ ਬਾਅਦ ਬਚਣ ਵਾਲੀ ਪਰਾਲੀ ਦਾ ਸਦਉਪਯੋਗ ਕਰਨ ਅਤੇ ਇਸ ਅੱਗ ਲਗਾ ਕੇ ਵਾਤਾਵਰਨ ਨੂੰ ਗੰਧਲਾ ਨਾ ਕਰਨ।







# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 19 ਨਵੰਬਰ ਨੂੰ ਵਲੇਹੋ, ਅਮੈਰੀਕਨ ਕੈਨੀਅਨ ਵਿਖੇ ਮਨਾਇਆ ਜਾਵੇਗਾ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਮਹਾਨ ਕਥਾਵਾਚਕ ਅਤੇ ਸ਼ਬਦ ਗੁਰਬਾਣੀ ਦੇ ਗਿਆਤਾ ਇਤਿਹਾਸਕ ਤੱਥਾਂ ਦੀ ਸਾਂਝ ਸੰਗਤਾਂ ਨਾਲ ਸਾਂਝੀ ਕਰਨਗੇ। ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਬਹੁਤ ਸਾਰੇ ਬੁਲਾਰੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## November 19, 2023 (SUNDAY)

## Time: 9:00AM to 4:00PM

## 300 Napa Junction Road, American Canyon CA 94503

**ਇਸ ਮੌਕੇ ਭਗਵਾਨ ਵਾਲਮੀਕ ਜੀ ਦੀਆਂ ਸਿਖਿਆਵਾਂ ਬਾਰੇ ਬਹੁਪੱਖੀ ਸ਼ਖਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ।**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**Kewal Sidhu 707-704-3869**

**Sodhi Nahar 707-704-5216**

**Bhinda Singh 916-613-3311**

**Baljiwan Dass 408-394-6729**

**Rajinder Hans 925-214-6454**

**Dr. Gurjit Singh 925-321-0117**

**Avtar Uppal 408-613-4790**

**Gurpal Singh 916-873-0311**

**ਜਾਰੀ ਕਰਤਾ: ਭਗਵਾਨ ਵਾਲਮੀਕ ਜੀ ਦੇ ਸਮੂਹ ਸ਼ਰਧਾਲੂ (ਕੈਲੇਫੋਰਨੀਆ)**

ਬੀਤੀ 15 ਅਕਤੂਬਰ 2023 ਨੂੰ ਸ੍ਰੀ ਭਗਤ ਰਾਮ (ਵੇਟ ਲਿਫਟਿੰਗ ਕੋਚ), ਅਕਾਲ ਚਲਾਣਾ ਕਰ ਗਏ ਸਨ, ਦਾ 21 ਅਕਤੂਬਰ 2023 ਨੂੰ ਸੈਕਰਾਮੈਂਟੋ ਵਿਖੇ ਸਸਕਾਰ ਕਰਨ ਉਪਰੰਤ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਪਾਠ ਅਤੇ ਅੰਤਿਮ ਅਰਦਾਸ ਕੀਤੀ ਗਈ। ਸਸਕਾਰ ਮੌਕੇ ਸ੍ਰੀ ਪਰਮਜੀਤ ਭੁੱਟਾ, ਸ੍ਰੀ ਸਿਕੰਦਰਪਾਲ ਸਿੰਘ ਅਤੇ ਸ੍ਰੀ ਪ੍ਰੇਮ ਪਾਲ ਆਦਿ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਵੱਲੋਂ ਵਿਛੜੀ ਰੂਹ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਅਦਾਰਾ "ਦੇਸ਼ ਦੁਆਬਾ" ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਦੁਆ ਕੀਤੀ। *(ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ")*






ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਗੁਰਦੀਪ ਸਿੰਘ ਜੀ, ਜਥੇ ਨਾਲ ਅਰਦਾਸ ਅਤੇ ਸ਼ਬਦ ਗਾਇਨ ਕਰਦੇ ਹੋਏ।











ਇਸ ਮੌਕੇ ਸ਼ਰਧਾਂਜਲੀ ਭੇਂਟ ਕਰਦਿਆਂ ਦੀਆਂ ਵੀਡੀਓ ਦੇਸ਼ ਦੁਆਬਾ ਚੈਨਲ, ਯੂ-ਟਿਊਬ 'ਤੇ ਦੇਖੀਆਂ ਜਾ ਸਕਦੀਆਂ ਹਨ।




# ‘ਵਿਸ਼ਵ ਪੰਜਾਬੀ ਸਭਾ ਕੈਨੇਡਾ’ ਦੀ ਦੁਬਈ ਕਾਨਫ਼ਰੰਸ ਚਿੰਤਨ ਦਾ ਨਵਾਂ ਆਗਾਜ

## ਸਾਹਿਤਕਾਰ ਸਾਂਝੀ ਛੱਤ ਥੱਲੇ ਸਿਰਜੋੜ ਬੈਠਣ ਤਾਂ ਮਾਂ-ਬੋਲੀ ਦੀ ਵਧੇਗੀ ਸ਼ਾਨ: ਡਾ. ਕਥੂਰੀਆ

‘ਵਿਸ਼ਵ ਪੰਜਾਬੀ ਸਭਾ ਕੈਨੇਡਾ’ ਦੀ ਪਹਿਲੀ ਦੋ-ਰੋਜਾ ਵਿਸ਼ਵ ਪੰਜਾਬੀ ਕਾਨਫ਼ਰੰਸ ਦਾ ਦੁਬਈ ਦੇ ਡੈਰ੍ਹਾ ਸ਼ਹਿਰ ਵਿੱਚ ਸਭਾ ਦੇ ਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਧਾਨ ਲੈਕ ਬਲਵੀਰ ਕੌਰ ਰਾਏਕੋਟੀ ਦੀ ਅਗਵਾਈ ਵਿੱਚ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿਚ ਪ੍ਰਧਾਨਗੀ ਮੰਡਲ ਵਿਚ ਪੰਜਾਬੀਅਤ ਦੇ ਅਲੰਬਰਦਾਰ ਮੁੱਖ ਮਹਿਮਾਨ ਸੁੱਖੀ ਬਾਠ, ਸਭਾ ਦੇ ਚੇਅਰਮੈਨ ਡਾ ਦਲਵੀਰ ਸਿੰਘ ਕਥੂਰੀਆ, ਪ੍ਰਧਾਨ ਲੈਕ ਬਲਬੀਰ ਕੌਰ, ਪ੍ਰੋ ਸੰਧੂ ਵਰਿਆਣਵੀ, ਪ੍ਰਸਿੱਧ ਕਵਿੱਤਰੀ ਮਨਜੀਤ ਇੰਦਰਾ, ਗ਼ਜ਼ਲਗੋ ਡਾ। ਗੁਰਚਰਨ ਕੋਚਰ, ਆਸਿਫ਼, ਪਰਮਜੀਤ ਕੌਰ ਲਾਂਡਰਾਂ ਸ਼ਾਮਲ ਹੋਏ। ਡਾ ਕਥੂਰੀਆ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਸਭਾ ਦੇ ਉਦੇਸ਼ਾਂ ਦੀ ਤਫ਼ਸੀਲ ਕਰਦਿਆਂ ਕਿਹਾ ਕਿ ਅਸੀਂ ਤਾਂ ਹੀ ਮਾਤ ਭਾਸ਼ਾ ਅਤੇ ਆਪਣੇ ਸਭਿਆਚਾਰ ਦੀ ਰਾਖੀ ਕਰ ਸਕਾਂਗੇ ਜੇਕਰ ਅਸੀਂ ਵਿਸ਼ਵ ਭਰ ਵਿੱਚ ਵੱਸਦੇ ਪੰਜਾਬੀ ਸਾਂਝੀ ਛੱਤ ਥੱਲੇ ਪਿਆਰ ਨਾਲ ਜੁੜ ਬੈਠਾਂਗੇ।ਕਾਨਫ਼ਰੰਸ ਵਿੱਚ ਸੰਸਾਰ ਭਰ ਤੋਂ 100 ਤੋਂ ਵਧੇਰੇ ਪੰਜਾਬੀ ਮਾਂ-ਬੋਲੀ ਦੇ ਚਿੰਤਕ ਡੈਲੀਗੇਟਸ ਨੇ ਸ਼ਿਰਕਤ ਕੀਤੀ। ਕਾਨਫਰੰਸ ਵਿੱਚ ਪੜ੍ਹੇ ਗਏ ਖੋਜ ਪਰਚਿਆਂ ਵਿੱਚ ਵਧੇਰੇ ਵਿਦਵਾਨਾਂ ਨੇ ਪੰਜਾਬੀ ਦੇ ਸਰੂਪ ਨੂੰ ਬਰਕਰਾਰ ਰੱਖਣ ਲਈ ਇਹ ਧਾਰਨਾ ਪੇਸ਼ ਕੀਤੀ ਕਿ ਘਰਾਂ ਵਿੱਚ ਤੇ ਪ੍ਰਾਇਮਰੀ ਪੱਧਰ ’ਤੇ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਨ ਲਈ ਵੱਡੇ ਯਤਨ ਕਰਨ ਦੀ ਲੋੜ ਹੈ, ਖੁਸ ਰਹੇ ਸ਼ਬਦ ਆਪਣੀ ਨਵੀਂ ਪੀੜ੍ਹੀ ਨੂੰ ਵਰਤਣ ਲਾਉਣਾ ਪਵੇਗਾ।ਪੜ੍ਹੇ ਗਏ ਪਰਚਿਆਂ ਉਤੇ ਵਿਚਾਰ ਚਰਚਾ ਦਾ ਆਰੰਭ ਕਰਦਿਆਂ ਪ੍ਰਿੰਸੀਪਲ ਗੁਰਜੰਟ ਸਿੰਘ ਨੇ ਕਿਹਾ ਕਿ ਭਾਸ਼ਾ ਅਤੇ ਸੱਭਿਆਚਾਰ ਬਰਾਬਰ ਗਤੀਸ਼ੀਲ ਰਹਿੰਦੇ ਹਨ,ਇਸ ਕਰਕੇ ਅਸੀਂ ਸਿਰਫ ਭਾਵਕ ਹੋ ਕੇ ਆਪਣੀ ਮਾਂ ਬੋਲੀ ਦਾ ਬਚਾਅ ਨਹੀਂ ਕਰ ਸਕਦੇ ਬਲਕਿ ਸਾਨੂੰ ਵਿਸ਼ਵੀਕਰਨ ਦੇ ਸੰਦਰਭ ਵਿੱਚ ਆਪਣੀ ਭਾਸ਼ਾ ਦੇ ਵਿਕਾਸ ਲਈ ਵਿਕਲਪ ਤਲਾਛਣੇ ਪੈਣਗੇ।

ਚਰਚਾ ਵਿੱਚ ਬਲਜੀਤ ਬੱਲੀ ਆਦਿ ਨੇ ਭਾਗ ਲਿਆ। ਆਪਣੇ ਭਾਸ਼ਣ ਵਿੱਚ ਸਤਿਕਾਰਯੋਗ ਸੁਖੀ ਬਾਠ ਨੇ ਮੁਹੱਬਤ ਦੀ ਸਾਂਝ ਨੂੰ ਪੰਜਾਬੀਆਂ ਦੇ ਵਿਕਾਸ ਦਾ ਮੂਲ ਸੂਤਰ ਨਿਸ਼ਚਿਤ ਕੀਤਾ।ਪ੍ਰੋ ਵਰਿਆਣਵੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਾਨਫਰੰਸ ਦੀ ਸਫ਼ਲਤਾ ਉਤੇ ਤਸੱਲੀ ਪ੍ਰਗਟ ਕਰਦਿਆਂ ਪੇਸ਼ ਹੋਏ ਚਿੰਤਨ-ਮੰਥਨ ਨਾਲ ਸਹਿਮਤੀ ਪ੍ਰਗਟ ਕੀਤੀ। ਦੋਨੋਂ ਦਿਨਾਂ ਦੇ ਕਵੀ ਦਰਬਾਰ ਵਿਚ ਹਾਜ਼ਰ ਕਵੀਆਂ ਨੇ ਪੰਜਾਬੀ ਹਿਤੈਸ਼ੀ ਅਤੇ ਉਚਪਾਏ ਦੀਆਂ ਕਵਿਤਾਵਾਂ ਪੇਸ਼ ਕੀਤੀਆਂ, ਜਿਨ੍ਹਾਂ



ਵਿੱਚ ਪ੍ਰਮੁੱਖ ਤੌਰ ਤੇ ਸਰਵਸ੍ਰੀ ਮਨਜੀਤ ਇੰਦਰਾ, ਗੁਰਚਰਨ ਕੋਚਰ, ਨਿਰਮਲਾ ਗਰਗ, ਬਲਦੀਪ ਸਿੰਘ ਸ਼ਾਰਜਾਹ, ਸੁੰਦਰ ਰਾਜਾਸਾਂਸੀ, ਧੜਾਕ, ਗੁਰਜੀਤ ਅਜਨਾਲਾ। (ਹੋਰ ਸ਼ਾਮਲ ਕਰ ਲੈਣਾ ਜੀ)। ਸ਼ਮਸੇਰ ਸਿੰਘ ਦੀ ਨਿਰਦੇਸ਼ਨਾ ਹੇਠ (ਨਾਟਕ ਦਾ ਨਾਮ) ਨਾਟਕ, ਗਿੱਧਾ, ਲੋਕ ਸੰਗੀਤ ਨੇ ਕਾਨਫਰੰਸ ਵਿੱਚ ਸੰਜੀਦਗੀ ਪੈਦਾ ਕੀਤੀ। ਸਭਾ ਦੇ ਪ੍ਰਧਾਨ ਲੈਕ ਬਲਬੀਰ ਕੌਰ ਰਾਏਕੋਟੀ ਨੇ ਵਿਸ਼ਵ ਭਰ ਤੋਂ ਸ਼ਾਮਲ ਹੋਏ ਚਿੰਤਕਾਂ, ਕਵੀਆਂ, ਨਾਟਕਾਰਾਂ ਤੇ ਮੀਡੀਏ ਦਾ ਹਾਰਦਿਕ ਅਭਿਨੰਦਨ ਕੀਤਾ।

ਕਾਨਫਰੰਸ ਦੀ ਸੰਪੂਰਨਤਾ ਸੰਬੰਧੀ ਆਪਣੇ ਹਾਵ-ਭਾਵ ਸਾਂਝੇ ਕਰਦਿਆਂ ਵਿਸ਼ਵ ਪੰਜਾਬੀ ਸਭਾ, ਕੈਨੇਡਾ ਦੇ ਚੇਅਰਮੈਨ ਡਾ। ਦਲਬੀਰ ਸਿੰਘ ਕਥੂਰੀਆਂ ਨੇ ਪੰਜਾਬੀ ਮਾਂ-ਬੋਲੀ ਦੀ ਪ੍ਰਫ਼ੁੱਲਤਾ ਵਾਸਤੇ ਪੰਜਾਬੀ ਮਾਂ ਬੋਲੀ ਦੇ ਸ਼ੁਦਾਈ ਸਪੂਤਾਂ ਨੂੰ ਸਿਰਜੋੜ ਯਤਨ ਕਰਨ ਵਾਸਤੇ ਅੱਗੇ ਆਉਣ ਦੀ ਅਪੀਲ ਕੀਤੀ। ਕਥੂਰੀਆ ਨੇ ਕਿਹਾ ਕਿ ਵਿਸ਼ਵੀਕਰਨ ਦਾ ਦੌਰ ਬੇਸ਼ੱਕ ਸਾਨੂੰ ਮਾਂ-ਬੋਲੀ ਨਾਲੋਂ ਤੋੜਨ ਦੇ ਵੱਡੇ ਮਸਲੇ ਉਤਪੰਨ ਕਰ ਰਿਹਾ ਹੈ, ਪਰ ਸਾਨੂੰ ਇਸ ਚੁਣੌਤੀ ਨੂੰ ਸਿਰੜ, ਸਿਦਕ, ਪਿਆਰ , ਇੱਕਜੁੱਟ ਹੋਕੇ ਜਿੱਤਣਾ ਹੋਵੇਗਾ।ਉਨ੍ਹਾਂ ਕਿਹਾ ਹੈ ਕਿ ਸਭਾ ਦਾ ਇਹ ਪਹਿਲਾ ਯਤਨ ਹੈ ਜਿਸ ਨੇ ਪੂਰੇ ਸੰਸਾਰ ਵਿਚ ਮਾਂ-ਬੋਲੀ ਪ੍ਰਤੀ ਸੁਚੇਤ ਹੋਣ ਤੇ ਵੱਡੇ ਯਤਨ ਕਰਨ ਦਾ ਸੰਦੇਸ਼ ਦਿੱਤਾ ਹੈ। ਕਥੂਰੀਆ ਨੇ ਅੱਗੇ ਕਿਹਾ ਕਿ ਦੁਬਈ ਦੀ ਕਾਨਫ਼ਰੰਸ ਦੇ ਸਾਰੇ ਪ੍ਰਬੰਧ ਕਰਨ ਵਾਸਤੇ ਦੁਬਈ ਦੇ ਪ੍ਰਧਾਨ ਸਤਵਿੰਦਰ ਸਿੰਘ ਹੁੰਦਲ ਵਧਾਈ ਦੇ ਪਾਤਰ ਹਨ। ਕਥੂਰੀਆ ਨੇ ਅੱਗੇ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿਚ ਪੰਜਾਬੀ ਦੇ ਹਿਤੈਸ਼ੀਆਂ ਤੇ ਝੰਡਾ ਬਰਦਾਰਾਂ ਨੂੰ ਇਕੱਠਾ ਕਰਕੇ ਵੱਡਾ ਕਾਫ਼ਲਾ ਬਣਾਵੇਗੀ, ਇਸ ਤਰ੍ਹਾਂ ਅਸੀਂ ਸਾਰੇ ਮਿਲਕੇ ਮਾਂ ਬੋਲੀ ਦਾ ਕਰਜ਼ ਉਤਾਰਨ ਲਈ ਯਤਨ ਕਰ ਸਕਾਂਗੇ। ਕਾਨਫਰੰਸ ਦੇ ਅੰਤ ਵਿਚ ਪ੍ਰਮੁੱਖ ਸ਼ਖ਼ਸੀਅਤਾਂ ਦਾ ਮਾਨ-ਸਨਮਾਨ ਕੀਤਾ ਗਿਆ। ਸਾਰੇ ਮਾਨ-ਸਨਮਾਨ ਸਰਦਾਰਨੀ ਕਰਮਜੀਤ ਕੌਰ ਕੋਮਲ ਵਲੋਂ ਸਪਾਂਸਰ ਕੀਤੇ ਗਏ। ਸਰਦਾਰਨੀ ਕੋਮਲ ਨੇ ਸਾਰੇ ਡੈਲੀਗੇਟਸ ਨੂੰ ਵਿਦਾਇਗੀ ਸਮੇਂ ਆਪਣੇ ਘਰ ਸੱਦ ਕੇ ਰਾਤ ਦਾ ਪ੍ਰੀਤੀ ਭੋਜਨ ਵੀ ਦਿੱਤਾ।

### ਬਰਾਕਸ ਲਈ ਇਲਾਕਾਈ ਸ਼ਬਦ ਮਰਨ ਨਾਲ ਖ਼ਾਤਮੇ ਵੱਲ ਜਾਂਦੀ ਹੈ ਭਾਸ਼ਾ

ਕਾਨਫ਼ਰੰਸ ਦੌਰਾਨ ਡਾ। ਸੁਰਜੀਤ ਸਿੰਘ ਸੱਧਰ ਨੇ ਮਾਂ ਬੋਲੀ ਦੇ ਪਸਾਰ ਵਾਸਤੇ ਯਤਨ ਹੋਰ ਤੇਜ਼ ਕਰਨ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬੋਲੀ ਦੇ ਬਚਾਅ, ਪਸਾਰ ਤੇ ਅਹਿਮੀਅਤ ਸਾਨੂੰ ਪਹਿਲਾਂ ਖ਼ੁਦ ਪਛਾਣਨੀ ਹੋਵੇਗੀ। ਸਤਵਿੰਦਰ ਸਿੰਘ ਧੜਾਕ ਨੇ ਮਾਤ ਭਾਸ਼ਾ ਦਾ ਮਨੁੱਖ ਦੇ ਜੀਵਨ ’ਚ ਮਹੱਤਵ ਵਿਸ਼ੇ ’ਤੇ ਪਰਚਾ ਪੜ੍ਹਦਿਆਂ ਕਿਹਾ ਕਿ ਇਲਾਕਾਈ ਸ਼ਬਦਾਂ ਦਾ ਮਰਨਾ ਮਾਂ ਬੋਲੀ ਦੇ ਖ਼ਾਤਮੇ ਦਾ ਕਾਰਨ ਬਣਦਾ ਹੈ। ਉਨ੍ਹਾਂ ‘ਯੂਨੈਸਕੋ’ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ 197 ਭਾਰਤੀ ਭਾਸ਼ਾਵਾਂ ਨੂੰ 'ਖ਼ਾਤਮੇ ਦਾ ਖ਼ਤਰਾ ਦੱਸਿਆ। ਇਸ ਦਾ ਕਾਰਨ ਕਾਰਨ ਪਹਿਲਾਂ ਮਿਸ਼ਰਤ ਤੇ ਬਾਅਦ ਵਿਚ ਅਲੋਪ ਹੋਣ ਦਾ ਡਰ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚ ਸਭ ਤੋਂ ਵੱਧ ਖ਼ਤਰਾ ਵੱਖ-ਵੱਖ ਗ਼ੈਰ-ਲਿਪੀ ਭਾਸ਼ਾਵਾਂ ਨੂੰ ਹੈ। ਲਹਿੰਦੇ ਪੰਜਾਬ ਤੋਂ ਐਡਵੋਕੇਟ ਰਸ਼ੀਦ ਅਹਿਮਦ ਨੇ ਪੰਜਾਬੀ ਜ਼ੁਬਾਨ ਦੇ ਬਦਲਦੇ ਸਰੂਪ ’ਤੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਅਗਾਹ ਕੀਤਾ ਤੇ ਲਾਂਘਾ ਖੁਲ੍ਹਣ ’ਤੇ ਵੀ ਧਾਰਮਿਕ ਸਥਾਨਾਂ ’ਤੇ ਤੈਅ ਗਿਣਤੀ ਤੋਂ ਘੱਟ ਹਾਜ਼ਰੀ ’ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਕੰਵਲਦੀਪ ਕੌਰ ਪਟਿਆਲਾ ਨੇ ਭਾਸ਼ਾ ਦੇ ਵਿਗੜਦੇ ਰੂਪ ਤੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਮਾਂ ਬੋਲੀ ਨੂੰ ਬਚਾਉਣ ਲਈ ਘਰ ਤੋਂ ਹੀ ਉਪਰਾਲੇ ਸ਼ੁਰੂ ਕਰ ’ਤੇ ਜ਼ੋਰ ਦਿੱਤਾ। ਇਸੇ ਤਰ੍ਹਾਂ ਭਾਰਤ ਦੇ ਪ੍ਰਧਾਨ ਬਲਬੀਰ ਕੌਰ ਰਾਏਕੋਟੀ ਨੇ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦਾ ਪੰਜਾਬੀ ਵਿਚ ਰਲ਼ੇਵਾਂ ਮਾਂ ਬੋਲੀ ਦੇ ਸ਼ਬਦ ਭੰਡਾਰ ’ਚ ਤੋਹਫ਼ਾ ਦੱਸਿਆ। ਰਾਏਕੋਟੀ ਨੇ ਜ਼ੋਰ ਦਿੱਤਾ ਕਿ ਭਾਵੇਂ ਇਹ ਚੰਗਾ ਆਲਮ ਹੈ ਪਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਾਡੇ ਆਪਣੇ ਸ਼ਬਦਾਂ ’ਤੇ ਇਸ ਆਲਮ ਦਾ ਕੋਈ ਅਸਰ ਨਾ ਪਵੇ। ਗੁਰਮਿੰਦਰਪੌਲ ਸਿੰਘ ਆਹਲੂਵਾਲੀਆ ਨੇ ਸਮੁੱਚੇ ਪੰਜਾਬੀਆਂ ਨੂੰ ਮਾਂ ਬੋਲੀ ਦੇ ਪਸਾਰ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਇਸੇ ਤਰ੍ਹਾਂ ਸੰਜੀਵਨ ਸਿੰਘ, ਬਲਜੀਤ ਬੱਲੀ, ਸੰਦੀਪ ਕੌਰ ਚੀਮਾ, ਗੁਰਪ੍ਰੀਤ ਕੌਰ ਅਤੇ ਹੋਰਨਾ ਨੇ ਮਾਂ ਬੋਲੀ ਪ੍ਰਤੀ ਸੁਚੇਤ ਰਹਿਣ ਤੇ ਭਾਸ਼ਾਈ ਪਿਆਰ ਵਧਾਉਣ ਲਈ ਜ਼ੋਰ ਦਿੱਤਾ।

**ਪੇਸ਼ਕਾਰੀ- ਰੇਸ਼ਮ ਕਰਨਾਣਵੀ**


NSB Insurance

for Insurance Call:
NIRMAL SINGH BADHAN
707-228-2020



Lic #0144676

NIRMAL SINGH BADHAN

HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

Call: 707-228-2020,
Fax: 707-260-2813

www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd # 100 Sacramento, CA 95834

# 6 ਦਸੰਬਰ 2023 ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਸੰਗਰੂਰ ਦਾ ਜਬਰਦਸਤ ਘਿਰਾਓ ਦਾ ਐਲਾਨ

## "ਜਦੋਂ ਚੜ੍ਹਦਾ ਸੂਰਜ ਸੰਘਰਸ਼ਾਂ ਦਾ, ਤਕਦੀਰ ਬਦਲਦੀ ਕੌਮਾਂ ਦੀ"



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਭਰ ਦੀਆਂ ਸਿਰਮੌਰ ਐੱਸ.ਸੀ./ਬੀ.ਸੀ ਮੁਲਾਜ਼ਮ, ਮਜ਼ਦੂਰ, ਧਾਰਮਿਕ ਅਤੇ ਸਮਾਜਿਕ ਜੱਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਵਲੋਂ ਚੇਅਰਮੈਨ ਸ੍ਰੀ ਜਸਵੀਰ ਸਿੰਘ ਪਾਲ ਦੀ ਅਗਵਾਈ ਹੇਠ ਵੱਖ ਵੱਖ ਜਾਇਜ਼ ਅਤੇ ਭਖਦੇ ਮੁੱਦਿਆਂ ਨੂੰ ਲੈ ਕੇ ਤਿੱਖਾ ਸੰਘਰਸ਼ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਜੱਥੇਬੰਦੀਆਂ ਵਲੋਂ ਉਲੀਕੇ ਗਏ ਪ੍ਰੋਗਰਾਮ ਦੇ ਐਲਾਨ ਅਨੁਸਾਰ 6 ਦਸੰਬਰ 2023 ਨੂੰ ਯੁੱਗ ਪਲਟਾਊ ਰਹਿਨੁਮਾ ਡਾ ਭੀਮ ਰਾਓ ਅੰਬੇਡਕਰ ਜੀ ਦੇ 67ਵੇਂ ਪਰਿ-ਨਿਰਵਾਣ ਦਿਵਸ ਦੇ ਮੌਕੇ ਤੇ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਸੰਗਰੂਰ ਸਥਿਤ ਰਿਹਾਇਸ਼ ਦਾ ਜ਼ਬਰਦਸਤ ਘਿਰਾਓ ਅਤੇ ਰੋਸ ਪਰਦਰਸ਼ਨ ਕੀਤਾ ਜਾਵੇਗਾ।

# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਸ. ਮਨਮੋਹਨ ਸਿੰਘ ਬਾਸਰਕੇ ਦੇ ਅਕਾਲ ਚਲਾਣੇ 'ਤੇ ਦੁਖ਼ ਦਾ ਪ੍ਰਗਟਾਵਾ



**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਵਲੋਂ ਪੰਜਾਬੀ ਦੇ ਪ੍ਰਸਿੱਧ ਲੇਖਕ ਸ. ਮਨਮੋਹਨ ਸਿੰਘ ਬਾਸਰਕੇ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ਼ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰੈਸ ਨੂੰ ਜਾਰੀ ਇਕ ਸਾਂਝੇ ਬਿਆਨ ਵਿਚ ਮੰਚ ਦੇ ਸਰਪ੍ਰਸਤ ਪ੍ਰੋਫ਼ੈਸਰ ਮੋਹਨ ਸਿੰਘ, ਡਾ. ਚਰਨ-ਜੀਤ ਸਿੰਘ ਗੁਮਟਾਲਾ, ਸ. ਮਨਮੋਹਨ ਸਿੰਘ ਬਰਾੜ, ਪ੍ਰਿਸੀਪਲ ਕੁਲਵੰਤ ਸਿੰਘ ਅਣਖੀ ਤੇ ਸ. ਹਰਦੀਪ ਸਿੰਘ ਚਾਹਲ, ਪ੍ਰਧਾਨ ਇੰਜ. ਹਰਜਾਪ ਸਿੰਘ ਔਜਲਾ ਸੀਨੀਅਰ ਮੀਤ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਜਨਰਲ ਸਕੱਤਰ ਸ. ਸੁਰਿੰਦਰਜੀਤ ਸਿੰਘ ਬਿੱਟੂ ਤੇ ਸਮੂਹ ਮੈਂਬਰਾਨ ਵੱਲੋਂ ਵਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਬਾਸਰਕੇ ਇਕ ਬਹੁਤ ਹੀ ਨੇਕ ਤੇ ਹਲੀਮੀ ਸੁਭਾਅ ਦੇ ਮਾਲਕ ਸਨ।

ਉਹ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਬਤੌਰ ਸੁਪਰਡੈਂਟ ਸੇਵਾ ਮੁਕਤ ਹੋਣ ਪਿੱਛੋਂ ਸਮਾਜਿਕ ਤੇ ਸਾਹਿਤਕ ਕੰਮਾਂ ਵਿਚ ਕਾਰਜਸ਼ੀਲ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਦੀ ਖ਼ਬਰ ਨਾਲ ਸਹਿਤਕ ਖ਼ੇਤਰ ਵਿੱਚ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਨੇ ਪੰਜਾਬੀ ਸਾਹਿਤ ਝੋਲੀ ਤੇਰਾਂ ਪੁਸਤਕਾਂ ਪਾਈਆਂ ਜਿਨ੍ਹਾਂ ਵਿੱਚ ਕਹਾਣੀ ਸੰਗ੍ਰਹਿ " ਬੇਨਾਮ ਰਿਸ਼ਤੇ" , "ਗੁਆਚੇ ਪਲਾਂ ਦੀ ਦਾਸਤਾਨ" ਅਤੇ "ਮੁੱਠੀ ਚੋਂ ਕਿਰਦੀ ਰੇਤ " ਤੋਂ ਇਲਾਵਾ ਬਾਲ ਪੁਸਤਕ "ਕੁਕੜੂੰ ਘੜੂੰ ", ਭਲੇ ਅਮਰਦਾਸ ਗੁਣ ਤੇਰੇ (ਇਤਿਹਾਸਕ ਨਾਟਕ)", "ਇਤਿਹਾਸਕ ਪਿੰਡ ਬਾਸਰਕੇ ਗਿੱਲਾਂ", "ਸੈਣ ਰੂਪ ਹਰਿ ਜਾਇ ਕੈ" (ਜੀਵਨ ਤੇ ਰਚਨਾ ਸੈਣ ਭਗਤ), "ਚੇਤਿਆਂ ਦੀ ਚੰਗੇਰ 'ਚੋਂ" (ਯਾਦਾਂ) ਅਤੇ ਸਰਵੇ ਪੁਸਤਕ "ਸ੍ਰੀ ਛੇਹਰਟਾ ਸਾਹਿਬ", "ਅਟਾਰੀ", "ਰਾਮਦਾਸ" ਅਤੇ "ਨੂਰਦੀ" ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਅਤੇ "ਸਰਾਏ ਅਮਾਨਤ ਖ਼ਾਂ", ਅਜੇ ਛਪਾਈ ਅਧੀਨ ਹੈ।ਉਨ੍ਹਾਂ ਨੂੰ ਕਈ ਸਾਹਿਤਕ ਤੇ ਸਮਾਜਸੇਵੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ। ਉਹ ਭਾਵੇਂ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਕੀਤੇ ਸਾਹਿਤਕ ਤੇ ਸਮਾਜ ਭਲਾਈ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਕਾਂਗਰਸ ਪਾਰਟੀ ਨੂੰ ਲੱਗਾ ਵੱਡਾ ਝਟਕਾ, 50 ਪਰਿਵਾਰ ਕਾਂਗਰਸ ਛੱਡ ਆਮ ਆਦਮੀ ਪਾਰਟੀ ਚੋਂ ਹੋਏ ਸ਼ਾਮਲ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਹੈਬਤ ਪਿੰਡੀ ਵਿਖੇ ਅੱਜ 50 ਪਰਿਵਾਰ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਕਾਫਿਲੇ ਵਿੱਚ ਸਾਮਲ ਹੋਏ ਹਨ ਅਤੇ ਉਹ ਭਰੋਸਾ ਦਿੰਦੇ ਹਨ ਕਿ ਆਮ ਆਦਮੀ ਪਾਰਟੀ ਅੰਦਰ ਸਾਮਲ ਹੋਣ ਵਾਲੇ ਹਰੇਕ ਕਾਰਜ ਕਰਤਾ ਨੂੰ ਪੂਰਾ ਮਾਨ ਸਮਮਾਨ ਦਿੱਤਾ ਜਾਵੈਗਾ।



ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪਿੰਡ ਹੈਬਤ ਪਿੰਡੀ ਵਿਖੇ ਆਮ ਆਦਮੀ ਪਾਰਟੀ ਵੱਲੋਂ ਕੀਤੇ ਇੱਕ ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਕੀਤਾ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਪਾਰਟੀ ਕਾਰਜਕਰਤਾ ਸਾਹਿਬ ਸਿੰਘ ਸਾਬਾ, ਭਾਣੂ ਪ੍ਰਤਾਪ ਸਿੰਘ, ਖੁਸਬੀਰ ਕਾਟਲ, ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ.ਸੈਲ, ਰਾਜਾ ਬਕਨੋਰ, ਪਾਰਟੀ ਚੋ ਸਾਮਲ ਹੋਏ ਅਭੈ ਸਿੰਘ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਹਲਕਾ ਭੋਆ ਦੇ ਪਰਿਵਾਰ ਵਿੱਚ ਇੱਕ ਬਹੁਤ ਹੀ ਖੂਬਸੂਰਤ ਅਵਸਰ ਹੈ, ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਨਾਲ ਪੰਜਾਬ ਦੇ ਅੰਦਰ ਉਨ੍ਹਾਂ ਦੀਆਂ ਨੀਤਿਆਂ ਤੋਂ ਪ੍ਰਭਾਵਿੱਤ ਹੋ ਕੇ ਅਤੇ ਪਾਰਟੀ ਦੇ ਰਾਸਟਰੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੀ ਯੋਗ ਅਗਵਾਈ ਅਤੇ ਉਨ੍ਹਾਂ ਦੇ ਦਿਸਾ ਨਿਰਦੇਸ ਤਹਿਤ, ਲੋਕ ਹਿੱਤ ਨੂੰ ਲੈ ਕੇ ਦਿੱਲੀ ਤੋਂ ਚਲੇ ਕਾਫਿਲੇ ਨੂੰ ਪੰਜਾਬ ਅੰਦਰ ਲੋਕਾਂ ਨੇ ਬਹੁਤ ਮਾਨ ਸਮਮਾਨ ਦਿੱਤਾ। ਉਨ੍ਹਾਂ ਦੱਸਿਆ ਕਿ ਅੱਜ ਪਿੰਡ ਹੈਬਤ ਪਿੰਡੀ ਵਿਖੇ ਕਰੀਬ 50 ਪਰਿਵਾਰ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਕਾਫਿਲੇ ਵਿਚ ਸ਼ਾਮਲ ਹੋਏ ਹਨ। ਅਸੀਂ ਉਨ੍ਹਾਂ ਦਾ ਅਪਣੇ ਵੱਲੋਂ ਅਤੇ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਉਨ੍ਹਾਂ ਦਾ ਪਾਰਟੀ ਵਿੱਚ ਸ਼ਾਮਲ ਹੋਣ ਤੇ ਸਵਾਗਤ ਕਰਦੇ ਹਾਂ ਅਤੇ ਭਰੋਸਾ ਦਿੰਦੇ ਹਾਂ ਕਿ ਭਵਿੱਖ ਵਿੱਚ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਨ ਸਮਮਾਨ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਉਨ੍ਹਾਂ ਦੀਆਂ ਨੀਤਿਆਂ ਤੋਂ ਪ੍ਰਭਾਵਿੱਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਲੋਕ ਹੋਰਨਾਂ ਪਾਰਟੀਆਂ ਨੂੰ ਛੱਡ ਕੇ ਸਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਉਹ ਸਮਾਂ ਹੈ ਕਿ ਲੋਕ ਅਪਣੇ ਹਿੱਤਾ ਨੂੰ ਜਾਣਨ ਲੱਗ ਪਏ ਹਨ ਅਤੇ ਖੁਦ ਫੈਂਸਲੇ ਲੇ ਕੇ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।







# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਮਹਾਨ ਸੰਤ ਸਮਾਗਮ "ਇਹੁ ਜਨਮ ਤੁਮਾਰੇ ਲੇਖੇ " ਸ਼ਰਧਾ ਪੂਰਵਕ ਕਰਵਾਇਆ

## ਸੰਤ ਮਹਾਂਪੁਰਸ਼ਾ ਨੇ ਪ੍ਰਵਚਨਾਂ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਕੀਤਾ ਨਿਹਾਲ





**ਫਗਵਾੜਾ 6 ਨਵੰਬਰ-** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਮਹਾਨ ਸੰਤ ਸਮਾਗਮ "ਇਹੁ ਜਨਮ ਤੁਮਾਰੇ ਲੇਖੇ" ਗੁਰੂ ਰਵਿਦਾਸ ਪਾਵਨ ਅਮ੍ਰਿਤ ਬਾਣੀ ਦੀ ਛਤਰ ਛਾਇਆ ਹੇਠ, ਸੰਤ ਨਿਰੰਜਣ ਦਾਸ ਗੱਦੀ ਨਸ਼ੀਨ ਡੇਰਾ ਬੱਲਾਂ ਦੀ ਸਰਪ੍ਰਸਤੀ ਵਿੱਚ, ਸਾਈਂ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫੀਅਨ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਦੇ ਯਤਨਾਂ ਸਦਕਾ ਪਿੰਡ ਭਰੋਮਜਾਰਾ ਵਿਖੇ ਸਮੂਹ ਸੰਗਤਾਂ ਅਤੇ ਗੁਰੂ ਰਵਿਦਾਸ ਨਾਮ ਲੇਵਾ ਟਰੱਸਟਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਅਮ੍ਰਿਤ ਬਾਣੀ ਦੇ ਭੋਗ ਉਪਰੰਤ ਸੰਤ ਮਹਾਂਪੁਰਸ਼ਾ ਵਲੋਂ ਕੀਰਤਨ ਕੀਤਾ ਜਿਨ੍ਹਾ ਵਿੱਚ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ, ਸੁਵਾਮੀ ਗੁਰਦੀਪ ਗਿਰੀ ਪਠਾਨਕੋਟ, ਸੰਤ ਪ੍ਰੀਤਮ ਦਾਸ ਸੰਗਤਪੁਰ, ਸੰਤ ਲੇਖਰਾਜ ਨੂਰਪੁਰ, ਸੰਤ ਹਰਵਿੰਦਰ ਦਾਸ ਈਸਪੁਰ ਤੇ ਸੰਤ ਸੁਖਵਿੰਦਰ ਦਾਸ ਢੱਡੇ ਆਦਿ ਨੇ ਪ੍ਰਵਚਨਾਂ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਤਾਂ ਨੇ ਨਸ਼ਿਆ ਵਰਗੀਆ ਅਲਾਮਤਾਂ ਤੋਂ ਦੂਰ ਰਹਿਣ ਅਤੇ ਗੁਰੂ ਨਾਲ ਜੁੜਨ ਲਈ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਆਪਣੇ ਮਾਤਾ ਪਿਤਾ ਦੀ ਸੇਵਾ ਕਰਨ ਅਤੇ ਬੱਚਿਆ ਨੂੰ ਉਚੇਰੀ ਪੜ੍ਹਾਈ ਕਰਾਉਣ ਲਈ ਵੀ ਕਿਹਾ। ਪ੍ਰਬੰਧਕਾਂ ਵਲੋਂ ਪੜਾਈ ਵਿੱਚੋ ਹੁਸ਼ਿਆਰ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਸਮਾਗਮ ਵਿੱਚ ਸਮੂਲੀਅਤ ਕਰਨ ਤੇ ਜਿਥੇ ਸਾਈਂ ਪੱਪਲ ਸ਼ਾਹ ਵਲੋਂ ਸਾਰਿਆ ਦਾ ਸਨਮਾਨ ਕੀਤਾ ਉਥੇ ਉਨ੍ਹਾ ਸਾਰਿਆ ਦਾ ਧੰਨਵਾਦ ਵੀ ਕੀਤਾ। ਅੰਮ੍ਰਿਤਬਾਣੀ ਦੀਆਂ ਸੇਵਾਵਾਂ ਗ੍ਰੰਥੀ ਰੋਸ਼ਨ ਲਾਲ ਵਲੋਂ ਬਾਖੂਬੀ ਨਿਭਾਈਆ। ਇਸ ਮੌਕੇ ਸੰਤ ਨਿਰੰਜਣ ਦਾਸ ਗੱਦੀ ਨਸ਼ੀਨ ਡੇਰਾ ਬੱਲਾਂ, ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ, ਹਲਕਾ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ, ਮੈਂਬਰ ਜਿਲ੍ਹਾ ਪ੍ਰੀਸ਼ਦ ਕਮਲਜੀਤ ਬੰਗਾ ਸਕੱਤਰ ਪੰਜਾਬ ਕਾਂਗਰਸ ਐਸ ਸੀ ਸੈਲ, ਦਿਨੇਸ਼ ਕੁਮਾਰ ਰਿਟਾ: ਜਿਲ੍ਹਾ ਸਿੱਖਿਆ ਅਫਸਰ, ਮਾ. ਸਤਪਾਲ ਸਾਹਲੋਂ, ਮਾ. ਸੋਮ ਰਾਜ ਮਜਾਰੀ, ਮਾ. ਪਰਮਜੀਤ ਮਹਾਲੋਂ, ਹਰਜਿੰਦਰ ਜੰਡਿਆਲੀ ਮੈਂਬਰ ਬਲਾਕ ਸੰਮਤੀ, ਪਰਮਜੀਤ ਕੌਰ ਸਾਬਕਾ ਸਰਪੰਚ ਬਹਿਰਾਮ, ਹਰਭਜਨ ਸਿੰਘ ਸਿੱਧੂ, ਰੋਸ਼ਨ ਲਾਲ ਜੱਸਲ ਹੁਸ਼ਿਆਰਪੁਰ, ਡਾ ਸਤੀਸ਼ ਸੁਮਨ , ਬੀਬੀ ਭੋਲੀ ਰੰਧਾਵਾ, ਮਹਿੰਦਰ ਸੰਧੂ , ਇੰਜੀ:ਮਲਕੀਤ ਮੰਢਾਲੀ ਜੇ.ਈ, ਰਸ਼ਪਾਲ ਰਾਮ ਮਜਾਰੀ, ਡਾ. ਰਾਮ ਲਾਲ ਹੀਂਓ, ਮੋਹਣ ਲਾਲ ਭੁੱਟਾ ਬਹਿਰਾਮ, ਧਰਮਪਾਲ ਤਲਵੰਡੀ, ਪਰਮਜੀਤ ਕੁਮਾਰ ਬਹਿਰਾਮ, ਮਲਕੀਤ ਬੰਬੇਲੀ, ਮੋਹਣ ਲਾਲ ਭਰੋਮਜਾਰਾ, ਹਰਭਜਨ ਸਿੰਘ ਚੱਕਗੁਰੂ, ਮਨਜੀਤ ਬਾਹੜੋਵਾਲ, ਦੇਸ ਰਾਜ ਚੱਕਗੁਰੂ, ਪਰਮਜੀਤ ਮਹਿਰਮਪੁਰ ਤੋਂ ਇਲਾਵਾ ਭਾਰੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਸੱਭਿਆਚਾਰਕ ਖੇਤਰ ਵਿੱਚ ਆਰ ਜੇ ਬੀਟਸ ਰਾਹੀਂ ਸਥਾਪਿਤ ਕਰਾਂਗਾ ਨਵੇਂ ਮੀਲ ਪੱਥਰ - ਰਾਮ ਭੋਗਪੁਰੀਆ

## 120 ਦੇ ਕਰੀਬ ਪ੍ਰੋਜੈਕਟ ਹੋ ਚੁੱਕੇ ਨੇ ਰਿਲੀਜ਼, ਤਿੰਨ ਵੈਬ ਸੀਰੀਜ ਵੀ ਦਰਸ਼ਕਾਂ ਦੀ ਪਾਈਆਂ ਝੋਲੀ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਸੱਭਿਆਚਾਰਕ ਖੇਤਰ ਵਿੱਚ ਆਰ ਜੇ ਬੀਟਸ ਕੰਪਨੀ ਰਾਹੀਂ ਕਈ ਨਵੇਂ ਮੀਲ ਪੱਥਰ ਸਥਾਪਤ ਕਰਾਂਗਾ । ਇਹ ਸ਼ਬਦ ਕੰਪਨੀ ਦੇ ਪ੍ਰੋਡਿਊਸਰ ਰਾਮ ਭੋਗਪੁਰੀਆ (ਯੂ ਐਸ ਏ) ਨੇ ਪ੍ਰੈਸ ਨਾਲ ਸਾਂਝੇ ਕਰਦਿਆਂ ਕਿਹਾ ਕਿ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਵਿਦੇਸ਼ ਦੀ ਧਰਤੀ ਵਿੱਚ ਰਹਿ ਕੇ ਵੀ ਸਾਰਥਿਕ ਕਦਮ ਪੁੱਟ ਰਿਹਾ ਹੈ । ਰਾਮ ਭੋਗਪੁਰੀਆ ਨੇ ਦੱਸਿਆ ਕਿ ਹੁਣ ਤੱਕ ਕੰਪਨੀ ਵਲੋਂ 120 ਦੇ ਕਰੀਬ ਪ੍ਰੋਜੈਕਟ ਰਿਲੀਜ਼ ਕੀਤੇ ਜਾ ਚੁੱਕੇ ਹਨ। ਜਿਨਾਂ ਵਿੱਚ 30 ਪ੍ਰੋਜੈਕਟ ਧਾਰਮਿਕ ਅਤੇ ਬਾਕੀ ਦੇ ਪ੍ਰੋਜੈਕਟ ਤਕਰੀਬਨ ਪੰਜਾਬੀ ਕਲਚਰ ਨੂੰ ਸਮਰਪਿਤ ਹਨ। ਉਸ ਨੇ ਦੱਸਿਆ ਕਿ ਕੰਪਨੀ ਦੇ ਬੈਨਰ ਹੇਠ ਵੈੱਬ ਸੀਰੀਜ਼ ਜਿਨਾਂ ਦੀ ਗਿਣਤੀ ਤਿੰਨ ਹੈ ਵੀ ਲਾਂਚ ਕੀਤੀਆਂ ਗਈਆਂ ਹਨ । ਜਿਹਦੇ ਵਿੱਚ "ਇੱਕ ਦੂਣੀ ਦੂਣੀ ਦੋ ਦੂਣੀ ਚਾਰ" "ਗੋਲੇ" ਅਤੇ "ਆੜੀ" ਨਾਮਜਦ ਹਨ। ਕੰਪਨੀ ਨੇ ਆਪਣਾ ਵਿਸਥਾਰ ਐਨਾ ਕਰ ਲਿਆ ਹੈ ਕਿ ਹੁਣ ਤੱਕ ਕੰਪਨੀ ਵੱਲੋਂ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਬੰਬੇ ਬਾਲੀਵੁੱਡ ਦੇ ਕਲਾਕਾਰਾਂ ਦੀ ਕਈ ਗੀਤਾਂ ਲਈ ਚੋਣ ਕੀਤੀ ਜਾ ਚੁੱਕੀ ਹੈ। ਉਹਨਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਫਿਰੋਜ਼ ਖਾਨ ਦਾ "ਜ਼ਮਾਨਾ ਟੂ" ਗੀਤ ਵੀ ਜਲਦ ਲਾਂਚ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਨਵਰ ਗਰੇਵਾਲ, ਸੁਦੇਸ਼ ਕੁਮਾਰੀ, ਮਨਜੀਤ ਪੱਪੂ, ਅੰਗਰੇਜ਼ ਸਿੰਘ, ਐਸ ਰਿਸ਼ੀ, ਕੁਲਦੀਪ ਚੁੰਬਰ, ਚੰਦਰਾ ਸਰਾਏ, ਰਜੀਆ ਸੁਲਤਾਨਾ, ਸ਼ਿੰਦਾ, ਮੁਲਤਾਨੀ, ਪ੍ਰੀਤ ਗੁਰਪ੍ਰੀਤ, ਗੋਪੀ ਲੌਂਗੀਆ, ਪੰਮਾ ਮੱਲੀ, ਪੁਰੀ ਸਾਹਿਬ, ਰਜਾ ਹੀਰ , ਤ੍ਰਿਪਤੀ ਸਾਨੀਆ, ਸੈਮ ਸਿੰਘ, ਰੂਪਨ ਕਾਹਲੋਂ, ਯਾਕੂਬ ਸਮੇਤ ਕਈ ਹੋਰ ਕਲਾਕਾਰ ਜਿਨਾਂ ਦੇ ਗੀਤ ਮਾਰਕੀਟ ਵਿੱਚ ਕੰਪਨੀ ਵਲੋਂ ਦਿੱਤੇ ਜਾ ਰਹੇ ਹਨ ਦੀ ਤਿਆਰੀ ਹੈ। ਬਾਲੀਵੁੱਡ ਖੇਤਰ ਦੀ ਗੱਲ ਕਰਦਿਆਂ ਰਾਮ ਭੋਗਪੁਰੀਆ ਨੇ ਦੱਸਿਆ ਕਿ ਉਸ ਦੀ ਕੰਪਨੀ ਵਲੋਂ ਪ੍ਰਸਿੱਧ ਸਿੰਗਰ ਅਨੂਪ ਜਲੋਟਾ, ਅਨੁਰਾਧਾ ਪੌਡਵਾਲ, ਕੁਮਾਰ ਵਿਸ਼ੂ, ਸਾਧਨਾ ਸਰਗਮ, ਸੁਦੇਸ਼ ਭੌਂਸਲੇ, ਜਸਪਿੰਦਰ ਨਰੂਲਾ, ਵੈਸ਼ਨਵੀ ਸ਼ੀਸ਼ਵਾਲ, ਵਿਪਨ ਸਚਦੇਵਾ, ਸਵਾਂਸ਼ੀ ਸਮੇਤ ਕਈ ਹੋਰਾਂ ਦੇ ਧਾਰਮਿਕ ਪ੍ਰੋਜੈਕਟ ਰਿਲੀਜ਼ ਕੀਤੇ ਹਨ। ਆਰ ਜੇ ਬੀਟਸ ਦੇ ਪ੍ਰੋਡਿਊਸਰ ਰਾਮ ਭੋਗਪੁਰੀਆ ਅਮਰੀਕਾ ਹਨ, ਜਿਨਾਂ ਦੀ ਟੀਮ ਵਿੱਚ ਫਿਲਮ ਸਾਜ ਬਾਬਾ ਕਮਲ, ਆਰਟਿਸਟ ਰਜੇਸ਼ ਪੁਰੀ ਅਤੇ ਮੁਨੀਸ਼ ਸ਼ਰਮਾ ਸ਼ਾਮਿਲ ਹਨ ,ਜੋ ਵੱਖ ਵੱਖ ਪ੍ਰੋਜੈਕਟਾਂ ਲਈ ਦਿਨ ਰਾਤ ਮਿਹਨਤ ਕਰਕੇ ਕੰਪਨੀ ਨੂੰ ਬੁਲੰਦੀਆਂ ਦੇ ਲੈ ਕੇ ਜਾ ਰਹੇ ਹਨ। ਇੱਥੇ ਜੇਕਰ ਗੀਤਕਾਰ ਅਤੇ ਗ਼ਜ਼ਲ ਦੇ ਬੇਤਾਜ ਬਾਦਸ਼ਾਹ ਸਵਰਗਵਾਸੀ ਹਰਜਿੰਦਰ ਬੱਲ ਦਾ ਜ਼ਿਕਰ ਨਾ ਕਰੀਏ ਤਾਂ ਨਾ ਇਨਸਾਫੀ ਹੋਵੇਗੀ। ਉਹਨਾਂ ਨੇ ਵੀ ਜਿਉਂਦੇ ਜੀਅ ਕੰਪਨੀ ਲਈ ਮਾਰਗ ਦਰਸ਼ਨਾਂ ਦਾ ਕੰਮ ਕੀਤਾ । ਜ਼ਿਕਰਯੋਗ ਹੈ ਕਿ ਰਾਮ ਭੋਗਪੁਰੀਆ ਕਾਫੀ ਲੰਬੇ ਅਰਸੇ ਤੋਂ ਕਲਚਰ ਗਤੀਵਿਧੀਆਂ ਨਾਲ ਅਟੈਚ ਸ਼ਖਸ਼ੀਅਤ ਹੈ ਅਤੇ ਉਸ ਅਟੈਚਮੈਂਟ ਦੀ ਬਦੌਲਤ ਹੀ ਅੱਜ ਉਹ ਵਿਸ਼ਵ ਪੱਧਰ ਤੇ ਆਪਣਾ ਨਾਮ ਆਰ ਜੇ ਬੀਟਸ ਕੰਪਨੀ ਦੇ ਰਾਹੀਂ ਚਮਕਾ ਰਿਹਾ ਹੈ । ਪਰਮਾਤਮਾ ਕਰੇ ਓਹ ਆਪਣੇ ਖੇਤਰ ਵਿੱਚ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ ਆਮੀਨ।



# ਗੁਰੂ ਨਾਨਕ ਦੇਵ ਜੀ ਚੈਰੀਟੇਬਲ ਹਸਪਤਾਲ ਅੱਪਰਾ ਆਮ ਜਨਤਾ ਨੂੰ ਸਮਰਪਿਤ

**ਅੱਪਰਾ (ਜੱਸੀ)-** ਅੱਪਰਾ ਵਿਖੇ ਗੁਰੂ ਨਾਨਕ ਦੇਵ ਜੀ ਚੈਰੀ-ਟੇਬਲ ਹਸਪਤਾਲ ਲੋਹਗੜ੍ਹ ਰੋਡ ਸਾਹਮਣੇ ਡੇਰਾ ਬਿਆਸ ਸਤਿਸੰਗ ਘਰ ਅੱਪਰਾ ਦਾ ਅੱਜ ਸ਼ੁੱਭ ਆਰੰਭ ਹੋ ਗਿਆ ਹੈ ਤੇ ਅੱਜ ਤੋਂ ਇਹ ਹਸਪਤਾਲ ਲੋਕਾਂ ਨੂੰ ਸਹੂਲਤਾਂ ਦੇਣ ਲੱਗ ਜਾਵੇਗਾ। ਗੌਰਤਲ ਬ ਹੈ ਕਿ ਇਸ ਹਸਪਤਾਲ ਦੀ ਇਮਾਰਤ ਦੀ ਉਸਾਰੀ ਸਮਾਜ ਸੇਵਕ ਗੁਰਦਾਵਰ ਸਿੰਘ ਗਾਬਾ (ਯੂ. ਕੇ ) ਦੇ ਉਦਮ ਸਦਕਾ ਇਲਾਕੇ ਦੇ ਸਮੂਹ ਐਨ.ਆਰ.ਆਈ॥ ਵੀਰਾਂ, ਦਾਨੀ ਸੱਜਣਾਂ ਤੇ ਮੋਹਤਬਰਾਂ ਦੇ ਸਹਿਯੋਗ ਨਾਲ ਕੀਤੀ ਗਈ ਹੈ, ਜਦਕਿ ਹਸਪਤਾਲ ਦੀ ਇਮਾਰਤ ਦੀ ਉਸਾਰੀ ਵਿੱਚ ਗੁਰਦਾਵ ਸਿੰਘ ਗਾਬਾ ਦੀ ਧਰਮ ਪਤਨੀ ਜਤਿੰਦਰ ਕੌਰ ਖੰਗੂੜਾ ਤੇ ਉੱਘੇ ਸਮਾਜ ਸੇਵਕ ਪ੍ਰਮੋਦ ਚੰਦਰ ਲੋਈ (ਯੂ ਐਸ ਏ) ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਉਦਘਾਟਨ ਸਮਾਰੋਹ ਦੌਰਾਨ ਪ੍ਰਿੰਸੀਪਲ ਪ੍ਰੇਮ ਕੁਮਾਰ ਇੰਚਾਰਜ ਹਲਕਾ ਫਿਲੌਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਤੇ ਆਪਣੇ ਕਰ ਕਮਲਾਂ ਨਾਲ ਰੀਬਨ ਕੱਟ ਕੇ ਇਹ ਹਸਪਤਾਲ ਆਮ ਲੋਕਾਂ ਨੂੰ ਸਮਰਪਿਤ ਕਰ ਦਿੱਤਾ। ਇਸ ਮੌਕੇ ਉਦਘਾਟਨੀ ਸਮਾਗਮ ਦੌਰਾਨ ਗੁਰਦਾਵਰ ਸਿੰਘ ਗਾਬਾ ਚੇਅਰਮੈਨ, ਰਵਿੰਦਰ ਕੁਮਾਰ ਉਪ ਚੇਅਰਮੈਨ, ਮਨੋਜ ਕੁਮਾਰ ਲੋਈ ਪ੍ਰਧਾਨ, ਗੁਰਪ੍ਰੀਤ ਸਿੰਘ ਸਕੱਤਰ, ਜਸਵਿੰਦਰ ਸਿੰਘ ਖਜਾਨਚੀ, ਮਨਜਿੰਦਰ ਸਿੰਘ ਜਾਇੰਟ ਸਕੱਤਰ, ਸੰਜੀਵ ਕੁਮਾਰ ਨਰਿੰਦਰ ਸਿੰਘ, ਭੈਵਭ ਸ਼ਰਮਾ, ਜਤਿੰਦਰ ਸਿੰਘ ਕਾਲਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸਮਾਜ ਸੇਵਕ ਗੁਰਦਾਵ ਸਿੰਘ ਗਾਬਾ ਨੇ ਦੱਸਿਆ ਕਿ ਅੱਪਰਾ ਦੇ ਬੱਸ ਅੱਡੇ ਤੋਂ ਹਸਪਤਾਲ ਤੱਕ ਲੋੜਵੰਦਾਂ ਲਈ ਫਰੀ ਈ ਰਿਕਸ਼ਾ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ ਗਈ ਹੈ । ਇਸ ਮੌਕੇ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ ਤੇ ਅਤੁੱਟ ਲੰਗਰ ਵਰਤਾਇਆ ਗਿਆ । ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।




"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਭਾਸ਼ਾ ਵਿਭਾਗ ਵਲੋਂ ਪੰਜਾਬੀ ਮਾਹ ਤਹਿਤ ਡੱਲੇਵਾਲ ਕਾਲਜ ਵਿਖੇ ਗ਼ਦਰ ਲਹਿਰ ’ਤੇ ਸੈਮੀਨਾਰ 9 ਨੂੰ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ ਪੰਜਾਬੀ ਮਾਹ ’ਤੇ ਕੀਤੇ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਲੋਂ ਪੰਜਾਬੀ ਵਿਕਾਸ ਮੰਚ ਹਰਿਆਣਾ ਦੇ ਸਹਿਯੋਗ ਨਾਲ ਗੁਰੂ ਨਾਨਕ ਐਜੂਕੇਸ਼ਨ ਕੰਪਲੈਕਸ ਡੱਲੇਵਾਲ ਦੇ ਵਿਹੜੇ ਮਿਤੀ 9 ਨਵੰਬਰ ਨੂੰ ‘ਗ਼ਦਰ ਲਹਿਰ ਦੀ ਵਿਚਾਰਧਾਰਾ : ਸਮਕਾਲੀ ਪ੍ਰਸੰਗਿਕਤਾ’ ਵਿਸ਼ੇ ’ਤੇ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਸਮਾਗਮ ਦੀ ਰੂਪ-ਰੇਖਾ ਸਾਂਝੀ ਕਰਦਿਆਂ ਡਾ। ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਨੇ ਦੱਸਿਆ ਕਿ ਦੋ ਰੋਜ਼ਾ ਇਸ ਸਮਾਗਮ ਵਿਚ ਪਹਿਲਾ ਦਿਨ ਗ਼ਦਰ ਲਹਿਰ ’ਤੇ ਵਿਚਾਰ ਚਰਚਾ ਨੂੰ ਸਮਰਪਿਤ ਹੋਵੇਗਾ। ਦੂਜੇ ਦਿਨ ਦੋ ਪੁਸਤਕਾਂ ਦਾ ਲੋਕ ਅਰਪਣ ਅਤੇ ਵਿਦਿਆਰਥੀਆਂ ਦਾ ਪੁਸਤਕਾਂ ਅਤੇ ਈ-ਪੁਸਤਕਾਂ ਦੀ ਉਪਯੋਗਤਾ ’ਤੇ ਡੀਬੇਟ ਮੁਕਾਬਲਾ ਕਰਵਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਦੋਵੇਂ ਦਿਨ ਵਿਦਿਆਰਥੀਆਂ ਅਤੇ ਆਮ ਲੋਕਾਂ ਵਿਚ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਪੁਸਤਕ ਪ੍ਰਦਰਸ਼ਨੀ ਅਤੇ ਦੇਸ਼ ਭਗਤੀ ਸਬੰਧੀ ਕੋਰੀਓਗ੍ਰਾਫੀਆਂ, ਗਿੱਧਾ, ਭੰਗੜਾ, ਲੁੱਡੀ, ਗੀਤ-ਲੋਕ-ਗੀਤ, ਸਕਿੱਟਾਂ ਰਾਹੀਂ ਵਿਦਿਆਰਥੀ ਆਪਣੀ ਕਲਾ ਦਾ ਮੁਜ਼ਾਹਰਾ ਕਰਨਗੇ। ਉਨ੍ਹਾਂ ਦੱਸਿਆ ਕਿ ਸਟੇਜ ’ਤੇ ਕਲਾਤਮਕ ਵੰਨਗੀਆਂ ਪੇਸ਼ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪ੍ਰਮਾਣ ਪੱਤਰਾਂ ਅਤੇ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਕਾਲਜ ਪ੍ਰਿੰਸੀਪਲ ਧੀਰਜ ਸ਼ਰਮਾ ਅਤੇ ਵਿਕਾਸ ਮੰਚ ਵਲੋਂ ਵਰਿੰਦਰ ਨਿਮਾਣਾ ਨੇ ਕਿਹਾ ਕਿ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਲੋਕਾਂ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤਤਾ ਦੇ ਨਾਲ-ਨਾਲ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਇਹੋ ਜਿਹੇ ਪ੍ਰੋਗਰਾਮ ਬਹੁਤ ਲੋੜੀਂਦੇ ਹਨ।

ਇਸ ਨਾਲ ਅਜੋਕੀ ਪੀੜੀ ਵਿਚ ਆਪਣੇ ਵਿਰਸੇ ਪ੍ਰਤੀ ਮੋਹ ਪੈਦਾ ਹੋਵੇਗਾ। ਇਸ ਮੌਕੇ ਪੁਸਤਕ ਪ੍ਰਦਰਸ਼ਨੀਆਂ ਲਈ ਦਿੱਲੀ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਪ੍ਰਕਾਸ਼ਕ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀਆਂ ਮਿਆਰੀ ਪੁਸਤਕਾਂ ਲੈ ਕੇ ਪਹੁੰਚ ਰਹੇ ਹਨ। ਸਕੂਲਾਂ-ਕਾਲਜਾਂ ਦੇ ਭਾਸ਼ਾ ਮੰਚਾਂ ਦੇ ਵਿਦਿਆਰਥੀ ਅਤੇ ਅਧਿਆਪਕ ਇਸ ਸਭਿਆਚਾਰਕ ਸਮਾਗਮ ਦਾ ਲਾਭ ਉਠਾ ਸਕਦੇ ਹਨ। ਇਸ ਸਮੇਂ ਪ੍ਰੋ. ਨੀਲਮ ਰਾਜੂ, ਪ੍ਰੋ. ਪ੍ਰਿਆ, ਪ੍ਰੋ. ਅਮਨਦੀਪ ਕੌਰ, ਪ੍ਰੋ. ਅਰੁਣ, ਪ੍ਰੋ. ਮੰਜੂ ਅਤੇ ਕਾਲਜ ਸਟਾਫ ਹਾਜ਼ਰ ਸੀ।

# ਜ਼ਿਲ੍ਹੇ ਵਿੱਚ 9 ਦਸੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ: ਜ਼ਿਲ੍ਹਾ ਅਤੇ ਸ਼ੈਸਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ। ਏ। ਐਸ। ਨਗਰ ਦੀਆ ਹਦਾਇਤਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 9 ਦਸੰਬਰ, 2023 ਨੂੰ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ ਲਗਾਈ ਲਗਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ, ਸ। ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਅਦਾਲਤਾਂ ’ਚ ਲੰਬਿਤ ਅਤੇ ਪ੍ਰੀ-ਲਿਟੀਗੇਟਿਵ ਮਾਮਲੇ, ਦੀਵਾਨੀ, ਵਸੂਲੀ ਨਾਲ ਸਬੰਧਤ ਮਾਮਲੇ, ਪਾਣੀ ਦੇ ਬਿੱਲ ਦੇ



ਕੇਸ, ਚੈਕ ਬਾਊਂਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਵਿਵਾਹਿਕ ਝਗੜੇ, ਟ੍ਰੈਫਿਕ ਚਲਾਨ, ਲੇਬਰ ਝਗੜੇ, ਬਿਜਲੀ ਦੇ ਬਿੱਲ ਦੇ ਕੇਸ, ਬੈਕਾਂ ਦੇ ਕੇਸ, ਬੀ।ਐਸ।ਐਨ।ਐਲ ਕੇਸਾਂ ਨੂੰ ਆਪਸੀ ਸਹਿਮਤੀ ਅਤੇ ਰਜ਼ਾਮੰਦੀ ਨਾਲ ਨਿਪਟਾਉਣ ਲਈ ਸੁਣਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਅਦਾਲਤਾਂ ਵਿੱਚ ਲੰਬਿਤ ਕੇਸਾਂ ਨੂੰ ਕੌਮੀ ਲੋਕ ਅਦਾਲਤ ਵਿੱਚ ਲਗਾਉਣ ਲਈ ਸਬੰਧਿਤ ਅਦਾਲਤ ਦੇ ਜੱਜ ਸਾਹਿਬਾਨ ਅਤੇ ਜਿਹੜੇ ਝਗੜੇ ਜਾਂ ਵਿਵਾਦ ਅਦਾਲਤਾਂ ਵਿੱਚ ਲੰਬਿਤ ਨਹੀ ਹਨ, ਸਬੰਧੀ ਦਰਖਾਸਤ ਸਾਦੇ ਕਾਗਜ਼ ’ਤੇ ਲਿਖ ਕੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਪੇਸ਼ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਫ਼ੈਸਲੇ ਦੇ ਖਿਲਾਫ ਕੋਈ ਅਪੀਲ ਨਹੀ ਹੋ ਸਕਦੀ। ਇਸ ਦੇ ਫ਼ੈਸਲੇ ਅੰਤਿਮ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵੀ ਵਾਪਸ ਮਿਲ ਸਕਦੀ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

# ਨਿੱਕੀਆਂ ਕਰੂੰਬਲਾਂ ਸਾਹਿਤ ਸਿਰਜਣਾ ਮੁਕਾਬਲੇ ਮੁਸਕਾਨ, ਅਰਸ਼ਪ੍ਰੀਤ ਅਤੇ ਅਮੀਸ਼ਿਕਾ ਨੇ ਜਿੱਤੇ

**ਮਾਹਿਲਪੁਰ–** ਸੁਰ ਸੰਗਮ ਵਿਦਿਅਕ ਟ੍ਰਸਟ ਮਾਹਿਲਪੁਰ ਵੱਲੋਂ 28 ਵੀਂ ਵਾਰ ਆਯੋਜਿਤ ਕੀਤੇ ਗਏ ਨਿੱਕੀਆਂ ਕਰੂੰਬਲਾਂ ਸਾਹਿਤ ਸਿਰਜਣਾ ਮੁਕਾਬਲੇ ਕਰੂੰਬਲਾਂ ਭਵਨ ਵਿੱਚ ਪ੍ਰਿੰਸੀਪਲ ਮਨਜੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਦੂਰ ਨੇੜੇ ਦੇ 40 ਸਕੂਲੀ ਵਿਦਿਆਰਥੀਆਂ ਨੇ ਭਾਗ ਲਿਆ। ਸਾਰੇ ਭਾਗੀਦਾਰਾਂ ਨੂੰ ਪੰਜ- ਪੰਜ ਸੌ ਰੁਪਏ ਦੇ ਪੁਸਤਕਾਂ ਦੇ ਸੈੱਟ ਤੋਹਫੇ ਵਜੋਂ ਪ੍ਰਦਾਨ ਕੀਤੇ ਗਏ ਲਬੱਚਿਆਂ ਵਿਚਲੀ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਨ ਦੇ ਮੰਤਵ ਨਾਲ ਕਰਵਾਏ ਇਹਨਾਂ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਵਜੋਂ ਨਗਰ ਕੌਂਸਲ ਮਾਹਿਲਪੁਰ ਦੀ ਸਾਬਕਾ ਪ੍ਰਧਾਨ ਬੀਬੀ ਗੁਰਮੀਤ ਕੌਰ ਬੈਂਸ ਸ਼ਾਮਿਲ ਹੋਏ। ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਿੱਕੀਆਂ ਕਰੂੰਬਲਾਂ ਪਰਿਵਾਰ ਵੱਲੋਂ ਬੱਚਿਆਂ ਦੀਆਂ ਰਚਨਾਤਮਿਕ ਰੁਚੀਆਂ ਨੂੰ ਉਜਾਗਰ ਕਰਨ ਲਈ ਕੀਤੇ ਜਾ ਰਹੇ ਉਪਰਾਲੇ ਬਹੁਤ ਸ਼ਾਨਦਾਰ ਹਨ ਲ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਡਾ. ਵਿਜੇ ਕੁਮਾਰ ਭੱਟੀ, ਡਾ. ਪਰਮਿੰਦਰ ਸਿੰਘ, ਸਟੇਟ ਅਵਾਰਡੀ ਅਵਤਾਰ ਲਗੇਰੀ, ਰਵਿੰਦਰ ਬੰਗੜ ਅਤੇ ਬਲਵੀਰ ਸਿੰਘ ਨੇ ਕਿਹਾ ਕੇ ਬਲਜਿੰਦਰ ਮਾਨ ਨੇ ਨਿੱਕੀਆਂ ਕਰੂੰਬਲਾਂ ਦੇ ਉਚੇਰੀ ਸੋਚ ਵਾਲੇ ਇਨਸਾਨਾਂ ਦੀ ਸੰਗਤ ਉਹਨਾਂ ਅੰਦਰ ਨਰੋਈਆਂ ਕਦਰਾਂ ਕੀਮਤਾਂ ਭਰ ਸਕਦੀ ਹੈ। ਮਾਤ ਭਾਸ਼ਾ ਦਾ ਗਿਆਨ ਉਹਨਾਂ ਨੂੰ ਜੀਵਨ ਵਿੱਚ ਉੱਚੀਆਂ ਟੀਸੀਆਂ ਤੇ ਪਹੁੰਚਾ ਸਕਦਾ ਹੈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨੌਜਵਾਨ ਆਰਟਿਸਟ ਸੁਖਮਨ ਸਿੰਘ ਨੇ ਬਾਖੂਬੀ ਨਿਭਾਈ।






ਨਿਰੰਤਰ ਪ੍ਰਕਾਸ਼ਨ ਅਤੇ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਸ਼ਾਨਦਾਰ ਪੈੜਾਂ ਪਾ ਕੇ ਇਸ ਰਸਾਲੇ ਦਾ ਨਾਮ ਇੰਡੀਆ ਬੁੱਕ ਆਫ ਕਾਰਡਜ਼ ਵਿੱਚ ਸ਼ਾਮਿਲ ਕੀਤਾ ਹੈ। ਇਸ ਮੌਕੇ ਸ਼ਾਨਦਾਰ ਵਿਦਿਅਕ ਸਾਹਿਤਕ ਅਤੇ ਸਮਾਜਿਕ ਕਾਰਜਾਂ ਲਈ ਪ੍ਰਿੰ. ਵਿਜੇ ਭੱਟੀ, ਰਵਿੰਦਰ ਬੰਗੜ ਅਤੇ ਅਵਤਾਰ ਲੰਗੇਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਉਚੇਚੇ ਤੌਰ ਤੇ ਸ਼ਾਮਿਲ ਹੋਏ ਬੱਗਾ ਸਿਘ ਆਰਟਿਸਟ ਨੇ ਮਾਹਿਲਪੁਰ ਦੀ ਇਤਿਹਾਸਕ ਵਿਰਾਸਤ ਤੇ ਰੌਸ਼ਨੀ ਪਾਉਂਦਿਆਂ ਸਵਰਗਵਾਸੀ ਨੈਸ਼ਨਲ ਅਵਾਰਡੀ ਟੀਚਰ ਗਿਆਨੀ ਹਰਕੇਵਲ ਸਿੰਘ ਸੈਲਾਨੀ ਦੀ ਦੇਣ ਨੂੰ ਯਾਦ ਕੀਤਾ। ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਸਾਹਿਤ ਸਿਰਜਣਾ ਦੇ ਗੁਰ ਸਮਝਾਉਂਦਿਆਂ ਕਿਹਾ ਕਿ ਉਹ ਇੰਟਰਨੈਟ ਦੀ ਦੁਨੀਆਂ ਤੋਂ ਬਾਹਰ ਨਿਕਲਕੇ ਕਿਤਾਬੀ ਦੁਨੀਆ ਵਿੱਚ ਪ੍ਰਵੇਸ਼ ਕਰਨ।

ਮੌਲਿਕ ਲੇਖ ਲਿਖਣ ਦੇ ਮੁਕਾਬਲੇ ਵਿੱਚ ਅਰਸ਼ਪ੍ਰੀਤ ਉਪਾਸਨਾ ਅਤੇ ਹਰਸ਼ੀਨ ਕੌਰ ਨੇ ਪਹਿਲੀਆਂ ਥਾਵਾਂ ਪ੍ਰਾਪਤ ਕੀਤੀਆਂ। ਕਹਾਣੀ ਲਿਖਣ ਦਾ ਮੁਕਾਬਲਾ ਅਮੀਸ਼ਕਾ, ਜੋਬਨਪ੍ਰੀਤ ਸਿੰਘ ਮਾਣਕੂ ਅਤੇ ਰਜਨੀ ਨੇ ਜਿੱਤਿਆਲਇਸੇ ਤਰ੍ਹਾਂ ਕਵਿਤਾ ਮੁਕਾਬਲੇ ਵਿੱਚ ਪਹਿਲੀ ਥਾਂ ਮੁਸਕਾਨ, ਦੂਜੀ ਸ਼ੀਨਮ ਅਤੇ ਤੀਜੀ ਥਾਂ ਕੰਚਨ ਸੰਧੂ ਨੇ ਪ੍ਰਾਪਤ ਕੀਤੀ।

ਇਸ ਮੌਕੇ ਹਰਮਨਪ੍ਰੀਤ ਕੌਰ, ਮਨਜਿੰਦਰ ਸਿੰਘ, ਹਰਵੀਰ ਮਾਨ, ਨਿਧੀ ਅਮਨ ਸਹੋਤਾ, ਪਵਨ ਸਕਰੂਲੀ, ਜਸਵੀਰ ਸਿੰਘ ਮਰੂਲਾ ਸਮੇਤ ਭਾਗੀਦਾਰਾਂ ਦੇ ਮਾਪੇ ਅਧਿਆਪਕ ਅਤੇ ਸਾਹਿਤ ਪ੍ਰੇਮੀ ਸ਼ਾਮਿਲ ਹੋਏ।

ਸਭ ਦਾ ਧੰਨਵਾਦ ਕਰਦਿਆਂ ਕੁਲਦੀਪ ਕੌਰ ਬੈਂਸ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਦੀ ਸੋਚ ਨੂੰ ਉਸਾਰੂ ਕਦਰਾਂ ਕੀਮਤਾਂ ਵੱਲ ਤੋਰਨਾ ਚਾਹੀਦਾ ਹੈ।



# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ 23ਵੀਂ ਦੋ ਰੋਜ਼ਾ ਪੰਜਾਬੀ ਸਾਹਿਤਕ ਕਾਨਫਰੰਸ ਸਫਲ ਰਹੀ, ਲੇਖਕਾਂ, ਵਿਦਵਾਨਾਂ ਅਤੇ ਸ਼ਾਇਰਾਂ ਵਲੋਂ ਭਰਵੀਂ ਸ਼ਿਰਕਤ

ਵਿਸ਼ਵ ਪੰਜਾਬੀ ਸਾਹਿਤਕ ਅਕਾਦਮੀ (ਵਿਪਸਾਅ) ਕੈਲੀਫ਼ੋਰਨੀਆ ਵਲੋਂ ਹੇਵਰਡ ਸ਼ਹਿਰ 'ਚ ਆਯੋਜਿਤ ਦੋ ਰੋਜ਼ਾ 23ਵੀਂ ਪੰਜਾਬੀ ਸਾਹਿਤਕ ਕਾਨਫਰੰਸ ਵਿਚ ਪੰਜਾਬੀ ਜ਼ੁਬਾਨ, ਭਾਸ਼ਾ, ਸਾਹਿਤ, ਸਭਿਆਚਾਰ ਅਤੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਸਫ਼ਲਤਾ ਨਾਲ ਇਕ ਨਵਾਂ ਇਤਿਹਾਸ ਸਿਰਜਦਿਆਂ ਉੱਤਰੀ ਅਮਰੀਕਾ 'ਚ ਆਉਣ ਵਾਲੇ ਸਮੇਂ 'ਚ ਇਸ ਦੀ ਚੜਦੀ ਕਲਾ ਲਈ ਨਵਾਂ ਮੰਚ ਵੀ ਪ੍ਰਦਾਨ ਕੀਤਾ ਗਿਆ। ਇਸ ਕਾਨਫਰੰਸ ਵਿਚ ਜਿੱਥੇ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ, ਨਵ-ਪ੍ਰਕਾਸ਼ਿਤ ਪੁਸਤਕਾਂ ਦਾ ਲੋਕ ਅਰਪਣ, ਕਵਿਤਾ ਪਾਠ, ਗੀਤ ਸੰਗੀਤ ਹੀ ਨਹੀਂ ਹੋਇਆ ਸਗੋਂ ਭਾਰਤੀ ਸਾਹਿਤ ਅਕਾਦਮੀ ਅਵਾਰਡ ਹਾਸਲ ਕਰਨ ਵਾਲੇ ਵਰਿਆਮ ਸਿੰਘ ਸੰਧੂ, ਜਸਵਿੰਦਰ, ਦਰਸ਼ਨ ਬੁੱਟਰਅਤੇ ਡਾ: ਆਤਮਜੀਤ ਸਮੇਤ ਜਸਵੰਤ ਜ਼ਫ਼ਰ, ਡਾ. ਆਤਮ ਰੰਧਾਵਾ, ਡਾ. ਰਾਜੇਸ਼ ਸ਼ਰਮਾ,ਦਲਵੀਰ ਕੌਰ, ਡਾ. ਮੋਨੋਜੀਤ, ਸੁਸ਼ੀਲ ਦੁਸਾਂਝ, ਰਵਿੰਦਰ ਸਹਿਰਾਅ, ਸਤੀਸ਼ ਗੁਲਾਟੀ, ਸੁਹਿੰਦਰਬੀਰ, ਸੁਰਿੰਦਰ ਸੋਹਲ, ਪ੍ਰੀਤ ਮਨਪ੍ਰੀਤ, ਹਰਦਮ ਸਿੰਘ ਮਾਨ, ਮਨਜੀਤ ਕੌਰ ਗਿੱਲ ਅਤੇ ਰਾਕਿੰਦ ਕੌਰ ਵਰਗੇ ਪੰਜਾਬੀ ਲੇਖਕ ਅਤੇ ਬੁੱਧੀਜੀਵੀ ਉਚੇਚੇ ਤੌਰ 'ਤੇ ਸ਼ਾਮਿਲ ਹੋਣ ਲਈ ਪਹੁੰਚੇ। ਵਿਪਸਾਅ ਦੇ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਪ੍ਰਧਾਨ ਕੁਲਵਿੰਦਰ, ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਗੁਲਸ਼ਨ ਦਿਆਲ, ਅਮਰਜੀਤ ਕੌਰ ਪੰਨੂੰ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਲਾਜ ਨੀਲਮ ਸੈਣੀ, ਹਰਭਜਨ ਢਿੱਲੋਂ, ਸੁਖਦੇਵ ਸਾਹਿਲ, ਕਵੀ ਐਸ਼, ਹਰਜਿੰਦਰ ਕੰਗ, ਡਾ. ਗੁਰਪ੍ਰੀਤ ਧੁੱਗਾ, ਗਗਨਦੀਪ ਮਾਹਲ, ਤਾਰਾ ਸਾਗਰ, ਪ੍ਰਿੰ ਹਜ਼ੂਰਾ ਸਿੰਘ ਅਤੇ ਮੁਕੇਸ਼ ਸ਼ਰਮਾ ਦੇ ਖਾਤੇ 'ਚ ਇਸ ਕਾਨਫਰੰਸ ਦੀ ਸਫ਼ਲਤਾ ਦਾ ਮਾਣ ਪਾਇਆ ਜਾ ਸਕਦਾ ਹੈ।




ਸੁਰੀਲੇ ਗਾਇਕ ਸੁਖਦੇਵ ਸਾਹਿਲ ਦੇ ਸ਼ਬਦ ਗਾਇਨ ਨਾਲ ਕਾਨਫਰੰਸ ਦੀ ਸ਼ੁਰੂਆਤ ਹੋਈ। ਸਵਾਗਤੀ ਸੈਸ਼ਨ ਦੀ ਪ੍ਰਧਾਨਗੀ ਵਿਪਸਾਅ ਦੇ ਸਪਾਂਸਰ ਉੱਘੇ ਕਾਰੋਬਾਰੀ ਜਸਵੀਰ ਗਿੱਲ, ਬਲਵਿੰਦਰ ਸਿੰਘ ਧਨੋਆ, ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਕੁਲਵਿੰਦਰ ਅਤੇ ਕਵੀ ਐਸ਼ ਨੇ ਕੀਤੀ। ਪ੍ਰਧਾਨ ਕੁਲਵਿੰਦਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਕਾਨਫਰੰਸ ਦੇ ਮਨੋਰਥ ਬਾਰੇ ਬੋਲਦਿਆਂ ਇਸ ਮਸ਼ੀਨੀ ਯੁੱਗ ਵਿਚ ਸਾਹਿਤ ਨਾਲ ਜੁੜਨ ਨੂੰ ਹੋਰ ਵੀ ਜ਼ਰੂਰੀ ਦੱਸਿਆ। ਉਹਨਾਂ ਨੇ ਇਹ ਕਾਨਫ਼ਰੰਸ ਵਿਪਸਾਅ ਦੇ ਸੰਸਥਾਪਕ ਮੈਂਬਰ ਸਵ: ਡਾ: ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ ਕਰਦਿਆਂ ਡਾ: ਸਿੱਧੂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭਾ ਦੀ ਸਲਾਨਾ ਰਿਪੋਰਟ ਸਾਹਿਤ ਸਕੱਤਰ ਲਾਜ ਨੀਲਮ ਸੈਣੀ ਨੇ ਪੜ੍ਹੀ ਅਤੇ ਕਰੋਨਾ ਕਾਲ ਤੋਂ ਬਾਅਦ ਹੋਏ ਸਾਹਿਤਕ ਸਮਾਗਮਾਂ ਦਾ ਵੇਰਵੇ ਸਹਿਤ ਜ਼ਿਕਰ ਕੀਤਾ।

'ਅਮਰੀਕੀ ਪੰਜਾਬੀ ਕਵਿਤਾ ਸਮਕਾਲ ਦੇ ਸੰਦਰਭ' ਵਿਚ ਵਾਚਦਿਆਂ ਡਾ। ਆਤਮ ਸਿੰਘ ਰੰਧਾਵਾ ਨੇ ਆਪਣੇ ਪਰਚੇ ਵਿਚ ਕਵਿਤਾ ਰਾਹੀਂ ਵਿਸ਼ਵ ਵਿਚ ਵਸਦੇ ਪੰਜਾਬੀਆਂ ਦੀ ਰੂਹ ਨੂੰ ਪੰਜਾਬ ਨਾਲ ਜੁੜੇ ਹੋਣ ਦੀ ਗੱਲ ਕਰਦਿਆਂ ਕਵਿਤਾ ਪ੍ਰਤੀ ਸ਼ਾਇਰਾਂ ਦੀ ਸੁਹਿਰਦਤਾ, ਵਿਸ਼ਿਆਂ ਤੇ ਹਾਲਾਤਾਂ ਦਾ ਚਿਤਰਣ ਬਿਆਨਦਿਆਂ ਚੰਗੀਆਂ ਪ੍ਰਾਪਤੀਆਂ ਦੱਸਿਆ। ਉਹਨਾਂ ਨਵੀਂ ਦ੍ਰਿਸ਼ਟੀ ਤੋਂ ਪਰਵਾਸ ਤੇ ਪਰਵਾਸੀ ਕਵਿਤਾ ਨੂੰ ਪਰਿਭਾਸ਼ਿਤ ਕਰਨ ਉਪਰੰਤ ਅਮਰੀਕਾ ਵਿਚ ਲਿਖੀ ਜਾ ਰਹੀ ਸਮੁੱਚੀ ਪੰਜਾਬੀ ਕਵਿਤਾ ਦੇ ਮੁੱਖ ਪਛਾਣ-ਚਿੰਨ੍ਹ ਅਤੇ ਉਨ੍ਹਾਂ ਦੇ ਵਿਚਾਰਧਾਰਾਈ ਆਧਾਰ ਨਿਰਧਾਰਤ ਕੀਤੇ। ਉਹਨਾਂ ਕਿਹਾ ਕਿ ਅਮਰੀਕਾ ਤੇ ਮੂਲ-ਦੇਸ ਵਿਚ ਸਮੇਂ ਸਮੇਂ ਚੱਲੀਆਂ ਲਹਿਰਾਂ, ਪਰਵਾਸ ਦਾ ਕਠੋਰ ਯਥਾਰਥ ਤੇ ਵਿਸ਼ਵ ਪੱਧਰ ਤੇ 1990 ਤੋਂ ਬਾਅਦ ਵਾਪਰੇ ਬਦਲਾਅ ਚੋਂ ਲੰਘਦਿਆਂ ਇਹ ਕਵਿਤਾ ਚੇਤਨਤਾ, ਭਾਵੁਕਤਾ ਅਤੇ ਸਮਕਾਲ ਤਕ ਪਹੁੰਚਦਿਆਂ ਦਾਰਸ਼ਨਿਕਤਾਦੇ ਪੱਧਰ ਵੱਲ ਰੁਖ਼ ਕਰਦੀ ਹੈ।

ਇਸ ਚਰਚਾ ਸੈਸ਼ਨ ਦੇ ਮੁੱਖ ਮਹਿਮਾਨ ਰਹੇ ਵਰਿਆਮ ਸਿੰਘ ਸੰਧੂ ਅਤੇ ਪ੍ਰਧਾਨਗੀ ਦਰਸ਼ਨ ਬੁੱਟਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸੁਸ਼ੀਲ ਦੁਸਾਂਝ, ਜਸਵਿੰਦਰ ਅਤੇ ਡਾ: ਰਾਜੇਸ਼ ਸ਼ਰਮਾ ਨੇ ਵੀ ਇਸ ਵਿਸ਼ੇ ਤੇ ਆਪਣੇ ਵਿਚਾਰ ਪੇਸ਼ ਕੀਤੇ। 'ਅਮਰੀਕੀ ਪੰਜਾਬੀ ਕਹਾਣੀ ਸਮਕਾਲ ਦੇ ਸੰਦਰਭ ਵਿੱਚ' ਸੈਸ਼ਨ ਦੇ ਮੁੱਖ ਮਹਿਮਾਨ ਡਾ. ਮੋਨੋਜੀਤ ਅਤੇ ਪ੍ਰਧਾਨ ਵਰਿਆਮ ਸਿੰਘ ਸੰਧੂ ਸਨ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਨ ਸੁਰਿੰਦਰ ਸੋਹਲ, ਚਰਨਜੀਤ ਪੰਨੂ, ਸੁਖਵਿੰਦਰ ਕੰਬੋਜ ਅਤੇ ਅਮਰਜੀਤ ਕੌਰ ਪੰਨੂੰ। ਅਜਮੇਰ ਸਿੱਧੂ ਨੇ ਅਮਰੀਕੀ ਪੰਜਾਬੀ ਕਹਾਣੀ ਉੱਪਰ ਖੁੱਲ ਕੇ ਗੱਲ ਕਰਦਿਆਂ ਕਿਹਾ ਕਿ ਉਸ ਨੇ ਅਮਰੀਕਾ ਦੇ ਕਹਾਣੀਕਾਰਾਂ ਦੀਆਂ 35 ਕਹਾਣੀਆਂ ਪੜ੍ਹਦਿਆਂ ਖੁਸ਼ੀ ਮਹਿਸੂਸ ਕੀਤੀ ਹੈ ਕਿ ਪਰਵਾਸ 'ਚ ਰਹਿ ਕੇ ਵੀ ਪੰਜਾਬੀ ਕਹਾਣੀਕਾਰ ਆਪਣੀ ਮਿੱਟੀ ਤੇ ਸਾਹਿਤ ਨਾਲ ਗਹਿ ਗੱਚ ਜੁੜੇ ਹੋਏ ਹਨ। ਸਿੱਧੂ ਦੀ ਵਿਚਾਰ ਲੜੀ ਨੂੰ ਅੱਗੇ ਤੋਰਦਿਆਂ ਸੁਰਿੰਦਰ ਸੋਹਲ ਅਤੇ ਵਰਿਆਮ ਸਿੰਘ ਸੰਧੂ ਨੇ ਕਹਾਣੀ ਦੇ ਰੂਪ/ਵਿਸ਼ਾ ਵਸਤੂ ਬਾਰੇ ਅਮਰੀਕੀ ਪੰਜਾਬੀ ਕਹਾਣੀਆਂ ਵਿਚੋਂ ਮਿਸਾਲਾਂ ਸਹਿਤ ਬਹੁਤ ਵਿਸਥਾਰ ਵਿੱਚ ਚਾਨਣਾ ਪਾਇਆ। ਇਸ ਚਰਚਾ ਦਾ ਸੰਚਾਲਨ ਲੇਖਕਾ ਗੁਲਸ਼ਨ ਦਿਆਲ ਨੇ ਕੀਤਾ।

ਕਾਨਫ਼ਰੰਸ ਵਿੱਚ ਹਾਜ਼ਰ ਲੇਖਕਾਂ ਦੀਆਂ ਦਰਜਨ ਦੇ ਕਰੀਬ ਨਵ-ਪ੍ਰਕਾਸ਼ਿਤ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਜਿੰਨਾਂ ਵਿੱਚ ਸ਼ਾਮਲ ਹਨ: ਕੁਲਵਿੰਦਰ ਅਤੇ ਸਤੀਸ਼ ਗੁਲਾਟੀ ਸੰਪਾਦਿਤ ਪਾਕਿਸਤਾਨ ਤੋਂ ਪੰਜਾਬੀ ਦੇ ਨਾਮਵਰ ਸ਼ਾਇਰ ਅਬਦੁਲ ਕਰੀਮ ਕੁਦਸੀ ਦੇ ਸ਼ਾਇਰੀ ਸੰਗ੍ਰਹਿ "ਆਪਣੇ ਘਰੀਂ ਪ੍ਰਾਉਣੇ" ਅਤੇ "ਬਿਰਹੋਂ ਦੀ ਰੜਕ", ਜਸਵੰਤ ਜ਼ਫ਼ਰ ਦੀ ਵਿਚਾਰ ਲੜੀ ਪੁਸਤਕ " ਚਮੇਲੀ ਦੇ ਫੁੱਲ", ਡਾ: ਮੋਨੋਜੀਤ ਦਾ ਕਵਿਤਾ ਸੰਗ੍ਰਹਿ "ਕਿਤਾਬ ਮੂਰਤੀ ਨਹੀਂ ਹੁੰਦੀ", ਡਾ: ਸ਼ਮਸ਼ੇਰ ਮੋਹੀ ਸੰਪਾਦਿਤ "ਸੁਰਜੀਤ ਸਖੀ ਕਾਵਿ ਵਸਤੂ, ਵਿਧੀ ਤੇ ਵਿਚਾਰਧਾਰਾ", ਅਮਰਜੀਤ ਕੌਰ ਪੰਨੂੰ ਦਾ ਕਹਾਣੀ ਸੰਗ੍ਰਹਿ "ਸੁੱਚਾ ਗੁਲਾਬ", ਐਸ਼ ਦੀਆਂ ਦੋ ਜੀਵਨੀ ਕਾਵਿ ਪੁਸਤਕਾਂ। ਸਵ: ਗੁਰੂਮੇਲ ਸਿੱਧੂ ਦੀ "ਗ਼ਦਰ ਲਹਿਰ ਦਾ ਦੂਜਾ ਪੱਖ' ਦਾ ਦੂਜਾ ਐਡੀਸ਼ਨ, ਸੁਖਵਿੰਦਰ ਕੰਬੋਜ ਦੀ "ਜੰਗ ਜਸ਼ਨ ਤੇ ਜੁਗਨੂੰ" ਦਾ ਨਵਾਂ ਐਡੀਸ਼ਨ, ਜਸਵਿੰਦਰ ਦੀ "ਅਗਰਬੱਤੀ" ਦਾ ਚੌਥਾ ਐਡੀਸ਼ਨ ਅਤੇ ਮੈਗਜ਼ੀਨ "ਹੁਣ', ਜੰਮੂ ਤੋਂ ਨਿਕਲਦੇ ਮੈਗਜ਼ੀਨ "ਆਬਰੂ" ਅਤੇ "ਏਕਮ" ਦੇ ਨਵੇਂ ਐਡੀਸ਼ਨ ਵੀ ਰਿਲੀਜ਼ ਕੀਤੇ ਗਏ। ਹਰਪ੍ਰੀਤ ਕੌਰ ਧੂਤ ਅਤੇ ਜਗਜੀਤ ਨੇ ਇਹਨਾਂ ਕਿਤਾਬਾਂ ਦੀ ਜਾਣ-ਪਛਾਣ ਦਰਸ਼ਕਾਂ ਨਾਲ ਕਰਾਈ।

ਕਾਨਫਰੰਸ ਦੇ ਪਹਿਲੇ ਦਿਨ ਵਿਸ਼ਾਲ ਕਵੀ ਦਰਬਾਰ ਆਯੋਜਨ ਕੀਤਾ ਗਿਆ ਜਿਸ ਵਿਚ 20 ਤੋਂ ਵੱਧ ਕਵੀਆਂ/ਕਵਿਤਰੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਹਾਜ਼ਰ ਸਰੋਤਿਆਂ ਨੂੰ ਸਾਹਿਤ ਦੇ ਲੜ ਬੰਨੀਂ ਰੱਖਿਆ। ਇਸ ਕਵੀ ਦਰਬਾਰ ਦੇ ਮੁੱਖ ਮਹਿਮਾਨ ਜਸਵੰਤ ਜ਼ਫ਼ਰ ਸਨ ਅਤੇ ਪ੍ਰਧਾਨਗੀ ਰਵਿੰਦਰ ਸਹਿਰਾਅ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਉਹਨਾਂ ਦਾ ਸਾਥ ਦਿੱਤਾ ਸੁਰਜੀਤ ਸਖੀ, ਸੁਹਿੰਦਰਬੀਰ, ਪ੍ਰੀਤ ਮਨਪ੍ਰੀਤ, ਗੁਲਸ਼ਨ ਦਿਆਲ, ਅਤੇ ਮਨਜੀਤ ਕੌਰ ਗਿੱਲ ਨੇ। ਕਵੀ ਦਰਬਾਰ ਦਾ ਆਗਾਜ਼ ਰਾਕਿੰਦ ਕੌਰ ਵਲੋਂ ਸ਼ਮਾ ਰੋਸ਼ਨ ਕਰਕੇ ਕੀਤਾ ਗਿਆ। ਸਭ ਤੋਂ ਪਹਿਲਾਂ ਅਮਰਜੀਤ ਜੌਹਲ ਨੇ ਮਾਂ ਬੋਲੀ ਅਤੇ ਪੰਜਾਬ ਨੂੰ ਸਮਰਪਿਤ ਗੀਤ ਤਰੰਨਮ ਵਿੱਚ ਗਾਇਆ ਅਤੇ ਸਮਾਪਤੀ ਰਵਿੰਦਰ ਸਹਿਰਾਅ ਦੀਆਂ ਨਜ਼ਮਾਂ "ਫ਼ਲਸਤੀਨੀ ਕੁੜੀ ਦੀ ਚੱਪਲ" ਅਤੇ "ਲਾਹੌਰ ਸ਼ਹਿਰ ਦੀਓਕੁੜੀਓ" ਨਾਲ ਹੋਈ। ਪ੍ਰਭਸ਼ਰਨਬੀਰ ਸਿੰਘ, ਸਤੀਸ਼ ਗੁਲਾਟੀ, ਕਵੀ ਐਸ਼, ਸੁਹਿੰਦਰਬੀਰ, ਹਰਜਿੰਦਰ ਕੰਗ, ਹਰਜਿੰਦਰ ਢੇਸੀ, ਸੰਤੋਖ ਮਿਨਹਾਸ, ਰਾਕਿੰਦ ਕੌਰ, ਸੁਰਿੰਦਰ ਸੋਹਲ ਅਤੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਕਵੀਆਂ ਨੇ ਆਪਣਾ ਕਲਾਮ ਸੁਣਾ ਕੇ ਸਰੋਤਿਆਂ ਵਲੋਂ ਪ੍ਰਸੰਸਾ ਹਾਸਲ ਕੀਤੀ। ਕਵੀ ਦਰਬਾਰ ਦੇ ਸੰਚਾਲਨ ਦੀ ਜ਼ਿੰਮੇਵਾਰੀ ਲਾਜ ਨੀਲਮ ਸੈਣੀ ਅਤੇ ਜਗਜੀਤ ਨੌਸ਼ਹਿਰਵੀ ਨੇ ਨਿਭਾਈ।

ਪਹਿਲੀ ਸ਼ਾਮ ਦਾ ਅੰਤ ਸੁਖਦੇਵ ਸਾਹਿਲ ਦੀ ਮੁਗਧ ਅਵਾਜ਼ ਵਿੱਚ ਸੂਫ਼ੀ ਅਤੇ ਆਧੁਨਿਕ ਸ਼ਾਇਰੀ ਦੇ ਜਾਦੂ-ਮਈ ਗਾਇਨ ਨਾਲ ਹੋਇਆ। ਸਾਹਿਲ ਨੇ ਹੀਰ ਵਾਰਿਸ, ਸ਼ਿਵ ਬਟਾਲਵੀ, ਜਸਵਿੰਦਰ, ਹਰਜਿੰਦਰ ਕੰਗ, ਕੁਲਵਿੰਦਰ ਅਤੇ ਹੋਰ ਸਮਕਾਲੀ ਸ਼ਾਇਰਾਂ ਦਾ ਕਲਾਮ ਗਾ ਕੇ ਹਾਜ਼ਰ ਰੂਹਾਂ ਨੂੰ ਅਨੰਦਿਤ ਕੀਤਾ।

ਕਾਨਫ਼ਰੰਸ ਦੇ ਦੂਜੇ ਤੇ ਆਖਰੀ ਦਿਨ ਪੰਜਾਬੀ ਯੂਨੀਵਰਸਿਟੀ ਦੇ ਡਾ। ਰਾਜੇਸ਼ ਸ਼ਰਮਾ ਨੇ ਪੰਜਾਬੀ ਸਾਹਿਤ ਦੇ ਵਿਸ਼ਵ ਸਾਹਿਤ ਵਿਚ ਸਥਾਨ, ਰੁਤਬਾ, ਅਨੁਵਾਦ ਅਤੇ ਅਦਾਨ ਪ੍ਰਦਾਨ ਦੇ ਵਿਸ਼ੇ ਉੱਤੇ ਏਨੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ ਕਿ ਕਾਨਫ਼ਰੰਸ ਦਾ ਇਹ ਇਕ ਵਡਮੁੱਲਾ ਭਾਗ ਸਾਬਤ ਹੋਇਆ। ਡਾ। ਸ਼ਰਮਾ ਦੀਆਂ ਟਿੱਪਣੀਆਂ ਉੱਤਰੀ ਅਮਰੀਕਾ 'ਚ ਸਾਹਿਤਕਾਰਾਂ ਲਈ ਸਾਹਿਤ ਨੂੰ ਹੋਰ ਵੀ ਗੰਭੀਰਤਾ ਨਾਲ ਰਚਣ ਵਿਚ ਮਦਦਗਾਰ ਸਾਬਤ ਹੋਣਗੀਆਂ। ਉਹਨਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪੰਜਾਬੀ ਸਾਹਿਤ ਦਾ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਕੌਮਾਂਤਰੀ ਸਾਹਿਤ ਵਿਚ ਆਪਣੀ ਚੰਗੀ ਥਾਂ ਬਣਾ ਸਕੀਏ। ਡਾ: ਸ਼ਰਮਾ ਨੇ ਕਿਹਾ ਕਿ "ਪਰਵਾਸੀ ਇੱਕ ਤੀਰਥ ਯਾਤਰੀ ਹੈ, ਤੁਸੀਂ ਇੱਕ ਤੋਂ ਦੂਸਰੀ ਧਰਤੀ ਦਾ ਹੀ ਨਹੀਂ, ਇੱਕ ਤੋਂ ਦੂਸਰੇ ਪੱਧਰ ਦਾ, ਇੱਕ ਤੋਂ ਦੂਸਰੀ ਜ਼ਿੰਦਗੀ ਦਾ, ਇੱਕ ਤੋਂ ਦੂਸਰੀ ਚੇਤਨਾ ਧਾਰਾ ਦਾ ਸਫਰ ਤਹਿ ਕਰਨ ਦਾ ਮੌਕਾ ਲੈਂਦੇ ਹੋ"। ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ ਡਾ: ਆਤਮਜੀਤ ਅਤੇ ਪ੍ਰਧਾਨਗੀ ਡਾ: ਆਤਮ ਸਿੰਘ ਰੰਧਾਵਾ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਉਹਨਾਂ ਦਾ ਸਾਥ ਦਿੱਤਾ ਸੁਰਿੰਦਰ ਸੀਰਤ, ਹਰਦਮ ਮਾਨ, ਹਰਜਿੰਦਰ ਕੰਗ ਅਤੇ ਡਾ: ਕੁਲਬੀਰ ਸਿੰਘ ਥਿੰਦ ਨੇ। ਸਾਰੀ ਵਿਚਾਰ ਚਰਚਾ ਨੂੰ ਸੁਖਵਿੰਦਰ ਕੰਬੋਜ ਨੇ ਸੰਚਾਲਕ ਵਜੋਂ ਬਾਖ਼ੂਬੀ ਪਰੋਇਆ।

ਕਾਨਫਰੰਸ ਦਾ ਇਕ ਖ਼ਾਸ ਸੈਸ਼ਨ ਸੀ ਡਾ: ਗੁਰਪ੍ਰੀਤ ਧੁੱਗਾ ਦੇ ਬਹੁਚਰਚਿਤ ਨਾਵਲ 'ਚਾਲ਼ੀਦਿਨ' ਉੱਪਰ ਵਿਚਾਰ ਚਰਚਾ ਦਾ ਹੋਣਾ। ਇਸ ਚਰਚਾ ਦਾ ਸੰਚਾਲਨ ਅਸ਼ੋਕ ਭੌਰਾ ਨੇ ਕੀਤਾ। ਡਾ: ਵਰਿਆਮ ਸਿੰਘ ਸੰਧੂ, ਡਾ: ਆਤਮਜੀਤ, ਸੁਰਿੰਦਰ ਸੋਹਲ, ਜਸਵੰਤ ਜ਼ਫ਼ਰ, ਦਰਸ਼ਨ ਬੁੱਟਰ ਤੇ ਡਾ। ਰਜੇਸ਼ ਸ਼ਰਮਾ ਨੇ ਡਾ। ਧੁੱਗਾ ਦੀ ਨਿਵੇਕਲੀ ਸਾਹਿਤਕ ਕਿਰਤ 'ਚਾਲ਼ੀਦਿਨ' ਨੂੰ ਡਾ: ਗੁਰਪ੍ਰੀਤ ਧੁੱਗਾ ਦੀ ਇਕ ਵੱਡੀ ਸਾਹਿਤਕ ਪ੍ਰਾਪਤੀ ਦੱਸਿਆ। ਸੁਰਿੰਦਰ ਸੋਹਲ ਨੇ ਡਾ: ਧੁੱਗਾ ਤੋਂ ਆਉਣ ਵਾਲੀਆਂ ਕਿਰਤਾਂ ਵਿੱਚ ਹੋਰ ਵੀ ਨਿਖਰਨ ਦੀ ਆਸ ਪ੍ਰਗਟਾਈ। ਡਾ: ਸੰਧੂ ਨੇ ਇਸ ਲਿਖਤ ਦਾ ਰੂਪ ਬਾਬੇ ਨਾਨਕ ਦੀਆਂ ਉਦਾਸੀਆਂ ਦੌਰਾਨ ਵਾਪਰਦੀਆਂ ਸਾਖੀਆਂ ਨਾਲ ਮਿਲਦਾ ਦੱਸਿਆ। ਡਾ: ਰਾਜੇਸ਼ ਸ਼ਰਮਾ ਨੇ ਕਿਹਾ ਕਿ ਹੋਰ ਭਾਸ਼ਾਵਾਂ ਵਿੱਚ ਵੀ ਨਵੀਂ ਪੀੜ੍ਹੀ ਦੇ ਲੇਖਕ ਪ੍ਰਵਾਨਤ ਸਾਹਿਤ ਰੂਪਾਂ ਤੋਂ ਅੱਗੇ ਨਵੀਂਆਂ ਸਾਹਿਤਕ ਵੰਨਗੀਆਂ ਸਿਰਜ ਰਹੇ ਹਨ। "ਚਾਲ਼ੀ ਦਿਨ" ਵੀ 'ਪੋਸਟ-ਯੌਨਰ' ਹੈ ਅਤੇ ਪੰਜਾਬੀ ਸਾਹਿਤ ਵਿੱਚ ਚੰਗਾ ਵਾਧਾ ਹੈ। 'ਚਾਲ਼ੀਦਿਨ' ਬਾਰੇ ਇਸ ਦੇ ਲੇਖਕ ਡਾ: ਧੁੱਗਾ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਸ ਨੂੰ ਆਪਣੀ ਪ੍ਰਾਪਤੀ 'ਤੇ ਮਾਣ ਹੀ ਨਹੀਂ ਖੁਸ਼ੀ ਵੀ ਹੈ ਪਰ ਇਸ ਨਾਲ ਉਸ ਦੀਆਂ ਸਾਹਿਤਕ ਜ਼ਿੰਮੇਵਾਰੀਆਂ ਵੱਡੀਆਂ ਹੋ ਗਈਆਂ ਹਨ।

ਦੂਜੇ ਦਿਨ ਦਾ ਕਵੀ ਦਰਬਾਰ ਹੋਰ ਵੀ ਆਹਲਾ ਹੋ ਨਿਬੜਿਆ ਜਿਸਦੀ ਸੰਚਾਲਨਾ ਉੱਘੇ ਕਵੀ ਸੁਰਿੰਦਰ ਸੀਰਤ ਅਤੇ ਸ਼ਾਇਰਾ ਸੁਰਜੀਤ ਸਖੀ ਨੇ ਕੀਤੀ। ਕਵੀ ਦਰਬਾਰ ਦੀ ਸਦਾਰਤ ਜਸਵਿੰਦਰ ਨੇ ਕੀਤੀ ਅਤੇ ਮੁੱਖ ਮਹਿਮਾਨ ਸਨ ਦਰਸ਼ਨ ਬੁੱਟਰ। ਪ੍ਰਧਾਨਗੀ ਮੰਡਲ ਵਿੱਚ ਇਹਨਾਂ ਦੇ ਸਾਥੀ ਸਨਕੁਲਵਿੰਦਰ, ਦਲਵੀਰ ਕੌਰ, ਭੁਪਿੰਦਰ ਦਲੇਰ, ਗੁਲਸ਼ਨ ਦਿਆਲ, ਸਤੀਸ਼ ਗੁਲਾਟੀ, ਦਿਲ ਨਿੱਝਰ ਅਤੇ ਅਸ਼ੋਕ ਭੌਰਾ।

ਹੋਰਨਾਂ ਤੋਂ ਇਲਾਵਾ ਇਸ ਕਵੀ ਦਰਬਾਰ ਵਿੱਚ ਦਰਸ਼ਨ ਬੁੱਟਰ, ਡਾ: ਗੁਰਪ੍ਰੀਤ ਧੁੱਗਾ, ਜਸਵਿੰਦਰ, ਲਖਵਿੰਦਰ ਲੱਕੀ, ਲਾਜ ਨੀਲਮ ਸੈਣੀ, ਡਾ: ਬਿਕਰਮ ਸੋਹੀ, ਪ੍ਰਿੰ ਹਜ਼ੂਰਾ ਸਿੰਘ, ਤਾਰਾ ਸਾਗਰ, ਸੁਖਪਾਲ ਸੰਘੇੜਾ, ਲਾਜ ਨੀਲਮ ਸੈਣੀ, ਗਗਨਦੀਪ ਮਾਹਲ, ਤਰਲੋਚਨ ਸਿੰਘ ਦੁਪਾਲਪੁਰੀ, ਦਲਵੀਰ ਕੌਰ, ਜਸਵੰਤ ਸ਼ਾਦ, ਹਰਜਿੰਦਰ ਕੰਗ, ਹਰਭਜਨ ਢਿੱਲੋਂ, ਕੁਲਵੰਤ ਸੇਖੋਂ ਨੇ ਆਪਣਾ ਕਲਾਮ ਪੇਸ਼ ਕੀਤਾ।

ਰੰਗ ਮੰਚ ਨੂੰ ਆਪਣੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਪ੍ਰਦਾਨ ਕਰ ਕੇ ਇਸ ਖੇਤਰ ਦੀਆਂ ਨਵੀਆਂ ਸਿਖਰਾਂ ਸਿਰਜਣ ਵਾਲੇ ਡਾ: ਆਤਮਜੀਤ ਨੇ ਜਦੋਂ ਦੀਵਾਨ ਸਿੰਘ ਕਾਲੇਪਾਣੀ ਦੀ ਜ਼ਿੰਦਗੀ 'ਤੇ ਅਧਾਰਿਤ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦਾ ਨਾਟਕੀ ਪਾਠ ਦੇਰ ਰਾਤ ਦਰਸ਼ਕਾਂ ਨਾਲ ਸਾਂਝਾ ਕੀਤਾ ਤਾਂ ਇਸ ਚੁੱਪ 'ਚ ਹਰ ਅੱਖ ਜਜ਼ਬਾਤੀ, ਸਿੱਲੀ ਤੇ ਭਾਵਪੂਰਤ ਸੀ।

ਇਹ ਪੇਸ਼ਕਾਰੀ ਦੋ ਦਿਨਾਂ ਕਾਨਫਰੰਸ ਦੀ ਇਕ ਤਰਾਂ ਨਾਲ ਇਤਿਹਾਸਕ ਸਿਖਰ ਮੰਨੀ ਜਾ ਸਕਦੀ ਹੈ। ਡਾ. ਕਾਲੇਪਾਣੀ ਦੀ ਪੋਤਰੀ ਅਨੁਰੰਜਨ ਕੌਰ ਆਪਣੇ ਪਰਵਾਰ ਨਾਲ ਹਾਜ਼ਰ ਸੀ। ਵਿਪਸਾਅ ਵਲੋਂ ਉਹਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਦੋਵੇਂ ਦਿਨ ਕਾਨਫਰੰਸ ਦਾ ਸਟੇਜ ਸੰਚਾਲਨ ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ, ਸੁਰਿੰਦਰ ਸੀਰਤ, ਗੁਲਸ਼ਨ ਦਿਆਲ, ਸੁਖਵਿੰਦਰ ਕੰਬੋਜ, ਅਸ਼ੋਕ ਭੌਰਾ ਅਤੇ ਹਰਪ੍ਰੀਤ ਕੌਰ ਧੂਤ ਨੇ ਕੀਤਾ। ਵਿਪਸਾਅ ਕਮੇਟੀ ਵਲੋਂ ਜਸਵੀਰ ਗਿੱਲ, ਡਾ: ਗੁਰਪ੍ਰੀਤ ਧੁੱਗਾ, ਡਾ: ਸਰਬਜੀਤ ਹੁੰਦਲ, ਬਲਵਿੰਦਰ ਧਨੋਆ, ਸੁਰਿੰਦਰ ਧਨੋਆ, ਡਾ: ਦਲਬੀਰ ਪੰਨੂੰ, ਪ੍ਰੋ ਸੁਖਦੇਵ ਸਿੰਘ, ਬਲਜਿੰਦਰ ਸਵੈਚ, ਸਤਵੰਤ ਸਿੰਘ ਅਤੇ ਵਿਪਸਾਅ ਦੀ ਸਮੁੱਚੀ ਕਾਰਜਕਰਨੀ ਵਲੋਂ ਮਾਇਕ ਮਦਦ ਇਕੱਠੀ ਕਰਨ ਵਿੱਚ ਖ਼ਾਸ ਭੂਮਿਕਾ ਨਿਭਾਉਣ ਲਈ ਧੰਨਵਾਦ ਕੀਤਾ ਗਿਆ। ਪੰਜਾਬੀ ਰੇਡੀਓ ਯੂ ਐਸ ਏ ਦੇ ਹਰਜੋਤ ਸਿੰਘ ਖਾਲਸਾ ਅਤੇ ਰਾਜਕਰਨ ਸਿੰਘ ਨੇ ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਕੀਤਾ।

**ਜਗਜੀਤ ਨੌਸ਼ਹਿਰਵੀ,**
**510-676-1565**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

**ਅੰਤਿਮ ਅਰਦਾਸ 10 ਨਵੰਬਰ ਨੂੰ ਦੁਪਹਿਰ 12 ਵਜੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਕੰਗਣੀਵਾਲ (ਜੰਡੂ ਸਿੰਘਾ) ਵਿਖੇ ਹੋਵੇਗੀ।**

# ਚਰੰਜੀ ਲਾਲ ਕੰਗਣੀਵਾਲ ਦੇ ਸਪੁੱਤਰ ਦੇ ਦਰਦਨਾਕ ਵਿਛੋੜੇ 'ਤੇ ਹੋਈ ਸ਼ੋਕ ਸਭਾ, ਸ਼ਰਧਾਂਜ਼ਲੀ ਸਮਾਗਮ 10 ਨੂੰ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਦੇ ਬੇਟੇ ਨਵਦੀਪ ਕੁਮਾਰ ਦੇ ਅਸਹਿ ਵਿਛੋੜੇ 'ਤੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਸ਼ੋਕ ਸਭਾ ਕੀਤੀ ਗਈ।

ਇਸ ਸ਼ੋਕ ਸਭਾ 'ਚ ਚਰੰਜੀਲਾਲ ਕੰਗਣੀਵਾਲ ਨੇ ਵੀ ਸ਼ਿਰਕਤ ਕੀਤੀ। ਚਰੰਜੀ ਲਾਲ ਨੇ ਭਰੇ ਮਨ ਨਾਲ ਕਿਹਾ ਕਿ ਮੇਰੇ ਪੁੱਤ ਦੇ ਵਿਛੋੜੇ ਦੀ ਪੀੜ੍ਹ ਸਮਾਜ ਅੰਦਰ ਧੁਖ਼ਦੇ ਸੁਆਲਾਂ ਨਾ਼ਲ ਜੁੜੀ ਹੋਈ ਹੈ। ਉਹਨਾਂ ਕਿਹਾ ਕਿ ਸਮਾਜ ਨੂੰ ਨਰੋਈ ਸੇਧ ਦੇਣ ਅਤੇ ਤਿਲ-ਤਿਲ ਕਰਕੇ ਜਿਉਂਦੇ ਜੀਅ ਮਰਨ ਦੀ ਬਜਾਏ ਜ਼ਿੰਦਗੀ ਨੂੰ ਗ਼ਲ ਲੱਗ ਮਿਲਣ ਦੀ ਲੋੜ ਹੈ।

ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਦਰਦ ਸਾਂਝਾ ਕਰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਹਰ ਦੁੱਖ ਦੀ ਘੜੀ ਉਹਨਾਂ ਦੇ ਪਰਿਵਾਰ, ਸਾਕ-ਸਬੰਧੀਆਂ ਅਤੇ ਸੰਗੀ-ਸਾਥੀਆਂ ਦੇ ਅੰਗ-ਸੰਗ ਰਹੇਗੀ।



ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਜੋਬਨ ਰੁੱਤੇ ਸਾਥੋਂ ਵਿਛੜ ਗਏ ਨਵਦੀਪ ਕੁਮਾਰ ਵਰਗੇ ਨੌਜਵਾਨਾਂ ਦੀਆਂ ਬੇਮੌਕਾ ਮੌਤਾਂ ਸਾਡੇ ਲਈ ਤਿਖੱੜੇ ਸੁਆਲ ਖੜ੍ਹੇ ਕਰ ਰਹੀਆਂ ਹਨ, ਜਿਹੜੇ ਸੁਆਲ ਸਾਥੋਂ ਸੰਜੀਦਾ ਵਿਚਾਰ-ਚਰਚਾ ਉਪਰੰਤ ਜਵਾਬ ਮੰਗਦੇ ਹਨ। ਉਹਨਾਂ ਕਿਹਾ ਕਿ ਇਹ ਵੇਲਾ, ਮਿਲ ਬੈਠਣ ਅਤੇ ਚਿੰਤਨ ਦਾ ਵੇਲਾ ਹੈ, ਨਹੀਂ ਉਦਾਸ ਰੁੱਤ ਦੀ ਧੁੰਦ ਲੋਕ ਮਨਾਂ 'ਤੇ ਛਾ ਜਾਵੇਗੀ।

ਇਸ ਮੌਕੇ ਇਤਿਹਾਸ ਸਬ-ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਨੇ ਕਿਹਾ ਕਿ ਦਰਦਾਂ ਦੇ ਦਰਿਆਵਾਂ ਸਮੇਂ ਅਜੇਹੀ ਸ਼ੋਕ ਮਿਲਣੀ ਦੁੱਖ਼ਾਂ ਦੇ ਪਹਾੜਾਂ ਹੇਠ ਆਈ ਜ਼ਿੰਦਗੀ ਨੂੰ ਊਰਜਾ ਪ੍ਰਦਾਨ ਕਰਦੀ ਹੈ।

ਸਮੂਹ ਬੁਲਾਰਿਆਂ ਨੇ ਚਰੰਜੀ ਲਾਲ ਕੰਗਣੀਵਾਲ ਵੱਲੋਂ ਆਪਣੇ ਪਰਿਵਾਰਕ ਦਰਦ ਵਾਲੇ ਸਮਾਜਕ ਦਰਦ ਦੇ ਗਹਿਰੇ ਸਰੋਕਾਰ ਦੀ ਚਿੰਤਾ ਕਰਨ 'ਤੇ ਮਾਣ ਮਹਿਸੂਸ ਕੀਤਾ।

ਉੱਘੇ ਚਿੰਤਕ ਡਾ. ਸੇਵਾ ਸਿੰਘ ਨੇ ਸਮਾਜਕ ਸਰੋਕਾਰਾਂ ਬਾਰੇ ਨਿਰੰਤਰ ਚਿੰਤਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਦੇਵਰਾਜ ਨਯੀਅਰ, ਡਾ. ਸੈਲੇਸ਼ ਤੋਂ ਇਲਾਵਾ ਸੁਖਵਿੰਦਰ ਬਾਗ਼ਪੁਰ, ਗੁਰਦੇਵ ਚੰਦ, ਗੁਰਦੀਪ, ਕੇਸਰ, ਕੁਲਵੰਤ ਕਾਕਾ, ਭੂਵਨ, ਰਾਜੂ ਵੀ ਹਾਜ਼ਰ ਸਨ।

ਨਵਦੀਪ ਕੁਮਾਰ ਦੀ ਯਾਦ 'ਚ ਅੰਤਿਮ ਅਰਦਾਸ 10 ਨਵੰਬਰ ਦੁਪਹਿਰ 12 ਵਜੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਕੰਗਣੀਵਾਲ (ਨੇੜੇ ਜੰਡੂ ਸਿੰਘਾ) ਵਿਖੇ ਹੋਏਗੀ।

### ਮੇਲਾ ਗ਼ਦਰੀ ਬਾਬਿਆਂ ਦਾ

# ਚੇਤਨਾ ਦੇ ਚਿਰਾਗ਼ਾਂ ਦੀ ਡਾਰ ਬਣ ਗਈ; ਨਾਟਕਾਂ ਅਤੇ ਗੀਤਾਂ ਭਰੀ ਰਾਤ

**ਜਲੰਧਰ–** ਗ਼ਦਰੀ ਬਾਬਿਆਂ ਦੇ ਮੇਲੇ ਦੇ ਅਖੀਰਲੇ ਦਿਨ ਨਾਟਕਾਂ ਅਤੇ ਗੀਤਾਂ ਭਰੀ ਰਾਤ ਨੇ ਪੰਜਾਬੀ ਰੰਗ ਮੰਚ ਦੇ ਉਜ਼ਲੇ ਭਵਿੱਖ ਦੀ ਸਤਰੰਗੀ ਪੀਂਘ ਅੰਬਰਾਂ 'ਤੇ ਤਣ ਦਿੱਤੀ। ਇਸਨੇ ਦਰਸਾ ਦਿੱਤਾ ਕਿ ਲੋਕਾਂ ਨਾਲ ਜੁੜਿਆ ਰੰਗ ਮੰਚ ਅਨੇਕਾਂ ਚੁਣੌਤੀਆਂ ਨੂੰ ਫਤਹਿ ਕਰਦਾ ਕਲਮ, ਕਲਾ ਅਤੇ ਲੋਕਾਂ ਦੀ ਗਲਵੱਕੜੀ ਹੋਰ ਮਜ਼ਬੂਤ ਕਰਨ ਵੱਲ ਸਫ਼ਲ ਪੁਲਾਂਘਾਂ ਪੁੱਟੇਗਾ।

ਇਸ ਰਾਤ ਪਹਿਲਾ ਨ੍ਰਿਤ ਨਾਟ, ਇਪਟਾ ਛਤੀਸਗੜ੍ਹ ਤੋਂ ਆਈ ਟੀਮ ਨਾਚਾ ਥੀਏਟਰ ਰਾਏਪੁਰ, ਛਤੀਸਗੜ੍ਹ ਨੇ ਨਿਸਾਰ ਅਲੀ ਦੀ ਨਿਰਦੇਸ਼ਨਾ 'ਚ ਪੇਸ਼ ਕੀਤਾ। ਉਹਨਾਂ ਨੇ ਕਾਰਪੋਰੇਟ ਜਗਤ ਅਤੇ ਫ਼ਿਰਕੂ ਦਹਿਸ਼ਤਗਰਦੀ ਉਪਰ ਕਰਾਰੀ ਚੋਟ ਮਾਰੀ। ਉਹਨਾਂ ਨੇ ਲੋਕਾਂ ਨੂੰ ਕਿਰਨਾਂ ਦਾ ਕਾਫ਼ਲਾ ਗਲੀ-ਗਲੀ ਲਿਜਾਣ ਦਾ ਸੱਦਾ ਦਿੱਤਾ। ਮਰਾਠੀ ਨਾਟਕਕਾਰ ਸੀ.ਟੀ.ਖਨੋਲਕਰ ਦੀ ਮੂਲ ਰਚਨਾ ਅਤੇ ਸ਼ਬਦੀਸ਼ ਦੁਆਰਾ ਪੰਜਾਬੀ ਰੁਪਾਂਤਰਤ ਨਾਟਕ 'ਵਕਤ ਤੈਨੂੰ ਸਲਾਮ ਹੈ' ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਸੁਚੇਤਕ ਰੰਗ ਮੰਚ ਮੁਹਾਲੀ ਵੱਲੋਂ ਪੇਸ਼ ਕੀਤਾ ਗਿਆ। ਨਾਟਕ ਨੇ ਦਰਸਾਇਆ ਕਿ ਇਨਕਲਾਬੀ ਕਲਾ ਕ੍ਰਿਤਾਂ ਦਾ ਮਾਰਗ ਪ੍ਰੇਮ ਦੀਆਂ ਗਲੀਆਂ ਵਿਚੀਂ ਹੋ ਕੇ ਜਾਂਦਾ ਹੈ, ਲੋਕ ਮਨਾਂ 'ਤੇ ਹਸਤਾਖ਼ਰ ਕਰ ਗਈ ਪੇਸ਼ਕਾਰੀ। ਸੰਸਾਰ ਪ੍ਰਸਿੱਧ ਨਾਟਕਕਾਰ ਬਰੈਖ਼ਤ ਦੇ ਨਾਟਕ 'ਦਾ ਕਾਕੇਸੀਅਨ ਚਾਕ ਸਰਕਲ' ਦਾ ਅਮਿਤੋਜ਼ ਵੱਲੋਂ ਪੰਜਾਬੀ ਰੁਪਾਂਤਰਣ ਕੀਤਾ ਰੂਪ 'ਮਿੱਟੀ ਨਾ ਹੋਏ ਮਤਰੇਈ' ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਨੇ ਪੇਸ਼ ਕੀਤਾ। ਨਾਟਕ ਨੇ ਰਾਜਿਆਂ, ਮਹਾਰਾਜਿਆਂ ਦੀ ਮਾਨਸਿਕਤਾ, ਇਸ ਨਿਜ਼ਾਮ ਅੰਦਰ ਔਰਤ, ਬਾਲਾਂ ਦੀ ਸਥਿਤੀ ਦੀ ਤਸਵੀਰ ਅਤੇ ਮਮਤਾ ਦੀ ਤਸਵੀਰ ਪੇਸ਼ ਕਰਦਿਆਂ ਦਰਸਾਇਆ ਕਿ ਰਿਸ਼ਤੇ ਸ਼ਾਹਾਂ ਦੀਆਂ ਥੈਲੀਆਂ ਨਾਲ ਨਹੀਂ ਖਰੀਦੇ ਜਾ ਸਕਦੇ। ਲੋਕਾਂ ਨੇ ਸਾਹ ਰੋਕ ਕੇ ਲੰਮੇ ਨਾਟਕ ਨੂੰ ਮਾਣਿਆਂ, ਜੋ ਜ਼ਿੰਦਗੀ ਭਰ ਉਹਨਾਂ ਦੀ ਯਾਦਾਂ ਦੀ ਪਟਾਰੀ 'ਚ ਸੰਭਾਲਿਆ ਰਹੇਗਾ।



ਡਾ. ਸਾਹਿਬ ਸਿੰਘ ਦੀ ਕਲਮ ਤੋਂ ਲਿਖਿਆ, ਨਿਰਦੇਸ਼ਤ ਕੀਤਾ ਨਾਟਕ, 'ਸੰਦੂਕੜੀ ਖੋਲ੍ਹ ਨਰੈਣਿਆਂ' ਨੇ ਸਾਡੇ ਸਮਾਜ ਅੰਦਰ ਬਹੁ-ਭਾਂਤੀ ਮਸਲਿਆਂ ਦੀ ਸੰਵੇਦਨਾ ਭਰੀ ਚੀਰ ਫਾੜ ਕਰਦਿਆਂ ਦਰਸ਼ਕਾਂ ਨੂੰ ਐਨਾ ਹਲੂਣਿਆਂ ਕੇ ਹਜ਼ਾਰਾਂ ਲੋਕ ਆਪ ਮੁਹਾਰੇ ਖੜ੍ਹੇ ਹੋ ਕੇ ਨਾਅਰੇ ਗੁੰਜ਼ਾਉਂਦੇ ਰਹੇ।

ਵਿੱਕੀ ਮਹੇਸ਼ਰੀ ਅਤੇ ਅਵਤਾਰ ਚੜਿੱਕ ਦੀ ਨਿਰਦੇਸ਼ਨਾ 'ਚ ਇਪਟਾ ਮੋਗਾ ਦੀ ਟੀਮ ਨੇ ਪਿਯੂਸ਼ ਮਿਸ਼ਰਾ ਦਾ ਨਾਟਕ, 'ਗਗਨ ਦਮਾਮਾ ਵਾਜਿਓ' ਖੇਡਦਿਆਂ ਆਜ਼ਾਦੀ ਸੰਗਰਾਮ ਦੇ ਭੁੱਲੇ ਭਿਸਰੇ ਸਫ਼ਿਆਂ ਉਪਰ ਝਾਤ ਪੁਆਈ। ਨਾਟਕ ਇਹ ਪ੍ਰਭਾਵ ਸਿਰਜਣ 'ਚ ਸਫ਼ਲ ਰਿਹਾ ਕਿ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀਆਂ ਕੁਰਬਾਨੀਆਂ ਦੇ ਸਾਂਝੇ ਇਤਿਹਾਸ ਨੂੰ ਮੇਟਿਆ ਨਹੀਂ ਜਾ ਸਕਦਾ। ਇਪਟਾ ਮੋਗਾ ਦੀ ਹੀ ਭੰਡ ਕਲਾ ਨੂੰ ਪ੍ਰਨਾਈ ਟੀਮ ਦੇ ਕਲਾਕਾਰ ਅਵਤਾਰ ਚੜਿੱਕ ਅਤੇ ਜਸ ਰਿਆਜ਼ ਨੇ ਤਿੱਖੇ ਵਿਅੰਗ ਕਸਦਿਆਂ ਹਾਕਮਾਂ ਦੇ ਦਾਅਵਿਆਂ ਅਤੇ ਵਾਅਦਿਆਂ ਦੀ ਫੂਕ ਕੱਢੀ।

ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ, ਦਸਤਕ ਮੰਚ (ਜਿੰਦਾ ਅਤੇ ਸਾਰਾਹ), ਲੋਕ ਸੰਗੀਤ ਮਸਾਣੀ (ਧਰਮਿੰਦਰ ਮਸਾਣੀ), ਹਰਸ਼ ਬਿਲਗਾ, ਨਰਗਿਸ, ਤ੍ਰਿਪਤ, ਸਰਗਮ, ਕੁਲਦੀਪ ਸਿਰਸਾ, ਲਾਡੀ ਜਟਾਣਾ, ਅਜਮੇਰ ਅਕਲੀਆ, ਹਰਮੀਤ ਕੋਟਗੁਰੂ ਨੇ ਗੀਤ-ਸੰਗੀਤ ਦੀਆਂ ਪ੍ਰਭਾਵਸ਼ਾਲੀ ਤਰੰਗਾਂ ਛੇੜੀਆਂ।

ਨਾਟਕਾਂ ਅਤੇ ਗੀਤਾਂ ਭਰੀ ਰਾਤ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਗ਼ਦਰੀ ਬਾਬਿਆਂ ਦੇ ਸੁਪਨੇ ਪੂਰੇ ਕਰਨ ਲਈ ਕਮੇਟੀ ਸਾਹਿਤ, ਕਲਾ ਦੇ ਮਾਧਿਅਮਾਂ ਰਾਹੀਂ ਆਪਣਾ ਯੋਗਦਾਨ ਭਾਵੇਂ ਹੋਰ ਵੀ ਵਧੇਰੇ ਪਾਏਗੀ ਪਰ ਮੇਲੇ ਦੀ ਤਾਕਤ ਅਤੇ ਊਰਜਾ-ਸਰੋਤ ਅਸਲ 'ਚ ਲੋਕ ਹਨ।

ਖਚਾਖਚ ਭਰੇ ਪੰਡਾਲ ਨੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਰੱਖੇ ਮਤਿਆਂ ਨੂੰ ਹੱਥ ਖੜ੍ਹੇ ਕਰਕੇ ਪਾਸ ਕਰਦੇ ਹੋਏ ਮੰਗ ਕੀਤੀ ਕਿ ਫ਼ਲਸਤੀਨ ਦੇ ਲੋਕਾਂ ਸਿਰ ਮੜ੍ਹੀ ਨਿਹੱਕੀ ਜੰਗ ਤੁਰੰਤ ਰੋਕੀ ਜਾਏ। ਗ੍ਰਿਫ਼ਤਾਰ ਬੁੱਧੀਜੀਵੀਆਂ ਨੂੰ ਰਿਹਾਅ ਕੀਤਾ ਜਾਵੇ। ਇਤਿਹਾਸ, ਸਾਂਝੀ ਵਿਰਾਸਤ, ਸਾਹਿਤ ਅਤੇ ਕਲਾ ਦੇ ਖੇਤਰ 'ਚ ਖੋਟ ਰਲਾਉਣ ਅਤੇ ਮੇਸਣ ਦੇ ਕਦਮ ਬੰਦ ਕੀਤੇ ਜਾਣ।

ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੰਚ ਸੰਚਾਲਨ ਕੀਤਾ। ਉਨ੍ਹਾਂ ਇਸ ਮੌਕੇ ਸੱਦਾ ਦਿੱਤਾ ਕਿ ਗ਼ਦਰੀ ਬਾਬਿਆਂ ਦੀ ਵਿਰਾਸਤ ਦੀ ਮਸ਼ਾਲ ਜਗਦੀ ਅਤੇ ਮਘਦੀ ਰੱਖਣ ਲਈ ਅਜੇਹੇ ਨਾਟ ਅਤੇ ਸੰਗੀਤ ਮੇਲੇ ਨਿਰੰਤਰ ਮੁਹਿੰਮ ਦੀ ਤਰ੍ਹਾਂ ਕਰਨ ਦੀ ਲੋੜ ਹੈ।

# ਚਰੰਜੀ ਲਾਲ ਕੰਗਣੀਵਾਲ ਦੇ ਸਪੁੱਤਰ ਨਵਦੀਪ ਕੁਮਾਰ ਦਾ ਅਚਾਨਕ ਸਦੀਵੀ ਵਿਛੋੜਾ

## ਚਰੰਜੀ ਲਾਲ ਕੰਗਣੀਵਾਲ ਦੇ ਸਪੁੱਤਰ ਦੇ ਵਿਛੋੜੇ ਤੇ ਸ਼ੋਕ ਸਭਾ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਦੇ ਬੇਟੇ ਨਵਦੀਪ ਕੁਮਾਰ ਦੇ ਅਸਹਿ ਵਿਛੋੜੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਸ਼ੋਕ ਸਭਾ ਕੀਤੀ ਗਈ। ਇਸ ਸ਼ੋਕ ਸਭਾ 'ਚ ਚਰੰਜੀਲਾਲ ਕੰਗਣੀਵਾਲ ਨੇ ਵੀ ਸ਼ਿਰਕਤ ਕੀਤੀ। ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦਰਦ ਸਾਂਝਾ ਕੀਤਾ। ਇਸ ਮੌਕੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਸਮੇਤ ਕਮੇਟੀ ਮੈਂਬਰਾਂ ਦੇ ਸ਼ੋਕ ਸੁਨੇਹੇ ਵੀ ਸਾਂਝੇ ਕੀਤੇ ਗਏ।

ਅਦਾਰਾ 'ਦੇਸ਼ ਦੁਆਬਾ' ਕੰਗਣੀਵਾਲ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਸ਼ਰਧਾਂਜਲੀ ਭੇਂਟ ਕਰਦਾ ਹੈ।



ਨਵਦੀਪ ਕੁਮਾਰ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਤੇ ਗਦਰ ਪਾਰਟੀ ਦੇ ਖੋਜੀ ਇਤਿਹਾਸਕਾਰ ਤੇ ਸਕੋਲਰ ਸਾਥੀ ਚਰੰਜੀ ਲਾਲ ਜੀ ਦੇ ਛੋਟੇ ਬੇਟੇ ਨਵਦੀਪ ਕੁਮਾਰ ਦੀ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਇਸ ਸਦਮੇ ਤੋਂ ਬਾਦ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸ਼ੋਕ ਸਭਾ ਕੀਤੀ। ਸ਼ੋਕ ਸਭਾ ਵਿਚ ਬੋਲਦਿਆਂ ਸਾਥੀ ਚਰੰਜੀ ਲਾਲ ਜੀ ਨੇ ਭਰੇ ਮਨ ਨਾਲ ਕਿਹਾ ਕਿ ਮੇਰੇ ਪੁੱਤ ਦੇ ਵਿਛੋੜੇ ਪੀੜ ਸਮਾਜ ਅੰਦਰ ਧੁਖਦੇ ਸਵਾਲਾਂ ਨਾਲ ਜੁੜੀ ਹੋਈ ਹੈ। ਉਹਨਾਂ ਕਿਹਾ ਕੀ ਸਮਾਜ ਨੂੰ ਨਰੋਈ ਸੇਧ ਦੇਣ ਅਤੇ ਤਿਲ ਤਿਲ ਕਰਕੇ ਜਿਉਂਦੇ ਜੀ ਮਰਨ ਦੀ ਬਜਾਏ ਜ਼ਿੰਦਗੀ ਨੂੰ ਗੱਲ ਲੱਗ ਮਿਲਣ ਦੀ ਲੋੜ ਹੈ।

ਅਸੀਂ The gadar Heirtage foundaiton and Inidan Educaitonal and cultural assoicaiton yuba city ਇਸ ਦੁੱਖ ਦੀ ਘੜੀ ਵਿੱਚ ਸਾਥੀ ਚਰੰਜੀ ਲਾਲ ਦੇ ਪਰਿਵਾਰ ਨਾਲ ਹਮਦਰਦੀ ਸਹਿਤ ਦੁੱਖ ਦਾ ਇਜ਼ਹਾਰ ਕਰਦੇ ਹਾਂ।

**– ਅਮਰੀਕ ਖਡਾਲੀਆ**

# ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਦੇ ਜਮੀਨੀ ਰਿਕਾਰਡ ’ਚ ਕੀਤੀ ਰੈਡ ਐਂਟਰੀ ਅਤੇ ਜੁਰਮਾਨਾ: ਡਿਪਟੀ ਕਮਿਸ਼ਨਰ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਪ੍ਰਦੂਸ਼ਣ ਮੁਕਤ ਰਹੇ ਜ਼ਿਲ੍ਹਾ ਪਠਾਨਕੋਟ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਦੋ ਪਿੰਡਾਂ ਵਿੱਚ ਮਾਮਲੇ ਸਾਹਮਣੇ ਆਏ ਹਨ। ਜਿਸ ‘ਤੇ ਕਰਵਾਈ ਕਰਦੇ ਹੋਏ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪਠਾਨਕੋਟ ਵੱਲੋਂ ਕਿਸਾਨ ਬਲਵਾਨ ਸਿੰਘ ਤੇ ਸਰਿਸ਼ਟਾ ਦੇਵੀ (ਦੋਨੋ ਪਿੰਡ ਸਰੋਟਾ, ਰਕਬਾ ਖੋਜ਼ਕੀ ਚੱਕ) ਅਤੇ ਕਿਸਾਨ ਜਸਬੀਰ ਸਿੰਘ ਪਿੰਡ ਸਕੋਲ ਨੂੰ ਜੁਰਮਾਨਾ ਕੀਤਾ ਗਿਆ ਹੈ ਅਤੇ ਜਮੀਨੀ ਰਿਕਾਰਡ ਵਿੱਚ ਰੈਡ ਐਂਟਰੀ ਵੀ ਕੀਤੀ ਗਈ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ. ਹਰਬੀਰ ਸਿੰਘ ਨੇ ਦਿੰਦਿਆ ਕਿਹਾ ਕਿ ਜਿਕਰਯੋਗ ਹੈ ਕਿ ਜ਼ਿਲ੍ਹਾ ਪਠਾਨਕੋਟ ਪੂਰੇ ਪੰਜਾਬ ਅੰਦਰ ਪਿੱਛਲੇ ਦੋ ਸਾਲਾਂ ਤੋਂ ਪ੍ਰਦੂਸ਼ਣ ਮੁਕਤ ਜ਼ਿਲ੍ਹਾ ਰਿਹਾ ਹੈ ਅਤੇ ਫਸਲਾਂ ਨੂੰ ਅੱਗ ਲਗਾਉਣ ਦਾ ਕੋਈ ਵੀ ਮਾਮਲਾ ਦਰਜ ਨਹੀਂ ਕੀਤਾ ਗਿਆ ਸੀ। ਪਿੱਛਲੇ ਦਿਨੀ ਦੋ ਕਿਸਾਨਾਂ ਵੱਲੋਂ ਆਪਣੀ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਈ ਗਈ ਹੈ। ਇਸ ‘ਤੇ ਯੋਗ ਕਰਵਾਈ ਕਰਦੇ ਹੋਏ ਬਣਦੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਨੇ ਜ਼ਿਲ੍ਹਾ ਪਠਾਨਕੋਟ ਦੇ ਕਿਸਾਨਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੇਕਰ ਭਵਿੱਖ ਵਿੱਚ ਕੋਈ ਕਿਸਾਨ ਆਪਣੀ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਂਦਾ ਪਾਇਆ ਗਿਆ ਤਾਂ ਉਨ੍ਹਾਂ ‘ਤੇ ਵੀ ਨਿਯਮਾਂ ਦੇ ਆਧਾਰ ‘ਤੇ ਕਾਰਵਾਈ ਕੀਤੀ ਜਾਵੇਗੀ।



ਮੁੱਖ ਖੇਤੀਬਾੜੀ ਅਫ਼ਸਰ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਪੰਜਾਬ ਰਿਮੋਰਟ ਸੈਂਸਿੰਗ ਲੁਧਿਆਣਾ ਤੋਂ ਦੋ ਲੋਕੇਸ਼ਨਾਂ ਪ੍ਰਾਪਤ ਹੋਈਆਂ ਸਨ। ਇੰਨ੍ਹਾਂ ਲੋਕੇਸ਼ਨਾਂ ਦਾ ਉਨ੍ਹਾਂ ਵੱਲੋਂ ਨਾਇਬ ਤਹਿਸੀਲਦਾਰ ਪਠਾਨਕੋਟ, ਸਬੰਧਤ ਕਲੱਸਟਰ ਇੰਚਾਰਜ, ਸਬੰਧਤ ਨੋਡਲ ਅਫ਼ਸਰ ਅਤੇ ਸਬੰਧਤ ਪਟਵਾਰੀ ਸਮੇਤ ਸੰਯੁਕਤ ਤੌਰ ‘ਤੇ ਪ੍ਰਾਪਤ ਲੋਕੇਸ਼ਨਾਂ ਦਾ ਦੌਰਾ ਕੀਤਾ ਗਿਆ। ਇੰਨ੍ਹਾਂ ਲੋਕੋਸ਼ਨਾਂ ਅਨੁਸਾਰ ਖੇਤਾਂ ਵਿੱਚ ਝੋਨੇ ਦੀ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲੱਗੀ ਹੋਈ ਸੀ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਦੋਸ਼ੀਆਂ ਵਿਰੁੱਧ ਕਰਵਾਈ ਕਰਦੇ ਹੋਏ ਕਿਸਾਨ ਬਲਵਾਨ ਸਿੰਘ ਪਿੰਡ ਸਰੋਟਾ, ਕਿਸਾਨ ਸਰਿਸ਼ਟਾ ਦੇਵੀ ਪਿੰਡ ਸਰੋਟਾ ਅਤੇ ਕਿਸਾਨ ਜਸਬੀਰ ਸਿੰਘ ਪਿੰਡ ਸਕੋਲ ਨੂੰ ਜੁਰਮਾਨਾ ਕੀਤਾ ਗਿਆ ਅਤੇ ਜਮੀਨੀ ਰਿਕਾਰਡ ਵਿੱਚ ਰੈਡ ਐਂਟਰੀ ਵੀ ਕੀਤੀ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਕਿਉਂਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ।

## ਜਨਮ ਦਿਨ ਮੁਬਾਰਕ



ਧਨਪਤ ਸਿੰਘ (ਪੱਤਰਕਾਰ) ਨੂੰ ਆਪਣੇ ਜੀਵਨ ਦੇ 63 ਸਾਲ ਪੂਰੇ ਕਰਨ ‘ਤੇ ਅਦਾਰਾ “ਦੇਸ਼ ਦੁਆਬਾ” ਵੱਲੋਂ ਲੱਖ-ਲੱਖ ਵਧਾਈਆਂ।

# ਲੈਂਗਲੀ ਕਨੇਡਾ ਵਿੱਚ ਮੰਗਲ ਹਠੂਰ ਨੇ ਆਪਣੇ ਗੀਤਾਂ ਦੇ ਸ਼ੇਅਰਾਂ ਦੀ ਲਾਈ ਝੜੀ

## ਮੰਗਲ ਹਠੂਰ ਨੂੰ ਮਿਲ ਰਿਹਾ ਕਨੇਡਾ ਵੈਨਕੂਵਰ ਵਿੱਚ ਰੱਜਵਾਂ ਮਾਣ ਸਤਿਕਾਰ



**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)**-ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਅੱਜਕੱਲ੍ਹ ਕਨੇਡਾ ਅਮਰੀਕਾ ਫੇਰੀ ਤੇ ਆਏ ਹੋਏ ਹਨ। ਕਨੇਡਾ ਟੂਰ ਵਿੱਚ ਉਹਨਾਂ ਨੂੰ ਚਹੁੰਣ ਵਾਲਿਆਂ ਵੱਲੋਂ ਰੱਜਵਾਂ ਮਾਣ,ਸਤਿਕਾਰ ਅਤੇ ਪਿਆਰ ਮਿਲ ਰਿਹਾ ਹੈ। ਉਹਨਾਂ ਦੀਆਂ ਲਗਾਤਾਰ ਹੋ ਰਹੀਆਂ ਮਹਿਫ਼ਲਾਂ ਦੀ ਲੜੀ ਅਨੁਸਾਰ 5 ਨਵੰਬਰ ਨੂੰ (ਲੈਂਗਲੀ, ਕਨੇਡਾ) ਵਿੱਚ ਸਤਨਾਮ ਸਿੰਘ ਮੀਰਪੁਰ ਵੱਲੋਂ ਰੱਖੇ ਗਏ ਪ੍ਰੋਗਰਾਮ ਵਿੱਚ ਮੰਗਲ ਹਠੂਰ ਨੇ ਗੀਤਾਂ ਅਤੇ ਸ਼ੇਅਰਾਂ ਦੀ ਝੜੀ ਲਾ ਦਿੱਤੀ ਤੇ ਆਪਣੇ ਚਹੁੰਣ ਵਾਲਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ । ਰਾਤ ਦੇਰ ਤੱਕ ਚੱਲੀ ਮਹਿਫ਼ਲ ਵਿੱਚ "ਪਿੰਡ ਦਾ ਗੇੜਾ" ਕਿਤਾਬ ਵੀ ਰੂਬਰੂ ਕੀਤੀ ਗਈ। ਇਸ ਮੌਕੇ ਸਤਨਾਮ ਸਿੰਘ ਮੀਰਪੁਰ, ਹਰਪ੍ਰੀਤ ਸਿੰਘ ਗਿੱਲ (ਰੀਐਲਟਰ) ਜੈਸ ਖੈੜਾ, ਜਗਦੀਪ ਗਿੱਲ, ਰਮਨ ਝੱਜ, ਜੱਸ,ਹੈਰੀ, ਗੁਰਦਿਆਲ ਸਿੰਘ ਖੈੜਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਅਖ਼ੀਰ ਵਿੱਚ ਮੰਗਲ ਹਠੂਰ ਨੇ ਸਾਰਿਆਂ ਸੱਜਣਾਂ ਦਾ ਧੰਨਵਾਦ ਕੀਤਾ। ਪ੍ਰਮਾਤਮਾ ਮੰਗਲ ਹਠੂਰ ਦੀ ਸ਼ਾਇਰੀ ਨੂੰ ਏਸੇ ਤਰ੍ਹਾਂ ਬਰਕਰਾਰ ਰੱਖੇ।

# ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਡਿਪਟੀ ਕਮਿਸ਼ਨਰ ਸਮੇਤ ਸਮੁੱਚਾ ਪ੍ਰਸ਼ਾਸਨ ਮੈਦਾਨ 'ਚ ਨਿੱਤਰਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਜ਼ਿਲ੍ਹੇ ਵਿਚ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਸਮੇਤ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਪਿਛਲੇ ਕੁਝ ਦਿਨਾਂ ਤੋਂ ਖੇਤਾਂ ਵਿਚ ਡਟਿਆ ਹੋਇਆ ਹੈ ਅਤੇ ਪਿੰਡਾਂ ਵਿਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨ ਲਈ ਬਲਾਕ ਪੱਧਰ ’ਤੇ ਜਾ ਰਿਹਾ ਹੈ। । ਇਸੇ ਤਹਿਤ ਡਿਪਟੀ ਕਮਿਸ਼ਨਰ ਨੇ ਗੜ੍ਹਸ਼ੰਕਰ ਸਬ-ਡਵੀਜ਼ਨ ਦੇ ਪਿੰਡਾਂ ਡਗਾਮ, ਦੇਨੋਵਾਲ ਖੁਰਦ ਅਤੇ ਭੱਜਲਾਂ ਦਾ ਦੌਰਾ ਕੀਤਾ ਕਿਉਂਕਿ ਇਨ੍ਹਾਂ ਪਿੰਡਾਂ ਵਿਚ ਅੱਗ ਲਾਉਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਇਸ ਦੌਰਾਨ ਉਨ੍ਹਾਂ ਦੇ ਨਾਲ ਐਸ.ਡੀ.ਐਮ ਗੜ੍ਹਸ਼ੰਕਰ ਪ੍ਰੀਤਇੰਦਰ ਸਿੰਘ ਬੈਂਸ ਵੀ ਮੌਜੂਦ ਸਨ। ਇਸ ਦੌਰਾਨ ਜਦੋਂ ਡਿਪਟੀ ਕਮਿਸ਼ਨਰ ਨੇ ਪਿੰਡ ਡਗਾਮ ਦਾ ਦੌਰਾ ਕੀਤਾ ਤਾਂ ਉਨ੍ਹਾਂ ਦੇਖਿਆ ਕਿ ਇਕ ਖੇਤ ਵਿਚ ਪਰਾਲੀ ਨੂੰ ਅੱਗ ਲੱਗੀ ਹੋਈ ਸੀ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਆਪਣੀ ਗੱਡੀ ਰੋਕ ਕੇ ਅਧਿਕਾਰੀਆਂ, ਸਟਾਫ਼ ਅਤੇ ਸਬੰਧਤ ਕਿਸਾਨ ਨੂੰ ਨਾਲ ਲੈ ਕੇ ਅੱਗ ਬੁਝਾਈ ਅਤੇ ਮੁੜ ਅਜਿਹਾ ਨਾ ਕਰਨ ਲਈ ਕਿਹਾ। ਉਨ੍ਹਾਂ ਪਿੰਡ ਦੇ ਕਿਸਾਨਾਂ ਨੂੰ ਬੁਲਾ ਕੇ ਦੱਸਿਆ ਕਿ ਕਿਸ ਤਰ੍ਹਾਂ ਪਰਾਲੀ ਨੂੰ ਅੱਗ ਲਗਾਉਣ ਨਾਲ ਜ਼ਮੀਨ ਦੇ ਨਾਲ-ਨਾਲ ਸਾਡੀ ਸਿਹਤ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਇਸ ਤੋਂ ਬਾਅਦ ਉਨ੍ਹਾਂ ਪਿੰਡ ਦੇਨੋਵਾਲ ਕਲਾਂ ਦਾ ਦੌਰਾ ਕੀਤਾ ਜਿੱਥੇ ਐਤਵਾਰ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਉਨ੍ਹਾਂ ਕਿਸਾਨਾਂ ਦੀ ਮੀਟਿੰਗ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮਸ਼ੀਨਰੀ ਨਾ ਮਿਲਣ ਸਬੰਧੀ ਉਨ੍ਹਾਂ ਦੀਆਂ ਮੰਗਾਂ ਦਾ ਮੌਕੇ 'ਤੇ ਹੀ ਹੱਲ ਕਰਵਾਇਆ । ਇਸ ਤੋਂ ਬਾਅਦ ਉਨ੍ਹਾਂ ਪਿੰਡ ਭੱਜਲਾਂ ਵਿਖੇ ਉਨ੍ਹਾਂ ਕਿਸਾਨਾਂ ਦੇ ਖੇਤਾਂ ਦਾ ਵੀ ਦੌਰਾ ਕੀਤਾ, ਜੋ ਪਰਾਲੀ ਨੂੰ ਸਾੜਨ ਤੋਂ ਬਿਨਾਂ ਸੁਪਰ ਸੀਡਰ ਦੀ ਮਦਦ ਨਾਲ ਕਣਕ ਦੀ ਬਿਜਾਈ ਕਰ ਰਹੇ ਸਨ। ਕੋਮਲ ਮਿੱਤਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਸਾੜਨ ਦੀ ਬਜਾਏ ਵੱਖ-ਵੱਖ ਤਰੀਕਿਆਂ ਨਾਲ ਪ੍ਰਬੰਧਨ ਕਰਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਜ਼ਿਲ੍ਹੇ ਵਿਚ ਮੌਜੂਦ ਮਸ਼ੀਨਰੀ ਦੀ ਮਦਦ ਨਾਲ ਸੁਚੱਜੇ ਪ੍ਰਬੰਧ ਕਰਨ। ਉਨ੍ਹਾਂ ਸਮੂਹ ਐਸ।ਡੀ।ਐਮਜ਼, ਕਲੱਸਟਰ ਅਫ਼ਸਰਾਂ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕਿਸਾਨਾਂ ਦੀ ਹਰ ਸੰਭਵ ਮਦਦ ਕਰਨ ਅਤੇ ਖੇਤਾਂ ਦਾ ਲਗਾਤਾਰ ਦੌਰਾ ਕਰਨ ਤਾਂ ਜੋ ਜ਼ਿਲ੍ਹੇ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਨਾ ਵਾਪਰਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬਲਾਕ ਵਿਚ ਸਥਾਪਿਤ ਕੀਤੇ ਗਏ ਕਸਟਮ ਹਾਇਰਿੰਗ ਸੈਂਟਰ ਵਿਚ ਮੌਜੂਦ ਪਰਾਲੀ ਪ੍ਰਬੰਧਨ ਮਸ਼ੀਨਰੀ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਸ ਪ੍ਰਗਟਾਈ ਕਿ ਕਿਸਾਨ ਜ਼ਿਲ੍ਹਾ ਪ੍ਰਸ਼ਾਸਨ ਦੀ ਪਰਾਲੀ ਪ੍ਰਬੰਧਨ ਮੁਹਿੰਮ ਵਿਚ ਪੂਰਾ ਸਹਿਯੋਗ ਦੇਣਗੇ। ਉਨ੍ਹਾਂ ਦੱਸਿਆ ਕਿ ਸੀ.ਆਰ.ਐਮ ਸਕੀਮ ਤਹਿਤ ਬਲਾਕ ਦੇ ਵੱਖ-ਵੱਖ ਪਿੰਡਾਂ ਵਿਚ ਸਬਸਿਡੀ ’ਤੇ ਪਰਾਲੀ ਪ੍ਰਬੰਧਨ ਲਈ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ।



ਜੇਕਰ ਕਿਸੇ ਕਿਸਾਨ ਨੂੰ ਪਰਾਲੀ ਪ੍ਰਬੰਧਨ ਲਈ ਮਸ਼ੀਨ ਦੀ ਲੋੜ ਹੈ ਤਾਂ ਉਹ ਬਲਾਕ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕਰੇ ਪਰ ਕਿਸੇ ਵੀ ਹਾਲਤ ਵਿਚ ਪਰਾਲੀ ਨਾ ਸਾੜਨ ਅਤੇ ਵਾਤਾਵਰਨ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ। ਇਸ ਮੌਕੇ ਉਨ੍ਹਾਂ ਨਾਲ ਤਹਿਸੀਲਦਾਰ ਗੜ੍ਹਸ਼ੰਕਰ ਲਖਵਿੰਦਰ ਸਿੰਘ, ਏ।ਡੀ।ਓ ਗੜ੍ਹਸ਼ੰਕਰ ਗੁਰਿੰਦਰ ਸਿੰਘ ਅਤੇ ਏ.ਡੀ.ਓ ਮਾਹਿਲਪੁਰ ਹਰਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਇੱਕ ਮਹੀਨੇ ਦੇ ਅੰਦਰ ਸ਼ਹਿਰ ਵਾਸੀਆਂ ਨੂੰ ਮਿਲੇਗੀ 24 ਘੰਟੇ ਵਾਟਰ ਸਪਲਾਈ ਦੀ ਸਹੂਲਤ: ਡਿਪਟੀ ਕਮਿਸ਼ਨਰ





**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਸ਼ਹਿਰ ਦੇ ਲੋਕਾਂ ਨੂੰ 24 ਘੰਟੇ ਵਾਟਰ ਸਪਲਾਈ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਜ਼ਿਲ੍ਹੇ ਅੰਦਰ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਨੂੰ ਸਾਫ਼ ਸੁਥਰਾ ਤੇ ਸੁੰਦਰ ਬਣਾਉਣ ਲਈ ਵੀ ਕੰਮ ਕੀਤਾ ਜਾ ਰਿਹਾ ਹੈ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ। ਹਰਬੀਰ ਸਿੰਘ ਨੇ ਅੱਜ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਨ੍ਹਾਂ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਹਦਾਇਤ ਕਰਦਿਆ ਕਿਹਾ ਕਿ ਪਠਾਨਕੋਟ ਸ਼ਹਿਰ ਨੂੰ 24 ਘੰਟੇ ਪੀਣ ਵਾਲਾ ਸਾਫ਼ ਪਾਣੀ ਦੀ ਸਹੂਲਤ ਦਾ ਲਾਭ ਇੱਕ ਮਹੀਨੇ ਦੇ ਅੰਦਰ-ਅੰਦਰ ਦੇਣ ਨੂੰ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਪਠਾਨਕੋਟ ਸ਼ਹਿਰ ਵਾਸੀਆਂ ਨੂੰ 24 ਘੰਟੇ ਵਾਟਰ ਸਪਲਾਈ ਦੀ ਸਹੂਲਤ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਅਤੇ ਸ਼ਹਿਰ ਦੇ 50 ਵਾਰਡਾਂ ਨੂੰ 3 ਜੋਨਾਂ ਵਿੱਚ ਵੰਡ ਕਰਕੇ ਸ਼ਹਿਰ ਦੀ ਹਰੇਕ ਗਲੀ ਦੀ ਜਾਂਚ ਕਰਕੇ ਜਿੱਥੇ ਕਿੱਤੇ ਲੀਕੇਜ ਦੀ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਉਹ ਤੁਰੰਤ ਇਸ ਦਾ ਹੱਲ ਕਰਦੇ ਹੋਏ ਰਿਪੋਰਟ ਉਨ੍ਹਾਂ ਨੂੰ ਭੇਜੀ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਉਹ ਸ਼ਹਿਰ ਵਿੱਚ ਪਈ ਵਾਟਰ ਸਪਲਾਈ ਦੀ ਹਰ ਗਲੀ ਦਾ ਨਕਸ਼ਾ ਬਣਾ ਕੇ ਲਿਆਉਣ ਤਾਂ ਜੋ ਸ਼ਹਿਰ ਵਾਸੀਆਂ ਨੂੰ 24 ਘੰਟੇ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਜਲਦੀ ਤੋਂ ਜਲਦੀ ਦਿੱਤੀ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਸ਼ਹਿਰ ਵਾਸੀਆਂ ਨੂੰ ਪਾਣੀ ਦੀ ਦੁਰ ਵਰਤੋਂ ਨਾ ਕਰਨ ਸਬੰਧੀ ਜਾਗਰੂਕ ਕਰਨ ਅਤੇ ਜੇਕਰ ਕੋਈ ਪਾਣੀ ਦੀ ਦੁਰ ਵਰਤੋਂ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦਾ ਚਲਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸ਼ਹਿਰ ਦੇ ਸਾਰੇ ਏਰੀਏ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਹੋ ਰਹੀ ਹੋਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸ਼ਹਿਰ ਵਾਸੀਆਂ ਨੂੰ ਸਮਾਜ ਸੇਵੀ ਸੰਸਥਾਂਵਾਂ ਦੇ ਸਹਿਯੋਗ ਨਾਲ ਪਾਣੀ ਦੀ ਦੁਰ ਵਰਤੋਂ ਨਾ ਕਰਨ ਸਬੰਧੀ ਜਾਗਰੂਕ ਕੀਤਾ ਜਾਵੇ।

ਸ. ਹਰਬੀਰ ਸਿੰਘ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਅਤੇ ਸੀਵਰੇਜ ਵਿਭਾਗ ਦੀ ਇੱਕ ਸਾਂਝੀ ਮੀਟਿੰਗ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਸੀਵਰੇਜ ਵਿਭਾਗ ਵੱਲੋਂ ਨਗਰ ਨਿਗਮ ਦੇ ਜਿਸ ਏਰੀਏ/ ਗਲੀ ਵਿੱਚ 15 ਕਿਲੋਮੀਟਰ ਦਾ ਅਕਸੈਸ ਸੀਵਰੇਜ ਪਾਇਆ ਗਿਆ ਹੈ, ਉਸ ਦੀ ਰਿਪੋਰਟ ਉਨ੍ਹਾਂ ਨੂੰ ਭੇਜੀ ਜਾਵੇ। ਇਸ ਤੋਂ ਇਲਾਵਾ ਸੀਵਰੇਜ ਵਿਭਾਗ ਵੱਲੋਂ ਜਿੰਨ੍ਹਾਂ ਗਲੀਆਂ ਵਿੱਚ ਸੀਵਰੇਜ ਪਾਇਆ ਗਿਆ ਉਨ੍ਹਾਂ ਗਲੀਆਂ ਦੇ ਮੁਰੰਮਤ ਕਰਕੇ ਰੀਸਟੋਰ ਕੀਤੀ ਗਈ ਹੈ ਜਾਂ ਨਹੀਂ, ਇਸ ਦੀ ਰਿਪੋਰਟ ਵੀ ਉਨ੍ਹਾਂ ਨੂੰ ਭੇਜੀ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ, ਹਰਿਆ ਭਰਿਆ ਅਤੇ ਸੁੰਦਰ ਬਣਾਉਣ ਲਈ ਸ਼ਹਿਰ ਦੇ ਡਵਾਈਡਰਾਂ ‘ਤੇ ਸੁੰਦਰ ਪੌਦੇ ਲਗਾਏ ਜਾਣ ਅਤੇ ਕੂੜੇ ਦੀ ਲਿਫ਼ਟਿੰਗ ਤੇ ਸਫਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਖਾਸ ਕਰਕੇ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ ਢਾਂਗੂ ਰੋਡ, ਸੈਲੀ ਰੋਡ ਅਤੇ ਏਪੀਕੇ ਰੋਡ ‘ਤੇ ਬਿਊਟੀਫਿਕੇਸ਼ ਤੇ ਸਫ਼ਾਈ ਦਾ ਕੰਮ ਕੀਤਾ ਜਾਵੇ। ਇਸ ਤੋਂ ਇਲਾਵਾ ਸ਼ਹਿਰ ‘ਚ ਸਵੇਰੇ ਅਤੇ ਸ਼ਾਮ ਨੂੰ ਦੋ ਵਾਰ ਦਿਨ ਵਿੱਚ ਸਫ਼ਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਫ਼ਾਈ ਸੇਵਕਾਂ ਨੂੰ ਦਸਤਾਨੇ (ਗਲਵਜ) ਦਿੱਤੇ ਜਾਣ ਤਾਂ ਜੋ ਉਹ ਆਪਣੇ ਸਫ਼ਾਈ ਦੇ ਕੰਮ ਨੂੰ ਕੁਸ਼ਲਤਾ ਪੂਰਵਕ ਕਰ ਸਕਣ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜੁਆਇੰਟ ਕਮਿਸ਼ਨਰ ਸੁਰਜੀਤ ਸਿੰਘ ਸ਼ਾਮਲ ਸਨ।

# ਧਾਮੀ ਲਗਾਤਾਰ ਤੀਜੀ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤੀਸਰੀ ਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਬਣ ਗਏ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸੰਤ ਬਲਬੀਰ ਸਿੰਘ ਘੁੰਨਸ ਦਰਮਿਆਨ



ਵੋਟਿੰਗ ਹੋਈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਮ ਪ੍ਰੋ। ਕਿਰਪਾਲ ਸਿੰਘ ਬਡੂੰਗਰ ਨੇ ਪੇਸ਼ ਕੀਤਾ ਜਦਕਿ ਸੰਤ ਬਲਬੀਰ ਸਿੰਘ ਘੁੰਨਸ ਦਾ ਨਾਮ ਅਮਰੀਕ ਸਿੰਘ ਨੇ ਪੇਸ਼ ਕੀਤਾ। ਸ਼੍ਰੋਮਣੀ ਕਮੇਟੀ ਮੈਂਬਰ ਬਲਵਿੰਦਰ ਸਿੰਘ ਵਈਪੂਈ ਨੇ ਐਂਬੂਲੈਂਸ 'ਚ ਹੀ ਵੋਟ ਪਾਈ। 151 ਮੈਂਬਰਾਂ 'ਚੋਂ 137 ਮੈਂਬਰ ਹਾਜ਼ਰ ਹੋਏ ਹਨ। 151 ਮੈਂਬਰਾਂ 'ਚੋਂ 135 ਮੈਂਬਰ ਹਾਜ਼ਰ ਹੋਏ ਹਨ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ 118 ਅਤੇ ਸੰਤ ਬਲਬੀਰ ਸਿੰਘ ਘੁੰਨਸ ਨੂੰ 17 ਵੋਟਾਂ ਪਈਆਂ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਤ ਬਲਬੀਰ ਸਿੰਘ ਘੁੰਨਸ ਨੂੰ 101 ਵੋਟਾਂ ਨਾਲ ਹਰਾਇਆ। ਪਿਛਲੀ ਸਾਲ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ 146 ਵੋਟਾਂ ਵਿਚੋਂ 104 ਅਤੇ ਵਿਰੋਧੀ ਧਿਰ ਦੀ ਉਮੀਦਵਾਰ ਬੀਬੀ ਜਗੀਰ ਕੌਰ ਨੂੰ 42 ਵੋਟਾਂ ਹਾਸਲ ਹੋਈਆਂ ਸਨ। 2 ਵੋਟਾਂ ਰੱਦ ਹੋ ਗਈਆਂ।

**ਧਾਮੀ ਦੇ ਮੁੜ ਪ੍ਰਧਾਨ ਬਣਨ 'ਤੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਦਿੱਤੀ ਵਧਾਈ**

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਤੀਜੀ ਵਾਰ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ ਤੇ ਪੰਥਕ ਏਜੰਡੇ ਤੇ ਕੌਮ ਦੀ ਬਿਹਤਰੀ ਲਈ ਰਲ ਮਿਲ ਕੇ ਕੰਮ ਕਰਨ ਦੀ ਇੱਛਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਹਰ ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦਾ ਕਾਰਜ ਕਰਨ ਲਈ ਕਾਨੂੰਨੀ ਤੌਰ 'ਤੇ ਪ੍ਰਵਾਨਿਤ ਹੁੰਦੇ ਹਨ।

ਉਨ੍ਹਾਂ ਕਿਹਾ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਸਮਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖਾਲਸਾ ਅਤੇ ਰਜਿੰਦਰ ਸਿੰਘ ਜਨਰਲ ਸਕੱਤਰ ਮਹੱਤਵਪੂਰਨ ਆਹੁਦੇਦਾਰ ਬਣੇ ਹਨ। ਉਨ੍ਹਾਂ ਕਿਹਾ ਅਕਾਲ ਪੁਰਖ ਨਵੇਂ ਚੁਣੇ ਅਹੁਦੇਦਾਰਾਂ ਤੇ ਮੇਹਰ ਕਰਨ ਕਿ ਇਹ ਕੌਮ ਤੇ ਪੰਥ ਦੀ ਸੁਚੱਜੀ ਸੇਵਾ ਕਰ ਸਕਣ।

# ਚਾਹ ਦੀ ਦੁਕਾਨ ਤੋਂ ਉੱਠ ਕੇ ਬੂਟਾ ਮੰਡੀ ਦੇ ਮਨੀਸ਼ ਨੇ ਜਿੱਤਿਆ ਮਿਸਟਰ ਯੂਨੀਵਰਸ ਦਾ ਖਿਤਾਬ

**ਜਲੰਧਰ–** ਜ਼ਿੰਦਗੀ ਵਿੱਚ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਵਾਲਾ ਹੀ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਦਾ ਹੈ। ਮੁਸ਼ਕਲਾਂ ਦਾ ਸਾਹਮਣਾ ਕਰਦੇ-ਕਰਦੇ ਵਿਅਕਤੀ ਇਕ ਟੀਚਾ ਪ੍ਰਾਪਤ ਕਰ ਲੈਂਦਾ ਹੈ। ਉੱਚੇ ਇਰਾਦੇ ਹੀ ਤੁਹਾਨੂੰ ਜਿੱਤ ਵੱਲ ਲੈ ਜਾਂਦੇ ਹਨ। ਕੋਈ ਵੀ ਮਾੜੇ ਹਾਲਾਤ ਕਿਉਂ ਨਾ ਹੋਣ, ਅੰਤ ਵਿੱਚ ਜਿੱਤ ਪ੍ਰਾਪਤ ਹੁੰਦੀ ਹੈ। ਚਾਹ ਦੀ ਦੁਕਾਨ ਤੋਂ ਮਿਸਟਰ ਓਲੰਪੀਆ ਦਾ ਖਿਤਾਬ ਜਿੱਤਣ ਤੋਂ ਬਾਅਦ ਹੁਣ ਜਲੰਧਰ ਦੀ ਬੂਟਾ ਮੰਡੀ ਦੇ ਰਹਿਣ ਵਾਲੇ ਮਨੀਸ਼ ਨੇ ਮਿਸਟਰ ਯੂਨੀਵਰਸ ਦਾ ਖਿਤਾਬ ਜਿੱਤ ਕੇ ਦੇਸ਼ ਦੇ ਨਾਲ-ਨਾਲ ਪੰਜਾਬ ਦਾ ਵੀ ਨਾਂ ਰੌਸ਼ਨ ਕੀਤਾ ਹੈ। ਥਾਈਲੈਂਡ ਵਿੱਚ ਯੂਨਾਈਟਿਡ ਵਰਲਡ ਸਪੋਰਟਸ ਫਿਟਨੈਸ ਫੈਡਰੇਸ਼ਨ ਵੱਲੋਂ ਮਿਸਟਰ ਯੂਨੀਵਰਸ ਮੁਕਾਬਲਾ ਕਰਵਾਇਆ ਗਿਆ। ਮੁਕਾਬਲੇ ਵਿੱਚ ਦੁਨੀਆ ਭਰ ਦੇ 200 ਤੋਂ ਵੱਧ ਬਾਡੀ ਬਿਲਡਰਾਂ ਨੇ ਭਾਗ ਲਿਆ। ਮਨੀਸ਼ ਨੇ ਮੇਨ ਫਿਜ਼ਿਕ, ਕਲਾਸੀਕਲ ਫਿਜ਼ਿਕ, ਮਾਸਟਰ ਫਿਜ਼ਿਕ ਅਤੇ 70 ਕਿਲੋਗ੍ਰਾਮ ਭਾਰ ਵਰਗ ਦੇ ਹਰੇਕ ਵਰਗ ਵਿੱਚ ਗੋਲਡ ਮੈਡਲ ਜਿੱਤ ਕੇ ਯੂਨੀਵਰਸ ਦਾ ਖਿਤਾਬ ਜਿੱਤਿਆ। ਮਨੀਸ਼ ਦੀ ਨਜ਼ਰ ਹੁਣ ਮਿਸਟਰ ਗਲੈਕਸੀ ਦੇ ਖਿਤਾਬ 'ਤੇ ਹੈ।




ਮਨੀਸ਼ ਦੇ ਨਾਮ ਕਈ ਖਿਤਾਬ

-ਮਈ ਵਿੱਚ ਮਿਸਟਰ ਓਲੰਪੀਆ ਦਾ ਖਿਤਾਬ
-ਦਿੱਲੀ ਵਿੱਚ ਹੋਏ ਮਿਸਟਰ ਇੰਡੀਆ ਖਿਤਾਬ ਵਿੱਚ ਗੋਲਡ ਮੈਡਲ
-ਮਿਸਟਰ ਮਸਲਮੇਨੀਆ ਵਿੱਚ ਗੋਲਡ ਮੈਡਲ
-ਮਿਸਟਰ ਰੈਸਲਿੰਗ ਆਫ ਇੰਡੀਆ ਵਿੱਚ ਗੋਲਡ ਮੈਡਲ
-ਮਿਸਟਰ ਇੰਡੀਆ ਓਪਨ ਬਾਡੀ ਬਿਲਡਿੰਗ ਮੁਕਾਬਲੇ ਵਿੱਚ ਗੋਲਡ
-ਇੰਟਰ ਯੂਨੀਵਰਸਿਟੀ ਬਾਡੀ ਬਿਲਡਿੰਗ ਵਿੱਚ ਗੋਲਡ ਮੈਡਲ

ਪਰਿਵਾਰਕ ਜ਼ਿੰਮੇਵਾਰੀਆਂ ਕਾਰਨ ਬਾਡੀ ਬਿਲਡਿੰਗ ਛੱਡਣੀ ਪਈ

ਮਨੀਸ਼ ਦਾ ਕਹਿਣਾ ਹੈ ਕਿ ਉਸ ਦੇ ਪਿਤਾ ਰਾਮ ਕਿਸ਼ਨ ਨੂੰ ਨਿਮੋਨੀਆ ਹੋਣ ਤੋਂ ਬਾਅਦ ਉਸ ਨੇ ਸਾਲ 2011 ਵਿੱਚ ਬਾਡੀ ਬਿਲਡਿੰਗ ਛੱਡ ਦਿੱਤੀ ਸੀ। ਅੱਗ ਦੀ ਸਾਰੀ ਜ਼ਿੰਮੇਵਾਰੀ ਮੇਰੇ ਸਿਰ ਆ ਗਈ। ਆਪਣੀ ਚਾਹ ਦੀ ਦੁਕਾਨ ਖੋਲ੍ਹੀ ਅਤੇ ਲੋਕਾਂ ਨੂੰ ਚਾਹ ਪਰੋਸਿਆ। ਸਾਲ 2022 ਵਿੱਚ ਪਠਾਨੀ ਰਛਪਾਲ ਕੌਰ ਦੇ ਬਿਮਾਰ ਹੋਣ ਦੇ ਬਾਵਜੂਦ ਪਤਨੀ ਨੇ ਦੁਬਾਰਾ ਬਾਡੀ ਬਿਲਡਿੰਗ ਸ਼ੁਰੂ ਕਰਨ ਲਈ ਕਿਹਾ। ਪਠਾਨੀ ਦੇ ਜ਼ੋਰ ਪਾਉਣ 'ਤੇ ਉਸ ਨੇ ਫਿਰ ਤੋਂ ਬਾਡੀ ਬਿਲਡਿੰਗ ਸ਼ੁਰੂ ਕੀਤੀ ਅਤੇ ਸਾਲ 2023 'ਚ ਕਈ ਖਿਤਾਬ ਜਿੱਤੇ।

ਪਤੀ ਮਨੀਸ਼ 'ਤੇ ਮਾਣ ਹੈ

ਪਤਨੀ ਰਛਪਾਲ ਕੌਰ ਨੇ ਦੱਸਿਆ ਕਿ ਉਸਨੂੰ ਆਪਣੇ ਪਤੀ ਮਨੀਸ਼ 'ਤੇ ਮਾਣ ਹੈ। ਇਸ ਮੁਕਾਬਲੇ ਵਿੱਚ ਹਿੱਸਾ ਲੈਣ ਤੋਂ ਪਹਿਲਾਂ, ਉਸਨੇ ਖੁਦ ਉਸਦੀ ਖੁਰਾਕ ਦਾ ਧਿਆਨ ਰੱਖਿਆ। ਹੁਣ ਮਿਸਟਰ ਗਲੈਕਸੀ ਮੁਕਾਬਲੇ ਵਿੱਚ ਭਾਗ ਲੈਣ ਲਈ ਸਖ਼ਤ ਮਿਹਨਤ ਕਰ ਰਹੇ ਹਨ। ਉਨ੍ਹਾਂ ਨੇ ਦੇਸ਼ ਦੇ ਨਾਲ-ਨਾਲ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਇਸ ਖਿਤਾਬ ਲਈ ਮਨੀਸ਼ ਨੇ ਖੂਬ ਮਿਹਨਤ ਕੀਤੀ ਸੀ।

ਦਿਨ ਵਿੱਚ ਸੱਤ ਘੰਟੇ ਜਿਮ ਵਿੱਚ ਟ੍ਰੇਨਿੰਗ ਕਰਦਾ ਹਾਂ

ਮਨੀਸ਼ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਰਿਵਾਰ ਵਿੱਚ ਕਿਸੇ ਵੀ ਪਰਿਵਾਰਕ ਮੈਂਬਰ ਨੇ ਬਾਡੀ ਬਿਲਡਿੰਗ ਨਹੀਂ ਕੀਤੀ। ਬਚਪਨ ਤੋਂ ਹੀ ਬਾਡੀ ਬਿਲਡਿੰਗ ਵਿੱਚ ਰੁਚੀ ਸੀ। ਮਿਸਟਰ ਯੂਨੀਵਰਸ ਦਾ ਖਿਤਾਬ ਜਿੱਤਣ ਤੋਂ ਬਾਅਦ ਉਸ ਦੀ ਨਿਗ੍ਹਾ ਹੁਣ ਮਿਸਟਰ ਗਲੈਕਸੀ ਦੇ ਖਿਤਾਬ 'ਤੇ ਹੈ।

ਮੈਂ ਇਸ ਖਿਤਾਬ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਯੂਨੀਵਰਸ ਦਾ ਖਿਤਾਬ ਜਿੱਤਣ ਤੋਂ ਬਾਅਦ ਪਿਤਾ ਰਾਮ ਕਿਸ਼ਨ ਦੀਆਂ ਅੱਖਾਂ 'ਚ ਹੰਝੂ ਸਨ। ਇਸ ਮੁਕਾਮ ਤੱਕ ਪਹੁੰਚਣ ਲਈ ਪਿਤਾ ਰਾਮ ਕਿਸ਼ਨ ਅਤੇ ਮਾਤਾ ਤਰਸੇਮ ਕੌਰ ਨੇ ਸਖ਼ਤ ਮਿਹਨਤ ਕੀਤੀ ਹੈ।

ਮਾੜੀ ਆਰਥਿਕ ਹਾਲਤ ਕਾਰਨ ਚਾਹ ਦੀ ਦੁਕਾਨ ਖੋਲ੍ਹ ਲਈ। ਮੈਂ ਹਰ ਪ੍ਰਤੀਕੂਲ ਸਥਿਤੀ ਨਾਲ ਲੜ ਕੇ ਇਸ ਮੁਕਾਮ ਤੱਕ ਪਹੁੰਚਿਆ ਹਾਂ। ਮੈਂ ਦਿੱਲੀ ਦੇ ਕੋਚ ਵੀਰ ਭਭੋਤ ਅਤੇ ਗੋਲਡ ਜਿੰਮ ਦੇ ਕੋਚ ਰਿੱਕੀ ਤੋਂ ਟ੍ਰੇਨਿੰਗ ਲੈ ਰਿਹਾ ਹਾਂ।

# ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਸੜੋਆ ਵਲੋਂ 72 ਮਰੀਜਾਂ ਨੂੰ ਆਪ੍ਰੇਸ਼ਨ ਉਪਰੰਤ ਘਰੀਂ ਪਹੁੰਚਾਇਆ



**ਸੜੋਆ (ਸਤਨਾਮ ਸਿੰਘ ਸਹੂੰਗੜਾ)** ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਸੜੋਆ ਵਲੋਂ ਸ਼੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ਼੍ਰੀ ਚਰਨ ਛੋਹ ਸ਼੍ਰੀ ਖੁਰਾਲਗੜ੍ਹ ਸਾਹਿਬ ਦੇ ਸਹਿਯੋਗ ਨਾਲ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਪਿੰਡ ਚਾਂਦਪੁਰ ਰੁੜਕੀ ਵਿਖੇ ਲਗਾਏ ਗਏ ਅੱਖਾਂ ਦੇ ਲੈਂਜ਼ਾਂ ਵਾਲੇ ਕੈਂਪ ਦੌਰਾਨ ਜਿਹਨਾਂ 72 ਮਰੀਜਾਂ ਨੂੰ ਆਪ੍ਰੇਸ਼ਨ ਲਈ ਚੁਣਿਆ ਗਿਆ ਸੀ। ਉਹਨਾਂ ਮਰੀਜਾਂ ਦੇ ਸ਼ੰਕਰਾ ਆਈ ਹਸਪਤਾਲ ਲੁ-ਧਿਆਣਾ ਵਿਖੇ ਆਪ੍ਰੇਸ਼ਨ ਕਰਵਾਉਣ ਉਪਰੰਤ ਉਹਨਾਂ ਮਰੀਜਾਂ ਨੂੰ ਸੁਸਾਇਟੀ ਮੈਂਬਰਾਂ ਵਲੋਂ ਘਰੋ ਘਰੀਂ ਛੱਡ ਕੇ ਬਾਬਾ ਗੁਰਦਿੱਤਾ ਜੀ ਦੇ ਅਸਥਾਨ ਵਿਖੇ ਸ਼ੁਕਰਾਨਾ ਅਰਦਾਸ ਕੀਤੀ ਗਈ।

ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਨਾਜਰ ਰਾਮ ਮਾਨ ਸਾਬਕਾ ਜਿਲ੍ਹਾ ਸਿੱਖਿਆ ਅਫਸਰ ਉਤੇ ਸੁਸਾਇਟੀ ਦੇ ਸਮੂਹ ਮੈਂਬਰਾਂ ਨੇ ਕੈਂਪ ਦੌਰਾਨ ਸਹਿਯੋਗੀ ਸ਼੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ਼੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਦੇ ਪ੍ਰਬੰਧਕ ਕਮੇਟੀ, ਗੁਰਦੁਆਰਾ ਪ੍ਰਬੰਧਕ ਕਮੇਟੀ ਬਾਬਾ ਗੁਰਦਿੱਤਾ ਜੀ ਚਾਂਦਪੁਰ ਰੁੜਕੀ, ਸਮਾਜ ਸੇਵੀਆਂ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗੀਆਂ ਦਾ ਇਸ ਪਵਿੱਤਰ ਕਾਰਜ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।

ਇਸ ਮੌਕੇ ਹਰਅਮਰਿੰਦਰ ਰਿੰਕੂ ਚਾਂਦਪੁਰ ਰੁੜਕੀ ਸਾਬਕਾ ਚੇਅਰਮੈਨ ਸੰਮਤੀ ਸੜੋਆ ਨੇ ਸੁਸਾਇਟੀ ਨੂੰ 7100 ਰੁਪਏ ਦੀ ਮਾਲੀ ਮੱਦਦ ਦਿੰਦਿਆਂ ਸੁਸਾਇਟੀ ਮੈਂਬਰਾ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ। ਇਸ ਮੌਕੇ ਹਰਮੰਦਰ ਸਿੰਘ ਪ੍ਰਧਾਨ, ਚੰਨਣ ਸਿੰਘ, ਕੈਪਟਨ ਤਰਸੇਮ ਸਿੰਘ ਖੁਰਦਾਂ, ਪ੍ਰਿੰਸੀਪਲ ਵਰਿੰਦਰ ਬਛੌੜੂ, ਗੁਰਦਿਆਲ ਮਾਨ, ਮਾਸਟਰ ਰਾਜ ਕੁਮਾਰ ਮਾਲੇਵਾਲ, ਮਾਸਟਰ ਬਲਵਿੰਦਰ ਨਾਨੋਵਾਲ, ਸਮਸ਼ੇਰ ਪੋਜੇਵਾਲ, ਗੁਰਨਾਮ ਸਿੰਘ ਬਿੱਟੂ ਛਦੌੜੀ, ਲਾਲ ਸਿੰਘ ਮਾਨ, ਪ੍ਰਿੰਸੀਪਲ ਪ੍ਰੇਮ ਕੁਮਾਰ ਸਾਹਿਬਾ, ਪਰਮਜੀਤ ਸਿੰਘ ਚੱਕ ਸਿੰਘਾ, ਪ੍ਰਿੰਸੀਪਲ ਅਮਰਜੀਤ ਖਟਕੜ ਮੁਕੰਦਪੁਰ, ਲੈਕਚਰਾਰ ਜਗਮੋਹਨ ਸਿੰਘ ਨੌਰਦ, ਲੈਕਚਰਾਰ ਰਾਜਿੰਦਰ ਕੁਮਾਰ, ਤੇਲੂ ਰਾਮ ਸਾਬਕਾ ਸਰਪੰਚ, ਨਰੰਜਣਜੋਤ ਸਿੰਘ, ਮਾਸਟਰ ਮਹਿੰਦਰ ਚੰਦ ਪੋਜੇਵਾਲ, ਮੋਹਣ ਲਾਲ ਖਰੌੜ, ਤਿਲਕ ਰਾਜ ਸਰਪੰਚ ਆਲੋਵਾਲ ਅਤੇ ਚਮਨ ਲਾਲ ਸੜੋਆ ਆਦਿ ਹਾਜ਼ਰ ਸਨ।

# ਸਿੱਖ ਨੈਸ਼ਨਲ ਕਾਲਜ ਬੰਗਾ ਦੀ ਭੰਗੜਾ ਟੀਮ ਯੂਨੀਵਰਸਿਟੀ ਯੂਥ ਫੈਸਟੀਵਲ 'ਚ ਤੀਸਰੇ ਸਥਾਨ ਤੇ ਰਹੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਕਰਵਾਏ ਗਏ ਅੰਤਰ ਜੋਨਲ ਫਾਈਨਲ ਯੂਥ ਫੈਸਟੀਵਲ ਦੇ ਵੱਖ ਵੱਖ ਜੋਨਾਂ ਦੀਆਂ ਸਰਵੋਤਮ ਟੀਮਾਂ ਦੌਰਾਨ ਹੋਏ ਭੰਗੜੇ ਦੇ ਮੁਕਾਬਲਿਆਂ 'ਚ ਸਿੱਖ ਨੈਸ਼ਨਲ ਕਾਲਜ ਬੰਗਾ ਦੀ ਭੰਗੜਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਟੀਮ ਨੂੰ ਵਧਾਈ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਜਿਹਨਾਂ ਵਿੱਚ ਦੀਪਤਾਂਸ਼ੂ, ਕੁਲਜੀਤ ਸਿੰਘ, ਮਿਲਨ ਚੌਧਰੀ, ਹਰਵਿੰਦਰ ਸਿੰਘ, ਕਰਨਦੀਪ ਸਿੰਘ, ਉਜੈ ਕੁਮਾਰ, ਸਿਮਰਨਜੀਤ ਸਿੰਘ, ਰੋਹਿਤ, ਅਰਸ਼ਦੀਪ, ਜਸਪ੍ਰੀਤ, ਅਨਮੋਲ ਤੇ ਕਮਲ ਦੀ ਲਗਨ ਅਤੇ ਮਿਹਨਤ ਸਦਕੇ ਇਹ ਪ੍ਰਾਪਤੀ ਕਾਲਜ ਦੇ ਹਿੱਸੇ ਆਈ ਹੈ। ਇਸ ਮੌਕੇ ਡਾਕਟਰ ਗੁਰਵਿੰਦਰ ਸਿੰਘ ਡੀਨ ਸੱਭਿਆਚਾਰ ਗਤੀਵਿਧੀਆਂ ਨੇ ਵੀ ਵਿਦਿਆਰਥੀ ਕਲਾਕਾਰਾਂ ਨੂੰ ਵਧਾਈ ਦਿੱਤੀ। ਇਸ ਟੀਮ ਨੂੰ ਕੋਚਿੰਗ ਭੰਗੜਾ ਕੋਚ ਪਵਨ ਕੁਮਾਰ ਵਾਸੀ ਲੰਗੜੋਆ ਨੇ ਦਿੱਤੀ ਤੇ ਢੋਲ ਤੇ ਸਾਥ ਉੱਭਰਦੇ ਨੌਜਵਾਨ ਢੋਲੀ ਮੁਨੀਸ਼ ਨੇ ਦਿੱਤਾ। ਪ੍ਰੋ. ਗੁਰਪ੍ਰੀਤ ਸਿੰਘ ਡਿਪਟੀ ਡੀਨ ਸੱਭਿਆਚਾਰ ਗਤੀਵਿਧੀਆਂ ਵਲੋਂ ਪ੍ਰਿੰਸੀਪਲ, ਕੋਚ, ਟੀਮ ਦੇ ਇੰਚਾਰਜ ਤੇ ਟੀਮ ਦੇ ਸਮੂਹ ਸਹਿਯੋਗੀਆਂ ਜਿਹਨਾਂ ਵਿੱਚ ਅਮਨਪ੍ਰੀਤ ਸਿੰਘ ਧਾਲੀਵਾਲ, ਜਸਕਰਨ ਸਿੰਘ, ਸੋਨੂੰ ਕੁਮਾਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਵਿਦਿਆਰਥੀਆਂ ਨੂੰ ਫੁੱਲਾਂ ਦੇ ਹਾਰ ਪਹਿਨਾ ਕੇ ਉਹਨਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਪਰਮਜੀਤ ਸਿੰਘ ਸੁਪਰਡੈਂਟ ਵੀ ਮੌਜੂਦ ਸਨ।



# ਕਨੇਡਾ ਵਿੱਚ ਗਾਇਕਾ ਰਾਜ ਗੁਲਜਾਰ ਦੀ ਗਾਇਕੀ ਨੂੰ ਪੰਜਾਬੀ ਸਰੋਤਿਆਂ ਨੇ ਸਲਾਹਿਆ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਪੰਜਾਬ ਦੀ ਪ੍ਰਸਿੱਧ ਗਾਇਕਾ ਰਾਜ ਗੁਲਜਾਰ ਅੱਜਕੱਲ੍ਹ ਕਨੇਡਾ ਟੂਰ ਤੇ ਆਈ ਹੋਈ ਹੈ । ਜਿਸ ਦੀ ਗਾਇਕੀ ਨੂੰ ਕਨੇਡਾ ਵਿੱਚ ਵੱਸਦੇ ਪੰਜਾਬੀਆਂ ਨੇ ਪ੍ਰਵਾਨ ਤਾਂ ਕੀਤਾ ਹੀ ਹੈ, ਉਸਦੇ ਨਾਲ ਨਾਲ ਉਸ ਨੂੰ ਪੰਜਾਬੀ ਸੱਭਿਆਚਾਰ ਖੇਤਰ ਵਿੱਚ ਯੋਗਦਾਨ ਪਾਉਣ ਲਈ ਕਈ ਸੰਸਥਾਵਾਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ ਹੈ। ਇਸ ਸਬੰਧੀ ਵਿਸ਼ੇਸ਼ ਗੱਲਬਾਤ ਕਰਦਿਆਂ ਗਾਇਕਾ ਰਾਜ ਗੁਲਜਾਰ ਨੇ ਦੱਸਿਆ ਕਿ ਉਹ ਇਥੇ ਪੰਜਾਬੀ ਮੇਲਾ ਵੈਨਕੂਵਰ ਵਿੱਚ ਆਪਣੀ ਸਟੇਜ ਪਰਫਾਰਮੈਂਸ ਕਰਨ ਲਈ ਵਿਸ਼ੇਸ਼ ਸੱਦੇ ਤੇ ਪੁੱਜੀ ਸੀ। ਜਿਸ ਵਿੱਚ ਉਹਨਾਂ ਨੂੰ ਇੱਥੇ ਬੁਲਾਉਣ ਲਈ ਵਿਸ਼ੇਸ਼ ਸਹਾਇਤਾ ਪ੍ਰਮੋਟਰ ਮੇਜਰ ਸਿੰਘ ਸਿੱਧੂ ਨੇ ਕੀਤੀ । ਜਿਨਾਂ ਨੇ ਪੰਜਾਬੀ ਮੇਲਾ ਵੈਨਕੂਵਰ ਵਿੱਚ ਉਸ ਦੀ ਸ਼ਮੂਲੀਅਤ ਕਰਵਾਈ । ਇਸ ਤੋਂ ਬਾਅਦ ਉਹ ਇੱਥੇ ਲੋਕ ਵਿਰਸਾ ਪੰਜਾਬੀ ਮੇਲਾ ਐਬਸਫੋਰਡ ਤੋਂ ਇਲਾਵਾ ਕਈ ਹੋਰ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰ ਚੁੱਕੀ ਹੈ। ਜਿੱਥੇ ਉਸ ਦੀ ਹਾਜ਼ਰੀ ਨੂੰ ਸਰੋਤਿਆਂ ਨੇ ਦਿਲ ਖੋਲ੍ਹਕੇ ਮੁਹੱਬਤਾਂ ਬਖਸ਼ੀਆਂ ਹਨ । ਗਾਇਕਾ ਰਾਜ ਗੁਲਜਾਰ ਪੰਜਾਬ ਵਿੱਚ ਪ੍ਰਸਿੱਧ ਗਾਇਕ ਕਲਾਕਾਰਾਂ ਨਾਲ ਸਹਿਯੋਗੀ ਗਾਇਕਾ ਵਜੋਂ ਵੀ ਸਟੇਜ ਪਰਫਾਰਮੈਂਸ ਕਰਦੀ ਆ ਰਹੀ ਹੈ, ਜਿਸ ਵਿੱਚ ਉਹ ਜਸਵੰਤ ਸੰਦੀਲਾ ਦਾ ਨਾਮ ਲੈਂਦਿਆਂ ਕਹਿੰਦੀ ਹੈ ਕਿ ਇਸ ਤੋਂ ਇਲਾਵਾ ਉਸਨੇ ਕਈ ਹੋਰ ਗਾਇਕਾਂ ਨਾਲ ਸਟੇਜਾਂ ਸਾਂਝੀਆਂ ਕੀਤੀਆਂ । ਉਸ ਕੋਲ ਗਾਇਕੀ ਦਾ ਇੱਕ ਦਹਾਕੇ ਤੋਂ ਵੱਧ ਦਾ ਤਜਰਬਾ ਹੈ, ਇਸ ਲਈ ਉਹ ਸਰੋਤਿਆਂ ਦੀ ਨਬਜ ਨੂੰ ਸਟੇਜ ਤੋਂ ਚੰਗੀ ਤਰ੍ਹਾਂ ਪਹਿਚਾਣ ਲੈਂਦੀ ਹੈ ਅਤੇ ਉਹਨਾਂ ਦੇ ਅਨੁਕੂਲ ਹੀ ਆਪਣਾ ਪ੍ਰੋਗਰਾਮ ਪੇਸ਼ ਕਰਦੀ ਹੈ । ਕਨੇਡਾ ਵਿੱਚ ਉਸ ਦੀ ਗਾਇਕੀ ਨੂੰ ਚਾਰ ਚੰਨ ਲੱਗੇ ਹਨ ਅਤੇ ਉਹ ਕਨੇਡਾ ਦੇ ਪੰਜਾਬੀਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹੈ ਕਿ ਉਹਨਾਂ ਨੇ ਉਸ ਨੂੰ ਪਲਕਾਂ ਤੇ ਬਿਠਾ ਕੇ ਪਿਆਰ ਦਿੱਤਾ ਹੈ । ਆਉਣ ਵਾਲੇ ਸਮੇਂ ਵਿੱਚ ਉਹ ਇੱਥੇ ਹੋਰ ਵੀ ਸਟੇਜਾਂ ਸਾਂਝੀਆਂ ਕਰੇਗੀ । ਜਿਸ ਵਿੱਚ ਉਹ ਸਰੋਤਿਆਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਲੋਕ ਵਿਰਸੇ, ਵਿਰਾਸਤ ਨਾਲ ਆਪਣੇ ਗੀਤਾਂ ਰਾਹੀਂ ਜੋੜਣ ਦਾ ਯਤਨ ਕਰੇਗੀ । ਗਾਇਕਾ ਰਾਜ ਗੁਲਜਾਰ ਨੇ ਦੱਸਿਆ ਕਿ ਉਹ ਇਥੇ ਕੁਝ ਪੰਜਾਬੀ ਗੀਤਾਂ ਦੀ ਰਿਕਾਰਡਿੰਗ ਵੀ ਕਰੇਗੀ ਜਿਸ ਦੇ ਲਈ ਉਹ ਆਪਣੀ ਤਿਆਰੀ ਵਿੱਚ ਰੁੱਝੀ ਹੋਈ ਹੈ। ਦੁਆ ਕਰਦੇ ਹਾਂ ਕਿ ਉਹ ਆਪਣੀ ਗਾਇਕੀ ਅਤੇ ਗੀਤਾਂ ਰਾਹੀਂ ਸਰੋਤਿਆਂ ਦੇ ਦਿਲਾਂ ਤੇ ਰਾਜ ਕਰੇ ਅਤੇ ਪੰਜਾਬੀ ਸੱਭਿਆਚਾਰ ਨੂੰ ਹੋਰ ਵੀ ਬੁਲੰਦੀਆਂ ਤੇ ਪਹੁੰਚਾਵੇ।



**ਗੁਰਗੱਦੀ 'ਤੇ ਵਿਸ਼ੇਸ਼**

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ 'ਤੇ ਪਾਪ ਦੀ ਅਤਿ ਹੋ ਜਾਵੇ ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿਚ ਦੀਨ ਦਯਾ ਹਿਤ ਬੀਰ-ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਆਪ ਜੀ ਦਾ ਆਗਮਨ 8 ਸਾਵਣ ਵਦੀ ਸੰਮਤ 1713 ਭਾਵ 7 ਜੁਲਾਈ ਸੰਨ 1656 ਨੂੰ ਸ਼ੀਸ਼ ਮਹਿਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ ਸੰਨ 1661 ਨੂੰ ਗੁਰਗੱਦੀ ਨੂੰ ਪ੍ਰਾਪਤ ਹੋਏ। ਪੰਚਮ ਪਾਤਸ਼ਾਹ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਏ ਜੀ ਨੂੰ ਹਦਾਇਤ ਕੀਤੀ ਸੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੌਰ ਤੇ ਜਥੇਬੰਦਕ ਹਥਿਆਰਬੰਦ ਬਣਾਇਆ। ਸੰਗਤ ਦੇ ਹੌਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜ਼ੁਲਮ ਨਾਲ ਜਬਰੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਸਿੱਖ ਧਰਮ ਅਪਣਾਉਣ ਲੱਗੇ। ਬਾਦਸ਼ਾਹ ਔਰੰਗਜ਼ੇਬ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿਰਾਏ ਸਾਹਿਬ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਹਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੈ ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸਵਾਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।। ਸਿੱਧੀ ਇਸਲਾਮ ਦੀ ਹਤਕ ਨਹੀਂ ਹੈ? ਬਾਬਾ ਰਾਮਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿਟੀ ਬੇਈਮਾਨ ਕੀ ਲਫਜ਼ ਹੈ, ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਏ ਜੀ ਨੂੰ ਪਤਾ ਲੱਗਾ ਕਿ ਗੁਰਬਾਣੀ ਦੀ ਤੁਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਉਹਨਾਂ ਨੇ ਆਪਣਾ ਦ੍ਰਿੜ੍ਹ ਇਰਾਦਾ ਬਣਾਇਆ ਕਿ ਬਾਬਾ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ।

ਇਸੇ ਦ੍ਰਿੜ੍ਹਤਾ ਦੀ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਬਾਬਾ ਰਾਮਰਾਇ ਨੇ ਆਪਣਾ ਹੱਕ ਗੁਰਗੱਦੀ ਤੇ ਬਣਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜ਼ਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸਰਾਮ ਨੇ 50 ਘੋੜ ਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ 'ਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਨੇ ਦੀਵਾਨ ਨੂੰ ਕਿਹਾ ਕਿ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ। ਤਦ ਹੀ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਚਿੱਠੀ ਭੇਜੀ ਤਾਂ ਤੁਰੰਤ ਰਜ਼ਾਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਪੰਜੋਖਰਾ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਲਈ ਫਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸੀਂ ਮੇਰੇ ਨਾਲ ਲਗਾਤਾਰ ਹੱਥ ਕਰ ਲਓ ਅਤੇ ਗੀਤਾ ਦੇ ਅਰਥ ਕਰਕੇ ਵਿਖਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰੱਥਾ ਅਰਥ ਕਰਨਾ ਹੀ ਨਹੀਂ ਸਗੋਂ ਮਨੁੱਖੀ ਜੀਵਨ ਨੂੰ ਸਾਵੀ ਪੱਧਰੀ ਰਾਹ ਤੇ ਤੋਰਨਾ ਹੈ ਅਗਿਆਨਤਾ ਦਾ ਨਾਸ਼ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ, ਉਸਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ੍ਹ ਹੈ ਤਾਂ ਜੋ ਧਾਰਮਿਕ, ਰਾਜਨੀਤਿਕ, ਵਿਦਿਅਕ ਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ, ਤੁਹਾਨੂੰ ਉੱਤਰ ਮਿਲ ਜਾਵੇਗਾ। ਪੰਡਤ ਲੰਗਰਾਂ ਵਿਚ ਜਾਣ ਦੀ ਸੇਵਾ ਕਰਕੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਤ ਨੇ ਜੋ ਵੀ ਪੁੱਛਿਆ ਛੱਜੂ ਨੇ ਉਸਦਾ ਉੱਤਰ ਦਿੱਤਾ ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਗੁਣ-ਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ 'ਚ ਜਿੱਥੇ ਅੱਜਕਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਜੀ ਨੇ ਇਨਕਾਰ ਕੀਤਾ। ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ। ਜੇਕਰ ਸਮਰੱਥ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਕੇ ਦੱਸ ਦੇਵੇ ਕਿ ਸਵਾਗਤ ਕਰਨ ਵਾਲਿਆਂ ਵਿਚ ਮੈਂ ਜਿੱਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ-ਡੌਲ ਤੋਂ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤ ਨੂੰ ਸਰੀਰ ਪੱਖੋਂ ਨਹੀਂ ਪਰਖਿਆ ਜਾ ਸਕਦਾ।



ਉਨ੍ਹੀਂ ਦਿਨੀ ਦਿੱਲੀ 'ਚ ਭਾਰੀ ਚੇਚਕ ਫੈਲ ਗਈ। ਗੁਰਦੇਵ ਆਮ ਲੋਕਾਂ ਦੇ ਘਰ-ਘਰ ਜਾ ਕੇ ਸੇਵਾ ਕਰਨ ਲੱਗੇ ਅਤੇ ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਪਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਬਿਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਹੋ ਗਈ। ਪਰ ਪਾਤਸ਼ਾਹ ਨੇ ਇਸਨੂੰ ਰੱਬੀ ਰਮਜ਼ ਦੱਸਿਆ ਅਤੇ ਧੀਰਜ ਵਿਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਦਿੱਤਾ ਕਿ ਅਗਲਾ ਗੁਰੂ 'ਬਾਬਾ ਬਕਾਲਾ' ਜਿਸਦਾ ਭਾਵ ਸੀ ਕਿ ਗੁਰੂ 'ਬਾਬਾ ਬਕਾਲਾ' ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਕ 30 ਮਾਰਚ 1664 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦਾ ਸਸਕਾਰ ਮੌਜੂਦਾ ਗੁਰਦੁਆਰਾ 'ਬਾਲਾ ਸਾਹਿਬ' ਦਿੱਲੀ ਵਿਖੇ ਹੋਇਆ। ਵਰਣਨਯੋਗ ਹੈ ਕਿ ਆਪ ਨੇ ਬਾਲ ਉਮਰੇ ਹੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਅ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁਰੂਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਉਹਨਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਿਆ। ਉਹਨਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣਾ ਦੀ ਧਰਮਸ਼ਾਲਾ (ਮਹੱਲਾ ਦਿਲਵਾਲੀ ਸਿੰਘ ਦਿੱਲੀ) ਵਿਖੇ ਡੇਰੇ ਲਾਏ ਤਾਂ ਉਥੇ ਲੋਕ ਗਰੀਬ ਸਨ। ਪੀਣ ਲਈ ਸਾਫ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ-ਥਾਂ ਸਾਫ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰੂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ-ਸੁੱਚੀ ਕਿਰਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ।

# ਦੋ ਸਿੱਖ ਵਿਦਵਾਨਾਂ ਨੂੰ ਖਤ !

ੴ ਸਤਿਗੁਰ ਪ੍ਰਸਾਦ
ਮਾਨਯੋਗ ਡਾਕਟਰ ਬਲਕਾਰ ਸਿੰਘ ਜੀ
ਅਤੇ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਜੀ
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ ॥

ਸਰਦਾਰ ਸਾਹਿਬ ਜੀ ਬੇਨਤੀ ਹੈ ਕਿ 'ਪੰਜਾਬੀ ਟ੍ਰਿਬਿਊਨ' (1 ਨਵੰਬਰ 2023) ਦੇ ਸਫਾ ਨੰਬਰ 2 ਉੱਤੇ ਛਪੀ ਇੱਕ ਖਬਰ ਅਨੁਸਾਰ ਕੁੱਝ ਸਿੱਖ ਬੁੱਧੀ ਜੀਵੀਆਂ ਨੇ ਸੁਖਬੀਰ ਸਿੰਘ ਬਾਦਲ ਨਾਲ ਮੀਟਿੰਗ ਕਰਕੇ ਅਕਾਲੀ ਦਲ ਨੂੰ ਅਪੀਲ ਕੀਤੀ ਹੈ ਕਿ ਉਹ ਐਸ।ਵਾਈ।ਐਲ ਅਤੇ ਹੋਰ ਮਸਲਿਆਂ ਬਾਰੇ ਸਰਬ ਪਾਰਟੀ ਮੀਟਿੰਗ ਦੀ ਪਹਿਲ ਕਦਮੀਂ ਕਰੇ!

ਇਸ ਖਬਰ ਵਿੱਚ ਆਪ ਜੀ ਦਾ ਨਾਮ ਵੀ ਹੈ।

ਜੇ ਇਹ ਖਬਰ ਸੱਚ ਹੈ ਤਾਂ ਮੈਂ ਨਿਮਾਣਾ ਜਿਹਾ ਪੰਥ ਦਰਦੀ ਹੋਣ ਨਾਤੇ ਆਪ ਜੀ ਨੂੰ ਸਨਿਮਰ ਅਰਜ ਕਰਦਾ ਹਾਂ ਕਿ ਵਰਤਮਾਨ ਸਮੇਂ ਅਕਾਲੀ ਦਲ ਨੂੰ ਕੋਈ ਸਲਾਹ ਮਸ਼ਵਰਾ ਦੇਣ ਤੋਂ ਪਹਿਲਾਂ ਇਸ ਪਾਰਟੀ ਤੋਂ ਚੰਦਰੀ ਬਾਦਲੀ-ਪੰਜਾਲ਼ੀ ਲਾਹੁਣ ਦਾ ਕੋਈ ਹੀਲਾ-ਵਸੀਲਾ ਜਰੂਰ ਕੀਤਾ ਜਾਣਾ ਚਾਹੀਦਾ ਹੈ!

ਜੇ ਸੁਖਬੀਰ ਬਾਦਲ ਦੇ ਪ੍ਰਧਾਨ ਹੁੰਦਿਆਂ ਆਪ ਜੈਸੇ ਸਿੱਖ ਚਿੰਤਕ ਉਸ ਨਾਲ ਕੋਈ ਮੀਟਿੰਗਾਂ ਵਗੈਰਾ ਕਰਦੇ ਹਨ ਤਾਂ ਆਮ ਸਿੱਖਾਂ ਵਿੱਚ ਇਹ ਪ੍ਰਭਾਵ ਜਾਵੇ ਗਾ ਕਿ ਤੁਸੀਂ ਵੀ ਉਸਨੂੰ ਪ੍ਰਧਾਨ ਵਜੋਂ ਮਾਨਤਾ ਦੇ ਰਹੇ ਹੋ !

ਆਪ ਜੀ ਨੂੰ ਇਹ ਦੱਸਣ ਦੀ ਤਾਂ ਲੋੜ ਨਹੀਂ ਕਿ ਪੰਥਕ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ 'ਬਾਦਲ ਦਲ' ਫਿਰ ਬਿਅਦਬੀ ਦਲ ਬਣਾ ਦੇਣ ਦਾ ਗੁਨਾਹਗਾਰ ਏਹੀ ਬਾਦਲ ਟੱਬਰ ਹੈ!

ਸੋ ਬਰਾਏ ਮਿਹਰਬਾਨੀ ਜੇ ਤੁਹਾਡਾ ਨਾਂ ਇਸ ਸੂਚੀ ਵਿੱਚ ਬਿਨ-ਪੁੱਛਿਆਂ ਪਾਇਆ ਗਿਆ ਹੈ ਤਾਂ ਆਪ ਜੀ ਨੂੰ ਇਸ ਖਬਰ ਦੀ ਤਰਦੀਦ ਕਰ ਦੇਣੀ ਚਾਹੀਦੀ ਹੈ ਜੀ!

ਸਤਿਕਾਰਿਤ ਸਰਦਾਰ ਸਾਹਬ ਜੀਉ
ਇਹ ਸਤਰਾਂ ਮੇਰੇ ਦਿਲ ਦਾ ਦਰਦ ਹਨ !
ਬਹੁਤ ਬਹੁਤ ਧੰਨਵਾਦ
ਆਪ ਦਾ ਸ਼ੁੱਭਚਿੰਤਕ,



-ਤਰਲੋਚਨ ਸਿੰਘ ਦੁਪਾਲ ਪੁਰ
ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ
ਕੈਲੇਫੋਰਨੀਆਂ, ਯੂ. ਐਸ. ਏ.
001-408-915-1268

# 'ਪ੍ਰਿੰਸੀਪਲ ਸੁਜਾਨ ਸਿੰਘ ਕਹਾਣੀ ਪੁਰਸਕਾਰ' ਨਾਲ ਸਨਮਾਨਿਤ ਹੋਇਆ ਕਹਾਣੀਕਾਰ ਪਰਮਜੀਤ ਮਾਨ

**ਚੰਡੀਗੜ੍ਹ–** ਭਾਸ਼ਾ ਵਿਭਾਗ, ਪੰਜਾਬ ਦੁਆਰਾ ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਮੌਕੇ ਪਟਿਆਲਾ ਵਿਖੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਦੇ ਕੈਬਨਟ ਮੰਤਰੀ, ਹਰਜੋਤ ਸਿੰਘ ਬੈਂਸ ਤੇ ਪਦਮ ਸ਼੍ਰੀ ਸੁਰਜੀਤ ਪਾਤਰ ਦੇ ਕਰ ਕਮਲਾਂ ਨਾਲ ਹੋਰਨਾ ਸਮੇਤ ਪਰਮਜੀਤ ਮਾਨ ਨੂੰ ਉਨਾਂ ਦੇ ਕਹਾਣੀ ਸੰਗ੍ਰਹਿ 'ਰੇਤ ਦੇ ਘਰ' ਲਈ 'ਪ੍ਰਿੰਸੀਪਲ ਸੁਜਾਨ ਸਿੰਘ ਕਹਾਣੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਇਸ ਕਹਾਣੀ ਸੰਗ੍ਰਹਿ ਵਿੱਚ ਦਸ ਕਹਾਣੀਆਂ ਹਨ ਤੇ ਬਹੁਤੀਆਂ ਸਮੁੰਦਰ ਨਾਲ ਸਬੰਧਤ ਹਨ।

ਜੱਦੀ ਪਿੰਡ ਰੜ੍ਹ, ਜ਼ਿਲ੍ਹਾ ਮਾਨਸਾ ਤੇ ਹਾਲ ਵਾਸੀ ਬਰਨਾਲਾ ਦੇ ਵਸਨੀਕ ਪਰਮਜੀਤ ਮਾਨ ਪੁੱਤਰ ਤਾਰਾ ਸਿੰਘ, ਚੜ੍ਹਦੀ ਉਮਰੇ ਹੀ ਨੇਵੀ ਵਿੱਚ ਭਰਤੀ ਹੋ ਕੇ ਸਮੁੰਦਰ ਗਾਹੁਣ ਨਿਕਲ ਗਏ।




ਸਾਹਿਤ ਦੇ ਖਜ਼ਾਨੇ ਵਿੱਚ ਪਰਮਜੀਤ ਮਾਨ ਹੁਣ ਤੱਕ, ਧੁਖਦੀਆਂ ਸਵੇਰਾਂ, ਬਲਦੀਆਂ ਸ਼ਾਮਾਂ;
ਸਾਗਰ ਦੇ ਸਫ਼ੇ ਤੇ (ਕਵਿਤਾ)
ਸਮੁੰਦਰ ਦਾ ਆਦਮੀ; ਰੇਤ ਦੇ ਘਰ (ਕਹਾਣੀ ਸੰਗ੍ਰਹਿ)
ਸਮੁੰਦਰਨਾਮਾ (ਸਫ਼ਰਨਾਮਾ)
ਬਹਾਦੁਰ ਔਰਤਾਂ ( ਅਨੁਵਾਦ) ਕਿਤਾਬਾਂ ਸ਼ਾਮਿਲ ਕਰ ਚੁਕੇ ਹਨ। ਹਿੰਦੀ ਦੇ ਨਾਮੀ ਮੈਗ਼ਜ਼ੀਨਾਂ ਉਤਰ ਪ੍ਰਦੇਸ਼ ਨਾਗਰਿਕ, ਅਧਾਰਸ਼ਿਲਾ, ਕਿੱਸਾ ਤੇ ਪੁਸ਼ਪਗੰਧਾ 'ਚ ਵੀ ਉਹਨਾਂ ਦੀਆਂ ਕਹਾਣੀਆਂ ਛਪਦੀਆਂ ਰਹੀਆਂ ਹਨ। 'ਰੇਤ ਦੇ ਘਰ' ਕਹਾਣੀ, ਸਿਰ-ਜਣਾ ਵਿਚ ਛਪੀ ਤੇ ਬਾਕੀ ਸਭ ਕਹਾਣੀਆਂ ਹੋਰ ਪੰਜਾਬੀ ਮੈਗ਼ਜ਼ੀਨਾਂ ਵਿਚ ਛਪ ਚੁੱਕੀਆਂ ਹਨ । ਪਰਮਜੀਤ ਮਾਨ ਦੱਸਦੇ ਨੇ ਕਿ ਰਾਮ ਸਰੂਪ ਅਣਖੀ ਨੇ ਕਹਾਣੀ ਲਿਖਣ ਲਈ ਪ੍ਰੇਰਤ ਕੀਤਾ। ਉਸਦਾ ਕਹਿਣਾ ਸੀ, ''ਅਸੀਂ ਤਾਂ ਲਿਖ ਲਿਖ ਕੇ ਪਿੰਡਾਂ ਦੀਆਂ ਫਿਰਨੀਆਂ, ਵੇਹੜੇ ਤੇ ਰੂੜੀਆਂ ਤੱਕ ਘਸਾ ਦਿੱਤੀਆਂ। ਪਰਮਜੀਤ, ਤੇਰੇ ਕੋਲ ਸਮੁੰਦਰ ਦਾ ਅਨੁਭਵ ਹੈ ਤੂੰ ਇਸਦੇ ਬਾਰੇ ਲਿਖ। ਪੰਜਾਬੀ ਪਾਠਕ ਕੋਲ ਸਮੁੰਦਰ ਬਾਰੇ ਕੋਈ ਰਚਨਾ ਹੀ ਨਹੀਂ।''

ਅਣਖੀ ਜੀ ਦੀ ਇਸ ਪ੍ਰੇਰਨਾ ਸਦਕਾ ਮੈਂ ਕਹਾਣੀ ਲਿਖਣ ਲੱਗਿਆ। ਉਸ ਸੱਚੇ ਸੁੱਚੇ, ਮਹਾਨ ਤੇ ਸੁਹਿਰਦ ਲਿਖਾਰੀ ਨੇ ਮੈਨੂੰ 'ਕਹਾਣੀ ਪੰਜਾਬ' ਵਿੱਚ ਵੱਡੇ ਲੇਖਕਾਂ ਦੇ ਬਰਾਬਰ ਛਾਪਿਆ। ਉਸਦਾ ਕਹਿਣਾ ਸੀ, ''ਪਰਮਜੀਤ ਤੇਰੀ ਕਹਾਣੀ ਅਲੱਗ ਹੈ। ਤੂੰ ਪੰਜਾਬੀ ਸਾਹਿਤ ਵਿੱਚ ਸਮੁੰਦਰ ਦਾ ਵਿਸ਼ਾ ਲਿਆਉਣ ਵਾਲਾ ਪਹਿਲਾ ਆਦਮੀ ਹੈਂ''।

ਪਰਮਜੀਤ ਮਾਨ ਦੱਸਦੇ ਹਨ ਕਿ ਇਸੇ ਹੱਲਾਸ਼ੇਰੀ ਸਦਕਾ ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਸਮੁੰਦਰ ਦਾ ਆਦਮੀ' ਹੋਂਦ ਵਿਚ ਆਇਆ। ਅਧਾਰਸ਼ਿਲਾ ਪ੍ਰਕਾਸ਼ਨ ਡੇਹਰਾਦੂਨ ਨੇ ਇਸ ਕਹਾਣੀ ਸੰਗ੍ਰਹਿ ਦਾ ਹਿੰਦੀ ਅਨੁਵਾਦ ਕੀਤਾ। ਹਿੰਦੀ ਅਨੁਵਾਦ ਮੁਰੇਸ਼ੀਅਸ ਵਿੱਚ ਰਲੀਜ਼ ਹੋਇਆ ਤੇ ਉਥੋਂ ਦੇ ਪ੍ਰਧਾਨ ਮੰਤਰੀ ਨੇ ਮੈਨੂੰ ਸਨਮਾਨ ਵੀ ਦਿੱਤਾ।

ਮਾਨ ਦਾ 26 ਸਾਲ ਸਮੁੰਦਰੀ ਜਹਾਜ਼ਾਂ ਦੀ ਨੌਕਰੀ ਵਾਲਾ ਤਜਰਬਾ 'ਸਮੁੰਦਰਨਾਮਾ' ਵਿੱਚ ਅੰਕਿਤ ਹੈ। ਇਸ ਸਾਲ ਆਈ ਇਹ ਕਿਤਾਬ ਵੀ ਚਰਚਾ ਵਿੱਚ ਹੈ।

ਇੱਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਸਮੁੰਦਰਨਾਮਾ, ਪੰਜਾਬੀ ਜਾਗਰਣ ਅਖਬਾਰ ਦੇ ਐਤਵਾਰ ਐਡੀਸ਼ਨ ਵਿੱਚ ਹਫਤਾਵਾਰੀ ਕਾਲਮ ਦੇ ਤੌਰ ਤੇ ਛਪਦਾ ਰਿਹਾ ਹੈ ਤੇ ਇਸ ਨੂੰ ਪਾਠਕਾਂ ਦਾ ਵੱਡਾ ਹੁੰਗਾਰਾ ਮਿਲਿਆ। ਪਰਮਜੀਤ ਮਾਨ ਨੇ ਦੱਸਿਆ ਕਿ 'ਸਮੁੰਦਰਨਾਮਾ' ਦਾ ਹਿੰਦੀ ਅਨੁਵਾਦ ਵੀ ਹੋ ਚੁੱਕਾ ਹੈ ਤੇ ਜਲਦੀ ਹੀ ਕਿਤਾਬ ਦਾ ਹਿੰਦੀ ਰੂਪ ਵੀ ਆ ਜਾਵੇਗਾ।

ਚਰਚਾ ਵਿੱਚ ਰਹਿਣ ਵਾਲੇ ਫੇਸਬੁਕੀਏ ਸਹਿਤਕਾਰਾਂ ਨਾਲੋਂ ਹਟ ਕੇ ਅਣਗੌਲੇ ਅਤੇ ਵਿਲੱਖਣ ਸ਼ਖਸ਼ੀਅਤ ਵਾਲੇ ਸਹਿਤਕਾਰ ਪਰਮਜੀਤ ਮਾਨ ਨੇ ਇਸ ਵਾਰ 2020 ਵਾਲਾ ਭਾਸ਼ਾ ਵਿਭਾਗ, ਪੰਜਾਬ ਦਾ 'ਸਰਵੋਤਮ ਪੁਸਤਕ ਪੁਰਸਕਾਰ' ਪ੍ਰਾਪਤ ਕਰਕੇ ਸਾਹਿਤ ਜਗਤ ਨੂੰ ਹੈਰਾਨੀ ਵਿੱਚ ਪਾਇਆ ਹੈ । ਹੋਰ ਤੇ ਹੋਰ ਬਹੁ ਗਿਣਤੀ ਲੇਖਕਾਂ ਦੁਆਰਾ ਸੱਚੀ ਸੁੱਚੀ ਤੇ ਮਿਆਰੀ ਪੁਸਤਕ ਚੋਣ ਲਈ ਭਾਸ਼ਾ ਵਿਭਾਗ, ਪੰਜਾਬ ਨੂੰ ਭਰਵੀਂ ਦਾਦ ਵੀ ਦਿੱਤੀ ਜਾ ਰਹੀ ਹੈ।

– ਹਰਦੇਵ ਚੌਹਾਨ

# ਦੈਵ ਮੂਰਖ ਲੋਕਾਂ ਦੀ ਕਲਪਨਾ, ਪੁਰਸ਼ਾਰਥ ਹੀ ਦੈਵ ਹੈ



**ਆਚਾਰਿਆ ਰਵਿੰਦਰ ਕੁਮਾਰ**
ਖੋਜਾਰਥੀ, ਮਹਾਰਿਸ਼ੀ ਬਾਲਮੀਕੀ ਚੇਅਰ, ਪਟਿਆਲਾ
91-98880-89404

ਇਸ ਮਾਇਆਵੀ ਸੰਸਾਰ ਵਿੱਚ ਸਾਰੇ ਦੁੱਖਾਂ ਦਾ ਨਾਸ਼ ਕਰਨ ਦੇ ਲਈ ਪੁਰਸ਼ਾਰਥ ਜਾਂ ਕਹਿ ਲਓ ਮਨੁੱਖ (ਜੀਵ) ਦੇ ਯਤਨਾਂ ਦੇ ਇਲਾਵਾ ਕੋਈ ਦੂਜਾ ਮਾਰਗ ਨਹੀਂ ਹੈ।ਸੰਸਾਰ ਰੂਪੀ ਕੋਸ ਵਿੱਚ ਕੋਈ ਅਜਿਹਾ ਕੋਈ ਰਤਨ ਨਹੀਂ ਹੈ ਜੋ ਸ਼ੁੱਧ ਪੁਰਸ਼ਾਰਥ ਨਾਲ ਕੀਤੇ ਹੋਏ ਅੱਛੇ ਕਰਮਾਂ ਦੁਆਰਾ ਪ੍ਰਾਪਤ ਨਾ ਹੋ ਸਕੇ। ਤਿੰਨਾਂ ਲੋਕਾਂ ਵਿੱਚ ਅਜਿਹਾ ਕੋਈ ਪਦਾਰਥ ਨਹੀਂ ਹੈ ਜੋ ਪੁਰਸ਼ਾਰਥ ਦੁ-ਆਰਾ ਪ੍ਰਾਪਤ ਨਾ ਕੀਤਾ ਜਾ ਸਕੇ। ਇਸ ਸੰਸਾਰ ਵਿਚ ਸਾਰਾ ਕੁੱਝ ਸਦਾ ਹੀ ਸਭ ਆਪਣੀ ਮਿਹਨਤ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਸੰਸਾਰ ਵਿੱਚ ਚੰਗੀ ਤਰ੍ਹਾਂ ਕੀਤੇ ਹੋਏ ਪੁਰਸ਼ਾਰਥ ਦੁਆਰਾ ਹੀ ਅਮੀਰ ਬਣਿਆਂ ਜਾ ਸਕਦਾ ਹੈ। ਜੋ ਇਸ ਪਦ ਨੂੰ ਪਾਉਣ ਦੀ ਇੱਛਾ ਕਰਦਾ ਹੈ ਅਤੇ ਉਸਨੂੰ ਪ੍ਰਾਪਤ ਕਰਨ ਦੇ ਲਈ ਹਮੇਸ਼ਾਂ ਪ੍ਰਯਤਨ ਕਰਦਾ ਹੈ, ਉਹ ਉਸ ਨੂੰ ਗ਼ਰੂਰ ਹੀ ਪ੍ਰਾਪਤ ਕਰ ਲੈਂਦਾ ਹੈ, ਜੇ ਵਿਚਕਾਰ ਵਿਚ ਹੀ ਪ੍ਰਯਤਨ ਨੂੰ ਨਾ ਛੱਡੇ। ਇੱਥੇ ਚੁੱਪਚਾਪ ਬੈਠੇ ਰਹਿਣ ਨਾਲ ਕੁੱਝ ਪ੍ਰਾਪਤ ਨਹੀਂ ਹੁੰਦਾ, ਜੋ-ਜੋ, ਜਿਵੇਂ-ਜਿਵੇਂ ਪ੍ਰਯਤਨ ਕਰਦਾ ਹੈ ਉਵੇਂ-ਉਵੇਂ ਹੀ ਫਲ ਵੀ ਪ੍ਰਾਪਤ ਕਰਦਾ ਹੈ। ਆਤਮਾ ਹੀ ਆਤਮਾ ਦੀ ਮਿੱਤਰ ਹੈ, ਆਤਮਾ ਹੀ ਆਤਮਾ ਦੀ ਦੁਸ਼ਮਣ ਹੈ। ਜੇ ਆਤਮਾ ਹੀ ਆਤਮਾ ਦੀ ਰੱਖਿਆ ਨਹੀਂ ਕਰਦੀ ਤਾਂ ਦੂਜਾ ਹੋਰ ਕੋਈ ਉਪਾਅ ਨਹੀਂ ਹੋ ਸਕਦਾ ਹੈ।

**ਪੁਰਸ਼ਾਰਥ ਦੇ ਫਲ ਦੀ ਪ੍ਰਾਪਤੀ ਦਾ ਨਾਮ ਦੈਵ**

ਭਗਵਾਨ ਬਾਲਮੀਕ ਜੀ ਅਨੁਸਾਰ ਕਿਸੇ ਵੀ ਦੌਰ ਅਤੇ ਕਾਲ ਦੇ ਅਨੁਸਾਰ, ਕੁਝ ਦੇਰੀ ਵਿੱਚ ਜਾਂ ਛੇਤੀ ਹੀ, ਕੀਤੇ ਹੋਏ ਪੁਰਸ਼ਾਰਥ ਦੇ ਫਲ ਦੀ ਪ੍ਰਾਪਤੀ ਦਾ ਨਾਮ ਦੈਵ ਹੈ। ਪੁਰਸ਼ਾਰਥ ਦੁਆਰਾ ਕੀਤੇ ਗਏ, ਸ਼ੁਭ ਅਤੇ ਅਸ਼ੁਭ ਕਰਮ ਦੀ ਅਰਥ ਪ੍ਰਾਪਤੀ ਦਾ ਨਾਮ ਫਲਸਿੱਧੀ ਹੀ ਦੈਵ ਹੈ। ਜੋ ਆਪਣੇ ਪੁਰਸ਼ਾਰਥ ਦੁਆਰਾ ਗ਼ਰੂਰ ਹੀ ਪ੍ਰਾਪਤ ਹੋਣ ਵਾਲੀ ਵਸਤੂ ਹੈ। ਉਹ ਇਸ ਸੰਸਾਰ ਵਿੱਚ ਦੈਵ ਕਹਾਉਂਦੀ ਹੈ। ਜੋ ਕਰਮ ਦ੍ਰਿੜ੍ਹਤਾ ਨਾਲ ਅਤੇ ਛੇਤੀ ਪ੍ਰਯਤਨ ਤੋਂ ਪੂਰਵਕਾਲ ਵਿੱਚ ਕੀਤਾ ਜਾ ਚੁਕਾ ਹੈ ਉਹੀ ਇਸ ਸਮੇਂ ਦੈਵ ਨਾਮ ਨਾਲ ਪੁਕਾਰਿਆ ਜਾਂਦਾ ਹੈ। ਪਹਿਲਾ ਕੀਤਾ ਕਰਮ ਜਾਂ ਪੁਰਸ਼ਾਰਥ ਦੇ ਇਲਾਵਾ ਦੈਵ ਅਤੇ ਕੋਈ ਵਸਤੂ ਨਹੀਂ ਹੈ, ਪੂਰਵਕ੍ਰਿਤ ਪੁਰਸ਼ਾਰਥ ਦਾ ਹੀ ਨਾਮ ਦੈਵ ਹੈ। ਜਿਵੇਂ- ਜਿਵੇਂ ਕੋਈ ਪ੍ਰਯਤਨ ਕੀਤਾ ਜਾਂਦਾ ਹੈ। ਵੈਸੇ-ਵੈਸੇ ਹੀ ਉਹ ਫਲ ਦਿੰਦਾ ਹੈ। ਇਸ ਲਈ ਪੁਰਸ਼ਾਰਥ ਹੀ ਸੱਤ ਹੈ, ਉਸੀ ਨੂੰ ਦੈਵ ਕਿਹਾ ਜਾਂਦਾ ਹੈ।

**ਪਰਾਧੀਨਤਾ ਦੀ ਨਿੰਦਾ**

ਭਗਵਾਨ ਬਾਲਮੀਕ ਜੀ ਅਨੁਸਾਰ ਜੋ ਮਨੁੱਖ ਇਹ ਸਮਝਦਾ ਹੈ ਕਿ ਉਹ ਈਸ਼ਵਰ ਦਾ ਭੇਜਿਆ ਹੋਇਆ ਹੀ ਸਵਰਗ ਜਾਂ ਨਰਕ ਵਿੱਚ ਜਾਂਦਾ ਹੈ ਉਹ ਸਦਾ ਹੀ ਪਰਾਧੀਨ (ਅਧੀਨ) ਰਹਿੰਦਾ ਹੈ, ਅਜਿਹਾ ਮਨੁੱਖ ਪਸ਼ੂ ਹੈ ਇਸ ਵਿੱਚ ਕੋਈ ਸੰਦੇਹ ਹੀ ਨਹੀਂ ਹੈ। ਜੋ ਇਹ ਸਮਝ ਕੇ ਕਿ ਉਸਨੂੰ ਕੋਈ ਦੂਜਾ ਹੀ ਪ੍ਰੇਰਿਤ ਕਰਦਾ ਹੈ ਦ੍ਰਿਸ਼ਟ (ਪ੍ਰਯਤਨ) ਨੂੰ ਛੱਡ ਬੈਠਦਾ ਹੈ ਉਹ ਅਧਮ ਮਨੁੱਖ ਦੂਰ ਤੋਂ ਹੀ ਤਿਆਗ ਦੇਣ ਯੋਗ ਹੈ। ਜੋ ਉਦਯੋਗ ਨੂੰ ਛੱਡ ਕੇ ਭਾਗ (ਤਕਦੀਰ) ਦੇ ਉਪਰ ਭਰੋਸਾ ਕਰਦੇ ਹਨ ਉਹ ਆਪਣੇ ਹੀ ਦੁਸ਼ਮਣ ਹਨ, ਅਤੇ ਧਰਮ, ਅਰਥ ਅਤੇ ਕਾਮ ਸਾਰਿਆਂ ਨੂੰ ਨਸ਼ਟ ਕਰ ਦਿੰਦੇ ਹਨ। ਜੋ ਕੁਬੁੱਧੀ ਲੋਕ ਇਹ ਸਮਝਦੇ ਹਨ ਕਿ ਸਾਰਾ ਕੁੱਝ ਕਿਸਮਤ ਦੇ ਅਧੀਨ ਹੈ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਇਹ ਗੱਲ ਪ੍ਰਤੱਖ ਦੇਖਣ ਵਿੱਚ, ਅਨੁਭਵ ਵਿੱਚ ਅਤੇ ਸੁਣਨ ਵਿੱਚ ਆਉਂਦੀ ਹੈ। ਜੋ ਲੋਕ ਸੂਰਵੀਰ ਹਨ, ਅਮੀਰ ਹਨ, ਉਨਤੀ ਕਰਨ ਵਾਲੇ ਹਨ, ਗਿਆਨੀ ਹਨ, ਦੱਸੋ ਉਨ੍ਹਾਂ ਵਿੱਚੋਂ ਕਿਹੜਾ ਇਸ ਸੰਸਾਰ ਵਿੱਚ ਕਿਸਮਤ ਦੀ ਉਡੀਕ ਕਰਦਾ ਹੈ।

**ਦੈਵ ਜਾਂ ਕਿਸਮਤ ਕੋਈ ਵਸਤੂ ਨਹੀਂ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਦੈਵ ਜਾਂ ਕਿਸਮਤ ਕੁੱਝ ਨਹੀਂ ਹੈ। ਦੈਵ ਹੈ ਹੀ ਨਹੀਂ। ਦੈਵ ਸਦਾ ਹੀ ਅਸਤ ਹੈ। ਦੈਵ ਕਦੇ ਕੁੱਝ ਨਹੀਂ ਕਰਦਾ, ਇਹ ਕੇਵਲ ਕਲਪਨਾ ਮਾਤਰ ਹੈ ਕਿ ਦੈਵ ਕੁੱਝ ਕਰਦਾ ਹੈ। ਦੈਵ ਮੂਰਖ ਲੋਕਾਂ ਦੀ ਕਲਪਨਾ ਹੈ, ਇਸ ਕਲਪਨਾ ਦੇ ਭਰੋਸੇ ਰਹਿ ਕੇ ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਬੁੱਧੀਮਾਨ ਜਾਂ ਅਕਲਮੰਦ ਲੋਕ ਪੁਰਸ਼ਾਰਥ ਦੁਆਰਾ ਉਨਤੀ ਕਰਕੇ ਚੰਗੇ ਪਦ੍ਵ ਪ੍ਰਾਪਤ ਕਰਦੇ ਹਨ। ਸੰਸਾਰ ਵਿੱਚ ਮ੍ਰਿਤ ਸਰੀਰ ਦੇ ਸਿਵਾਏ ਸਾਰੀਆਂ ਕ੍ਰਿਆਵਾਂ ਦਿਖਾਈ ਪੈਂਦੀਆਂ ਹਨ ਅਤੇ ਉਚਿਤ ਕਿਰਿਆ ਦੁਆਰਾ ਹੀ ਫਲ ਪ੍ਰਾਪਤੀ ਹੁੰਦੀ ਹੈ, ਇਸ ਲਈ ਦੈਵ ਦੀ ਕਲਪਨਾ ਨਿਰਰਥਕ ਹੈ। ਦੈਵ ਦੀ ਕਲਪਨਾ ਘੱਟ ਬੁੱਧੀ ਪੁਰਸ਼ ਨੂੰ ਦੁੱਖ ਦੇ ਸਮੇਂ ਆਸ਼ਵਾਸਨ ਦੇਣ ਦੇ ਲਈ ਹੈ। ਆਸ਼ਵਾਸਨ ਦੇਣਾ ਇਕ ਵਾਕ ਹੈ, ਇਸ ਦੇ ਸਿਵਾਏ, ਦੈਵ ਪਰਮਾਰਥ ਦੇ ਰੂਪ ਵਿੱਚ ਕੋਈ ਵਸਤੂ ਨਹੀਂ ਹੈ।

**ਵਰਤਮਾਨ ਕਾਲ ਦਾ ਪੁਰਸ਼ਾਰਥ**

ਭਗਵਾਨ ਬਾਲਮੀਕ ਜੀ ਅਨੁਸਾਰ ਦੋਨਾਂ ਪੁਰਸ਼ਾਰਥ (ਪੂਰਵਕ੍ਰਿਤ ਜਿਸਦਾ ਨਾਮ ਦੈਵ ਹੈ ਅਤੇ ਵਰਤਮਾਨ ਕਾਲ ਦਾ ਪੁਰਸ਼ਾਰਥ) ਦੋ ਮੇਡਕਾਂ ਦੇ ਸਮਾਨ ਇੱਕ ਦੂਜੇ ਦੇ ਨਾਲ ਲੜਦੇ ਹਨ, ਜੋ ਉਨ੍ਹਾਂ ਵਿੱਚ ਗ਼ਿਆਨ ਦਾ ਬਲਵਾਨ ਹੁੰਦਾ ਹੈ, ਉਹੀ ਜਿੱਤ ਪਾਉਂਦਾ ਹੈ। ਜਿਵੇਂ ਕੱਲ ਦਾ ਵਿਗੜਿਆ ਹੋਇਆ ਕੰਮ ਅੱਜ ਦੇ ਯਤਨ ਨਾਲ ਸੁਧਰ ਜਾਂਦਾ ਹੈ ਠੀਕ ਉਸੀ ਪ੍ਰਕਾਰ ਹੁਣ ਦਾ ਕੀਤਾ ਹੋਇਆ ਪੁਰਸ਼ਾਰਥ, ਪੂਰਵ ਦੇ ਕੀਤੇ ਹੋਏ ਪੁਰਸ਼ਾਰਥ ਨੂੰ ਸੁਧਾਰ ਸਕਦਾ ਹੈ, ਇਸ ਲਈ ਮਨੁੱਖ ਨੂੰ ਕਾਰਜਸ਼ੀਲ ਹੋਣਾ ਚਾਹੀਦਾ। ਗ਼ਿਆਦਾ ਬਲੀ ਹੋਣ ਤੇ ਹੁਣ ਦਾ ਪੁਰਸ਼ਾਰਥ ਪੂਰਵ ਕਾਲ ਦੇ ਪੁਰਸ਼ਾਰਥ ਨੂੰ ਅਤੇ ਪੂਰਵਕਾਲ ਦਾ ਪੁਰਸ਼ਾਰਥ ਹੁਣ ਦੇ ਪੁਰਸ਼ਾਰਥ ਨੂੰ ਦਬਾ ਲੈਂਦਾ ਹੈ, ਹਮੇਸ਼ਾਂ ਹੀ ਪੁਰਸ਼ ਦਾ ਕੀਤਾ ਹੋਇਆ ਪ੍ਰਯਤਨ ਜਿੱਤ ਪਾਉਂਦਾ ਹੈ, ਜੋ ਉਦਯੋਗ ਰਹਿਤ ਹੋਕੇ ਪੁਰਸ਼ਾਰਥ ਕਰਦਾ ਹੈ ਉਹੀ ਜਿੱਤ ਪਾਉਂਦਾ ਹੈ। ਇਹ ਤਾਂ ਪ੍ਰਤੱਯਕਸ਼ ਵਿੱਚ ਹੀ ਸਿੱਧ ਹੈ ਕਿ ਪੂਰਵਕਾਲ ਦੇ ਕਰਮ ਦੀ ਤਰ੍ਹਾਂ ਅੱਜ ਕਲ ਦਾ ਕੀਤਾ ਹੋਇਆ ਕਰਮ ਗ਼ਿਆਦਾ ਬਲਵਾਨ ਹੈ, ਇਸ ਲਈ ਦੈਵ ਨੂੰ ਹੁਣ ਦਾ ਪੁਰਸ਼ਾਰਥ, ਇਸ ਪ੍ਰਕਾਰ ਜਿੱਤ ਲੈਂਦਾ ਹੈ ਜਿਵੇਂ ਕਿ ਬੱਚੇ ਨੂੰ ਯੁਵਕ। ਇਸ ਲਈ ਪਰਮ ਪੁਰਸ਼ਾਰਥ ਦਾ ਆਦਰਸ਼ ਲੈ ਕੇ ਸ਼ੁਭ ਕੰਮ ਦੁਆਰਾ ਪੂਰਵ-ਕਾਲ ਦੇ ਅਸ਼ੁਭ ਕਰਮਾਂ ਤੇ ਜਿੱਤ ਪਾਉ। ਬਲ ਪੂਰਵਕ ਇਸ ਵਿਚਾਰ ਨੂੰ ਦੂਰ ਕਰੋ ਕਿ ਪੂਰਵਕਾਲ ਦਾ ਕਰਮ (ਦੈਵ) ਤੁਹਾਨੂੰ ਕਿਹੜੇ ਪਾਸੇ ਪ੍ਰੇਰਿਤ ਕਰ ਰਿਹਾ ਹੈ। ਹੁਣ ਦੇ ਪੁਰਸ਼ਾਰਥ ਨਾਲ ਕਿਸੀ ਪ੍ਰਕਾਰ ਦਾ ਵੀ ਪੂਰਵ ਦਾ ਪੁਰਸ਼ਾਰਥ ਬਲਵਾਨ ਨਹੀਂ ਹੈ। ਮਨੁੱਖ ਨੂੰ ਇੰਨਾ ਪੁਰਸ਼ਾਰਥ ਕਰਨਾ ਚਾਹੀਦਾ ਕਿ ਜਿਸ ਨਾਲ ਉਸਦੇ ਪੂਰਵਕਾਲ ਦੇ ਅਸ਼ੁਭ ਕਰਮ ਸ਼ਾਂਤ ਹੋ ਜਾਣ।

**ਦੋ ਤਰ੍ਹਾਂ ਦੇ ਪੁਰਸ਼ਾਰਥ**

ਭਗਵਾਨ ਬਾਲਮੀਕ ਜੀ ਅਨੁਸਾਰ ਪੁਰਸ਼ਾਰਥ ਦੋ ਪ੍ਰਕਾਰ ਦਾ ਹੁੰਦਾ ਹੈ- ਇਕ ਪੁਰਸ਼ਾਰਥ ਅਨੁਸਾਰ ਅਤੇ ਦੂਜਾ ਪੁਰਸ਼ਾਰਥ ਵਿਰੁੱਧ। ਪਹਿਲੇ ਪੁਰਸਾਰਥ ਨਾਲ ਪਰਮਾਰਥ ਦੀ ਪ੍ਰਾਪਤੀ ਹੁੰਦੀ ਹੈ ਅਤੇ ਦੂਜੇ ਨਾਲ ਅਨਰਥ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਮਿੱਤਰਾਂ ਅਤੇ ਸੱਜਣਾਂ ਦੇ ਸਤਿਸੰਗ ਨਾਲ ਯੁਕਤ ਪੁਰਸ਼ਾਰਥ ਦਾ ਸਹਾਰਾ ਲੈ ਕੇ ਬੁੱਧੀ ਨੂੰ ਨਿਰਮਲ ਕਰਕੇ ਸੰਸਾਰ ਸਮੁੰਦਰ ਨੂੰ ਪਾਰ ਕਰ ਸਕਦਾ ਹੈ। ਸ਼ਾਸਤਰ ਦੋ ਹੋ ਗਏ ਰਮਾਇਣ ਅਤੇ ਮੌਕਸਪਾਏ ਜਿਸ ਨੂੰ ਯੋਗਵਸਿਸਟ ਵੀ ਕਹਿੰਦੇ ਹਨ।ਪ੍ਰੰਤੂ ਸੱਜਣ ਪੁਰਸ਼ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਕੌਣ ਸਹੀ ਹੈ ਜਾਂ ਗਲਤ ਹੈ।ਇਸ ਲਈ ਇਹ ਵਿਚਾਰ ਦਾ ਵਿਸ਼ਾ ਹੈ।ਕਿਉਂਕਿ ਕਲਯੁਗ ਵਿਚ ਅਸੱਜਣਾਂ ਦੀ ਭਰਮਾਰ ਵੀ ਵਧਦੀ ਹੀ ਜਾ ਰਹੀ ਹੈ।ਇਹ ਆਤਮਿਕ ਵਿਚਾਰ ਨਾਲ ਹੀ ਗਿਆਨ ਹੰਦਾ ਹੈ।

**ਆਲਸ ਦੀ ਨਿੰਦਾ**

ਭਗਵਾਨ ਬਾਲਮੀਕ ਜੀ ਅਨੁਸਾਰ ਅਗਰ ਇਸ ਸੰਸਾਰ ਵਿੱਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੋਣ ਧਨੀ ਅਤੇ ਵਿਦਵਾਨ ਨਾ ਹੁੰਦਾ। ਆਲਸ ਹੀ ਮਨੁੱਖ ਦਾ ਸਭ ਤੋ ਵੱਡਾ ਦੁਸ਼ਮਣ ਹੈ। ਆਲਸ ਦੇ ਕਾਰਣ ਹੀ ਇਹ ਸਮੁੰਦਰ ਪ੍ਰਯੰਤ ਹੈ, ਪ੍ਰਿਥਵੀ ਨਿਰਧਨ ਅਤੇ ਮੂਰਖ (ਮਨੁੱਖ ਦੇ ਰੂਪ ਵਿੱਚ ਪਸ਼ੂ) ਲੋਕਾਂ ਨਾਲ ਭਰੀ ਪਈ ਹੈ।

ਜੋ ਆਪਸ ਵਿਚ ਲੜਦੇ ਰਹਿੰਦੇ ਹਨ। ਗਰੀਬੀ ਦਾ ਕਾਰਨ ਆਲਸ ਹੀ ਹੈ। ਜੋ ਅਮੀਰ ਹੰਦਾ ਹੈ ਉਸ ਅਮੀਰੀ ਲਈ ਉਸ ਦੀ ਬਹੁਤ ਜਿਆਦਾ ਮਿਹਨਤ ਅਤੇ ਤਿਆਗ ਵੀ ਹੰਦਾ ਹੈ। ਅਮੀਰ ਵਿਅਕਤੀ ਸੰਸਾਰਿਕ ਮੋਹ ਦਾ ਤਿਆਗ ਕਰ ਕੇ ਆਪਣੇ ਪੁਰਸ਼ਾਰਥ ਵਿਚ ਜਿਆਦਾ ਧਿਆਨ ਦਿੰਦਾ ਹੈ।ਤਦ ਹੀ ਅਮੀਰੀ ਕਾਇਮ ਵੀ ਰਹਿੰਦੀ ਹੈ। ਜੋ ਮਿਹਨਤ ਨਹੀਂ ਕਰਦਾ ਉਹ ਨਿਰਧਨ ਹੀ ਰਹਿੰਦਾ ਹੈ।

**ਦੁੱਖ ਦਾ ਕਾਰਣ ਸੰਸਾਰਿਕ ਲਗਾਵ**

ਭਗਵਾਨ ਬਾਲਮੀਕ ਜੀ ਅਨੁਸਾਰ ਸੰਸਾਰ ਦਾ ਰਾਗ ਬਹੁਤ ਦੀ ਦੁੱਖਦਾਈ ਹੈ, ਇਹ ਸੱਪ ਦੀ ਤਰ੍ਹਾਂ ਡੱਸਦਾ ਹੈ, ਤਲਵਾਰ ਦੀ ਤਰ੍ਹਾਂ ਕੱਟਦਾ ਹੈ, ਭਾਲੇ ਦੀ ਤਰ੍ਹਾਂ ਬਿੰਨਦਾ ਹੈ, ਰੱਸੀ ਦੀ ਤਰ੍ਹਾਂ ਲਪੇਟ ਲੈਂਦਾ ਹੈ, ਅੱਗ ਦੀ ਤਰ੍ਹਾਂ ਜਲਾਉਂਦਾ ਹੈ, ਜੋ ਇਸ ਵਿੱਚ ਸ਼ੰਕਾ ਰਹਿਤ ਹੋਕੇ ਗਿਰਦੇ ਹਨ, ਉਨ੍ਹਾਂ ਪੱਥਰ ਦੀ ਤਰ੍ਹਾਂ ਦਬਾ ਦਿੰਦਾ ਹੈ, ਬੁੱਧੀ ਨੂੰ ਹਰ ਲੈਂਦਾ ਹੈ, ਸਥਿਰਤਾ ਨੂੰ ਨਸ਼ਟ ਕਰ ਦਿੰਦਾ ਹੈ, ਮੋਹ ਦੇ ਅੰਧੇਰੇ ਖੂਹ ਵਿੱਚ ਸੁੱਟ ਦਿੰਦਾ ਹੈ, ਤ੍ਰਿੰਣਾ ਨਾਲ ਮਨੁੱਖ ਨੂੰ ਜਰਜਰ ਕਰ ਦਿੰਦਾ ਹੈ। ਅਜਿਹਾ ਕੋਈ ਦੁੱਖ ਨਹੀਂ ਹੈ, ਜੋ ਸੰਸਾਰਿਕ ਪ੍ਰਾਣੀ ਜਾਂ ਕਹਿ ਲਓ ਸੰਸਾਰ ਨਾਲ ਲਗਾਵ, ਰਾਗ ਰੱਖਣ ਵਾਲਾ ਵਿਅਕਤੀ ਆਦਿ ਨੇ ਸਹਿਣ ਨਾ ਕੀਤਾ ਹੋਵੇ।ਦੁੱਖਾਂ ਦਾ ਕਾਰਣ ਸੰਸਾਰਿਕ ਵਸਤੂਆਂ ਤੇ ਆਕਰਸ਼ਿਤ ਹੋਣਾ, ਪਰਾਈ ਇਸਤਰੀ ਅਤੇ ਧੰਨ ਉੱਤੇ ਆਪਣੀ ਬੂਰੀ ਅੱਖ ਰਖਣਾ, ਦੂਜੇ ਵਿਅਕਤੀ ਦੀ ਪ੍ਰਸਿੱਧੀ ਤੇ ਈਰਖਾ ਕਰਨਾ ਆਦਿ ਦੁੱਖਾਂ ਦੇ ਕਾਰਣ ਹਨ।ਇਸ ਨਹੀਂ ਹੀ ਭਗਵਾਨ ਬਾਲਮੀਕ ਜੀ ਨੇ ਪੁਰਸ਼ਾਰਥ ਤੇ ਜੋਰ ਦਿੱਤੇ ਅਤੇ ਕਿਹਾ ਹੈ ਕਿ ਪੁਰਸ਼ਾਰਥ ਹੀ ਦੇਵ ਹੈ।

**ਅਗਿਆਨੀ ਨੂੰ ਹੀ ਦੁੱਖ ਹੁੰਦਾ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਇਹ ਸੰਸਾਰ ਰੂਪੀ ਪ੍ਰਵਾਹ ਅਗਿਆਨੀ ਦੀ ਹੀ ਮੂਰਖਤਾ ਨਾਲ ਚਲ ਰਿਹਾ ਹੈ। ਅਗਿਆਨੀ ਨੂੰ ਹੀ ਘੋਰ ਦੁੱਖ ਸੁੱਖ ਹੁੰਦੇ ਹਨ। ਜਦੋਂ ਜੀਵ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਸਾਰੇ ਸੰਸਾਰਿਕ ਕਸ਼ਟ ਦੂਰ ਹੋ ਜਾਂਦੇ ਹਨ।ਰਾਜਾ ਅਰਿਸਨੇਮੀ ਨੇ ਵੀ ਗਿਆਨ ਪ੍ਰਾਪਤ ਕਰਨ ਨਹੀਂ ਅਪਣਾ ਸਾਰਾ ਰਾਜ ਪਾਠ ਛੱਡ ਕੇ ਭਗਵਾਨ ਬਾਲਮੀਕ ਜੀ ਦੀ ਸਰਨ ਵਿਚ ਆ ਗਿਆ ਸੀ।


**ਗਿਆਨ ਨਾਲ ਹੀ ਦੁੱਖ ਦੀ ਨਿਵਿਰਤੀ ਹੁੰਦੀ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਸੰਸਾਰ ਰੂਪੀ ਜ਼ਹਿਰ (ਵਿਸ਼) ਦਾ ਦਰਖ਼ਤ, ਜੋ ਕਿ ਸਾਰੀਆਂ ਮੁਸ਼ਕਲਾਂ ਦੇਣ ਵਾਲਾ ਹੈ, ਅਗਿਆਨੀ ਨੂੰ ਹੀ ਦੁੱਖ ਦਿੰਦਾ ਹੈ। ਇਸ ਨਹੀਂ ਅਗਿਆਨ ਨੂੰ ਹਮੇਸ਼ਾਂ ਯਤਨ ਕਰਕੇ ਨਸ਼ਟ ਕਰਨਾ ਚਾਹੀਦਾ। ਜਿਸ ਪ੍ਰਕਾਰ ਵਰਖਾ ਨਾਲ ਭਿੱਜੇ ਹੋਏ ਜੰਗਲ ਨੂੰ ਅਗਨੀ ਦੀ ਜਵਾਲਾ ਨਹੀਂ ਜਲਾ ਸਕਦੀਆਂ, ਉਸੀ ਪ੍ਰਕਾਰ ਮਾਨਸਿਕ ਦੁੱਖ ਵੀ ਅਗਿਆਨੀ ਨੂੰ, ਜਿਸਨੇ ਜੋ ਕੁੱਝ ਜਾਣਨ ਯੋਗ ਹੈ ਜਾਣ ਲਿਆ ਹੈ ਅਤੇ ਯੁਕਤ ਦ੍ਰਿਸ਼ਟੀ ਪ੍ਰਾਪਤ ਕਰ ਨਹੀਂ ਹੈ, ਉਸ ਜੀਵ ਨੂੰ ਦੁੱਖ ਨਹੀਂ ਦੇ ਸਕਦਾ ਹੈ। ਗਿਆਨ ਰੂਪੀ ਕਿਸ਼ਤੀ (ਨੌਕਾ) ਦੁਆਰਾ ਬੁੱਧੀਮਾਨ ਲੋਕ ਦੁੱਖੀ ਸੰਸਾਰ-ਸਮੁੰਦਰ ਵਿੱਚ ਨਿਮਖ ਮਾਤਰ ਵਿੱਚ ਹੀ ਪਾਰ ਹੋ ਜਾਂਦੇ ਹਨ। ਨਿਰਵਾਣ ਨਾਮ ਵਾਲਾ ਪਰਮਾਨੰਦ, ਜਿਸ ਨੂੰ ਪ੍ਰਾਪਤ ਕਰ ਲੈਣ ਤੇ ਮਨੁੱਖ ਦਾ ਪੁਨਰ ਜਨਮ ਅਤੇ ਮਰਣ ਨਹੀਂ ਹੁੰਦਾ, ਉਹ ਗਿਆਨ ਨਾਲ ਹੀ ਪ੍ਰਾਪਤ ਹੁੰਦਾ ਹੈ। ਸੰਸਾਰ ਤੋਂ ਪਾਰ ਹੋਣ ਦਾ ਇਕਮਾਤਰ ਉਪਾਅ ਗਿਆਨ ਹੈ, ਉਸ ਨੂੰ ਪ੍ਰਾਪਤ ਕਰਨ ਨਹੀਂ ਕਿਸੇ ਤਪ, ਦਾਨ, ਤੀਰਥ ਅਤੇ ਇਸ਼ਨਾਨ ਆਦਿ ਦੀ ਕੋਈ ਵੀ ਜ਼ਰੂਰਤ ਨਹੀਂ ਹੈ।

**ਆਤਮਗਿਆਨ ਨਾਲ ਹੀ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਚਾਹੇ ਤ੍ਰਿਭਵਨ ਦਾ ਰਾਜ ਮਿਲ ਜਾਵੇ, ਚਾਹੇ ਮੇਘ ਜਾਂ ਜਲ ਦੇ ਅੰਦਰ ਕੋਈ ਪ੍ਰਵੇਸ਼ ਕਰ ਲਓ, ਆਤਮਗਿਆਨ ਦੀ ਪ੍ਰਾਪਤੀ ਦੇ ਬਿਨਾਂ ਕਿਸੀ ਨੂੰ ਵੀ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ। ਜੋ ਆਪਣਾ ਕਲਿਆਣ ਚਾਹੁੰਦਾ ਹੋਵੇ ਉਸਨੂੰ ਚਾਹੀਦਾ ਕਿ ਆਤਮ ਗਿਆਨ ਦੇ ਨਹੀਂ ਪ੍ਰਯਤਨਸ਼ੀਲ ਹੋਵੇ, ਕਿਉਂਕਿ ਸਾਰੇ ਦੁੱਖਾਂ ਦਾ ਨਾਸ਼ ਆਤਮ ਅਨੁਭਵ ਨਾਲ ਹੁੰਦਾ ਹੈ। ਜੇ ਪਰਮ ਆਤਮਾ ਦਾ ਗਿਆਨ ਹੋ ਜਾਵੇ ਤਾਂ ਸਾਰੇ ਦੁੱਖਾਂ ਦਾ ਪ੍ਰਵਾਹ ਇਸ ਪ੍ਰਕਾਰ ਨਸ਼ਟ ਹੋ ਜਾਵੇਗਾ, ਜਿਵੇਂ ਵਿਸ਼ ਦਾ ਪ੍ਰਭਾਵ ਖਤਮ ਹੁੰਦੇ ਹੀ ਵਿਸ਼ੂਚਿਕਾ ਰੋਗ ਸ਼ਾਂਤ ਹੋ ਜਾਂਦਾ ਹੈ। ਇਸ ਨਹੀਂ ਆਤਮਗਿਆਨ ਤੋ ਬਿਨਾਂ ਕੋਈ ਪਰਮਸ਼ਾਂਤੀ ਨਹੀਂ ਹੁੰਦੀ ਹੈ।

**ਭਗਵਾਨ ਬਾਲਮੀਕ ਦੁਆਰਾ ਚੇਲਿਆ ਨੂੰ ਗਿਆਨ ਦਾ ਉਪਦੇਸ਼**







ਭਗਵਾਨ ਬਾਲਮੀਕ ਜੀ ਨੇ ਕਿਹਾ, ਇਹ ਗਿਆਨ ਜੋ ਕਿ ਸਾਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਅਤੇ ਬੁੱਧੀ ਨੂੰ ਪਰਮ ਸ਼ਾਂਤ ਕਰਨ ਵਾਲਾ ਹੈ। ਜੋ ਗਿਆਨ ਸ੍ਰਿਸ਼ਟੀ ਦੇ ਆਦਿ ਵਿੱਚ ਲੋਕਾਂ ਦੇ ਕਲਿਆਣ ਦੇ ਨਹੀਂ ਦਿੱਤੇ ਹੈ, ਉਸ ਨੂੰ ਰਿਸੀ ਭਾਰਦਵਾਜ ਜੀ ਨੇ ਸ਼੍ਰਵਣ ਕੀਤਾ ਅਤੇ ਹੋਰ ਬਹੁਤ ਸਾਰੇ ਚੇਲੇ ਰਿਸ਼ੀਆਂ ਨੇ ਵੀ ਸ਼ਰੂਤੀ ਅਤੇ ਸਮਰਿਤੀ ਦੇ ਨਾਲ ਤਿੰਨਾਂ ਲੋਕਾਂ ਵਿਚ ਫੈਲਾਇਆ ਗਿਆ। ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

* ਸਾਰੇ ਦੁੱਖਾਂ ਦਾ ਖਾਤਮਾ ਕਰਨ ਦੇ ਨਹੀਂ ਪੁਰਸ਼ਾਰਥ ਤੋ ਇਲਾਵਾ ਦੂਜਾ ਮਾਰਗ ਨਹੀਂ ਹੈ।
* ਦੁੱਖਾਂ ਦਾ ਖਾਤਮਾ ਕੇਵਲ ਪੁਰਸ਼ਾਰਥ ਨਾਲ ਹੰਦਾ ਹੈ।
* ਜੋ ਵਿਅਕਤੀ ਉਦਯੋਗ ਛੱਡ ਕੇ ਆਪਣੇ ਭਾਗਾਂ ਦੇ ਭਰੋਸੇ ਬੈਠ ਜਾਵੇ, ਉਹ ਅਪਣਾ ਹੀ ਦੁਸ਼ਮਣ ਹੈ।
* ਜੋ ਕੁਬੁੱਧੀ ਲੋਕ ਇਹ ਸਮਝਦੇ ਹਨ ਕਿ ਸਭ ਕੁਝ ਭਾਗਾਂ ਦੇ ਅਧੀਨ ਹੈ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ।
* ਦੈਵ ਕਦੇ ਕੁਝ ਵੀ ਨਹੀਂ ਕਾਰਣ।ਇਹ ਕੇਵਲ ਕਲਪਨਾ ਮਾਤਰ ਹੈ ਕਿ ਦੈਵ ਹੀ ਸਭ ਕੁਝ ਕਾਰਣ ਹੈ।
* ਦੈਵ ਮੂਰਖ ਲੋਕਾਂ ਦੀ ਕਲਪਨਾ ਹੈ। ਬੁੱਧੀਮਾਨ ਲੋਕ ਪੁਰਸ਼ਾਰਥ ਦੁਆਰਾ ਉਨਤੀ ਕਰ ਕੇ ਅੱਛੇ ਪਦ ਪ੍ਰਾਪਤ ਕਰਨੇ ਹਨ।
* ਦੈਵ ਦੀ ਕਲਪਨਾ ਘੱਟ ਬੁੱਧੀ ਵਾਲੇ ਲੋਕਾਂ ਨੂੰ ਦੁੱਖ ਦੇ ਸਮਾਨ ਹੌਸਲਾ (ਆਸਵਾਸਨ) ਦੇਣ ਵਾਲੀ ਹੁੰਦੀ ਹੈ।
* ਮਨੁੱਖ ਨੂੰ ਇਨ੍ਹਾਂ ਪੁਰਸ਼ਾਰਥ ਕਰਨਾ ਚਾਹੀਦਾ ਹੈ ਕਿ ਜਿਸ ਨਾਲ ਪਹਿਲਾ ਕੀਤੇ ਅਸੁਭ ਕਰਮ ਵੀ ਸ਼ਾਂਤ ਹੋ ਜਾਣ।
* ਅਗਰ ਸੰਸਾਰ ਵਿਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੌਣ ਧਨੀ ਅਤੇ ਵਿਦਵਾਨ ਨਾ ਹੁੰਦਾ।
* ਆਪਣੇ ਹੀ ਯਤਨਾਂ ਤੋਂ ਬਿਨ੍ਹਾਂ ਕਦੇ ਵੀ ਹੋਰ ਕੋਈ ਸਾਨੂੰ ਸਿੱਧੀ ਨਹੀਂ ਦੇਣ ਵਾਲਾ ਹੈ।
* ਤਿੰਨਾਂ ਲੋਕਾਂ ਵਿਚ ਅਜਿਹਾ ਕੋਈ ਵੀ ਪਦਾਰਥ ਨਹੀਂ ਹੈ।ਜੋ ਉਦਯੋਗ ਛੱਡ ਕੇ ਪੁਰਸ਼ਾਰਥ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੋਵੇ।

## ਗੁਰਮੁਖੀ ਦੀ ਬੇਟੀ !



ਪੰਜਾਬੀ ਦੇ ਨਾਮਵਰ ਸਾਹਿਤਕਾਰ ਸ੍ਰੀ ਨਿਰੰਜਣ ਬੋਹਾ ਜੀ ਕੁੱਝ ਦਿਨ ਪਹਿਲਾਂ ਪ੍ਰਵਾਰ ਸਮੇਤ ਤਖਤ ਸ੍ਰੀ ਦਮਦਮਾ ਸਾਹਿਬ ਸਾਬ੍ਹੋ ਕੀ ਤਲਵੰਡੀ ਦਰਸ਼ਨਾਂ ਵਾਸਤੇ ਗਏ ਤਾਂ ਦਸਮੇਸ਼ ਪਿਤਾ ਵਲੋਂ ਕਲਮਾਂ ਨੂੰ ਬਖਸ਼ੇ ਹੋਏ ਵਰੁ-

'ਤਿਨ ਕੇ ਕਾਰਨ ਕਲਮ ਗਢ
ਦੇਤ ਪ੍ਰਗਟ ਹਮ ਡਾਰ।
ਸਿੱਖ ਸਖਾ ਇਹ ਪੜ੍ਹੈਂ ਗੇ
ਹਮਰੇ ਕਈ ਹਜਾਰ।' (ਗੁਰ ਵਿਲਾਸ ੧੦)

ਇਸ ਮੌਕੇ ਗੁਰਦੁਆਰਾ ਲਿਖਣ ਸਰ ਵਿਖੇ ਬੋਹਾ ਜੀ ਦੀ ਪੋਤਰੀ ਰਹਿਮਤ ਰਾਵੀ ਵੱਡੇ ਚਾਅ ਨਾ.ਲ ਗੁਰਮੁਖੀ ਦੇ ਖੁਸ਼ਖਤ ਅੱਖਰ ਲਿਖ ਕੇ ਗੁਰੂ ਪਾਤਸ਼ਾਹ ਪਾਸੋਂ ਵਿੱਦਿਆ ਦਾਨ ਦੀ ਪਾਤਰ ਬਣੀ ਹੋਈ ਜਾਪਦੀ ਹੈ !



ਪੇਸ਼ਕਸ਼-
ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਹਵਾ ਪ੍ਰਦੂਸ਼ਣ, ਸਭ ਤੋਂ ਵੱਡਾ ਹਤਿਆਰਾ



ਗੁਰਮੀਤ ਪਲਾਹੀ
91-98158-02070

ਦਿੱਲੀ 'ਚ ਪ੍ਰਦੂਸ਼ਿਤ ਹਵਾ ਨੇ ਸਥਿਤੀ ਗੰਭੀਰ ਬਣਾ ਦਿੱਤੀ ਹੈ। ਦਿੱਲੀ 'ਚ ਹਵਾ ਗੁਣਵੱਤਾ ਅੰਕ 483 'ਤੇ ਪਹੁੰਚ ਗਿਆ। ਦਿੱਲੀ ਸਰਕਾਰ ਨੇ ਪ੍ਰਾਇਮਰੀ ਸਕੂਲ 10 ਨਵੰਬਰ ਤੱਕ ਬੰਦ ਕਰ ਦਿੱਤੇ ਹਨ। ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਦਿੱਲੀ ਦਾ ਨਾਮ ਸ਼ਾਮਲ ਹੋ ਗਿਆ ਹੈ।

ਹਰ ਵਰ੍ਹੇ ਦਿੱਲੀ ਗੈਸ ਚੈਂਬਰ ਬਣਦੀ ਹੈ। ਹਰ ਵਰ੍ਹੇ ਹਾਹਾਕਾਰ ਮੱਚਦੀ ਹੈ। ਹਰ ਵਰ੍ਹੇ ਸਰਕਾਰਾਂ ਹਵਾ ਪ੍ਰਦੂਸ਼ਣ ਰੋਕਣ ਲਈ ਯਤਨ ਕਰਨ ਦਾ ਵਾਇਦਾ ਕਰਦੀਆਂ ਹਨ। ਪਰ ਜਦੋਂ ਪ੍ਰਦੂਸ਼ਣ ਥੋੜ੍ਹਾ ਥੰਮਦਾ ਹੈ, ਮੁੜ ਅਫ਼ਸਰਸ਼ਾਹੀ, ਸਿਆਸਤਦਾਨ ਚੁੱਪ ਕਰ ਜਾਂਦੇ ਹਨ ਅਤੇ ਲੋਕਾਂ ਨੂੰ ਉਹਨਾ ਦੇ ਰਹਿਮੋ-ਕਰਮ 'ਤੇ ਛੱਡ ਦਿੰਦੇ ਹਨ।

ਪਰਾਲੀ ਸਾੜੇ ਜਾਣ ਕਾਰਨ ਪੰਜਾਬ ਦੀ ਹਵਾ 'ਚ ਜ਼ਹਿਰ ਘੁਲ ਗਿਆ ਹੈ ਅਤੇ ਧੁਆਂਖੀ ਧੁੰਦ ਕਾਰਨ ਸਾਹ ਲੈਣਾ ਵੀ ਔਖਾ ਹੈ। ਪੰਜਾਬ 'ਚ ਹਵਾ ਗੁਣਵੱਤਾ ਅੰਕ 375 ਤੱਕ ਦਰਜ ਕੀਤਾ ਗਿਆ। ਮਾਹਿਰਾਂ ਅਤੇ ਡਾਕਟਰਾਂ ਅਨੁਸਾਰ ਕਿਸੇ ਵੀ ਸਿਹਤਮੰਦ ਵਿਅਕਤੀ ਲਈ ਹਵਾ ਗੁਣਵੱਤਾ ਸੂਚਕ ਅੰਕ 50 ਤੋਂ ਘੱਟ ਹੋਣਾ ਚਾਹੀਦਾ ਹੈ।

ਹਵਾ ਪ੍ਰਦੂਸ਼ਣ ਦੇ ਮਾਮਲੇ 'ਤੇ ਸਿਆਸਤ ਵੀ ਗਰਮਾਈ ਹੋਈ ਹੈ। ਦਿੱਲੀ ਵਲੋਂ ਖ਼ਬਰਾਂ ਆ ਰਹੀਆਂ ਹਨ ਕਿ ਪੰਜਾਬ 'ਚ ਵੱਧ ਰਹੀਆਂ ਪਰਾਲੀ ਸਾੜਨ ਦੀਆਂ ਘਟਨਾਵਾਂ ਕਾਰਨ ਦਿੱਲੀ 'ਚ ਪ੍ਰਦੂਸ਼ਣ ਵਧਿਆ ਹੈ, ਹਾਲਾਂਕਿ ਇਸ ਵਰ੍ਹੇ 15 ਸਤੰਬਰ ਤੋਂ 5 ਨਵੰਬਰ ਤੱਕ ਪਰਾਲੀ ਸਾੜਨ ਦੀਆਂ ਜੋ ਘਟਨਾਵਾਂ ਵਾਪਰੀਆਂ, ਉਹ ਪਿਛਲੇ ਸਾਲ ਵਾਪਰੀਆਂ 29400 ਦੀਆਂ ਘਟਨਾਵਾਂ ਤੋਂ 41 ਫ਼ੀਸਦੀ ਘੱਟ ਹਨ। ਪੰਜਾਬ ਸਰਕਾਰ ਦੇ ਅਫ਼ਸਰ ਤੇ ਮਾਹਿਰ ਕਹਿੰਦੇ ਹਨ ਕਿ ਪਿਛਲੇ ਇਕ ਹਫ਼ਤੇ ਤੋਂ ਹਵਾ ਦੀ ਰਫ਼ਤਾਰ 1.1 ਕਿਲੋਮੀਟਰ ਪ੍ਰਤੀ ਘੰਟਾ ਰਹੀ ਹੈ। ਹਵਾ ਦੀ ਇੰਨੀ ਘੱਟ ਰਫ਼ਤਾਰ ਨਾਲ ਪਰਾਲੀ ਦੇ ਕਿਸੇ ਹੋਰ ਸੂਬੇ ਤੱਕ ਪਹੁੰਚਣਾ ਮੁਸ਼ਕਲ ਹੈ। ਪ੍ਰਦੂਸ਼ਣ ਨੂੰ ਦੂਰ ਤੱਕ ਪਹੁੰਚਣ ਲਈ 6 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਦੀ ਲੋੜ ਹੁੰਦੀ ਹੈ। ਮਾਹਿਰ ਇਹ ਵੀ ਕਹਿੰਦੇ ਹਨ ਕਿ ਤਾਪਮਾਨ ਦੀ ਗਿਰਾਵਟ ਅਤੇ ਹਵਾ ਦੀ ਗਤੀ ਦੀ ਕਮੀ ਕਾਰਨ ਪਰਾਲੀ ਦਾ ਪ੍ਰਦੂਸ਼ਣ ਸਿਰਫ਼ ਪੰਜਾਬ 'ਚ ਹੀ ਰਹਿ ਗਿਆ ਹੈ। ਇਸ ਕਰਕੇ ਇਥੋਂ ਦੇ ਸ਼ਹਿਰਾਂ 'ਚ ਹਵਾ ਦੀ ਗੁਣਵੱਤਾ ਬਠਿੰਡਾ 'ਚ 375, ਮੰਡੀ ਗੋਬਿੰਦਗੜ੍ਹ 'ਚ 291 ਅਤੇ ਲੁਧਿਆਣਾ 'ਚ 243 ਦਰਜ ਕੀਤੀ ਗਈ ਹੈ।

ਉਪਰਲੀ, ਹੇਠਲੀ ਸਰਕਾਰ ਦਰਮਿਆਨ ਕਸ਼ਮਕਸ਼ ਜਾਰੀ ਹੈ, ਪਰ ਪੀੜਤ ਲੋਕਾਂ ਲਈ ਰਾਹਤ ਦੇਣ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਆਰਜ਼ੀ ਪ੍ਰਬੰਧ ਜਿਸ ਵਿਚ ਵਾਹਨਾਂ ਨੂੰ ਟਾਂਕ, ਜਿਸਤ ਅਨੁਸਾਰ ਚਲਾਕੇ, ਸਕੂਲ ਬੰਦ ਕਰਕੇ ਡੰਗ ਟਪਾਉਣ ਦਾ ਯਤਨ , ਇਸ ਮੁਸੀਬਤ ਤੋਂ ਨਿਕਲਣ ਦਾ ਰਾਹ ਸ਼ਾਇਦ ਸਰਕਾਰਾਂ ਸਮਝਦੀਆਂ ਹਨ।

ਭਾਰਤ ਵਿਚ ਹਵਾ ਪ੍ਰਦੂਸ਼ਣ ਦਾ ਪੱਧਰ ਵਿਸ਼ਵ ਭਰ 'ਚ ਸਭ ਤੋਂ ਜ਼ਿਆਦਾ ਹੈ। ਇਹ ਪ੍ਰਦੂਸ਼ਣ ਦੇਸ਼ ਦੀ ਸਿਹਤ ਲਈ ਸਭ ਤੋਂ ਵੱਧ ਖਤਰਾ ਹੈ। ਭਾਰਤ ਵਿੱਚ ਲਗਭਗ ਪੂਰੀ ਆਬਾਦੀ ਆਪਣੇ ਚਾਰੇ ਪਾਸਿਆਂ ਤੋਂ ਹਾਨੀਕਾਰਕ ਪੱਧਰ 'ਤੇ ਹੈ ਮੌਜੂਦਾ ਪੀ.ਐਮ. 2.5 ਕਣਾਂ ਦੇ ਸੰਪਰਕ ਵਿੱਚ ਹੈ, ਜੋ ਸਭ ਤੋਂ ਵੱਧ ਖਤਰਨਾਕ ਹਵਾ ਪ੍ਰਦੂਸ਼ਕ ਹੈ ਅਤੇ ਵੱਖੋ-ਵੱਖਰੇ ਸਰੋਤਾਂ ਤੋਂ ਨਿਕਲਕੇ ਹਵਾ ਵਿਚ ਫੈਲ ਰਿਹਾ ਹੈ। ਪਰ ਕੇਂਦਰ ਸਰਕਾਰ ਵਲੋਂ ਇਸ ਪ੍ਰਦੂਸ਼ਣ ਨੂੰ ਰੋਕਣ ਲਈ ਉਪਰਾਲੇ ਨਾਂਹ ਹੋਣ ਬਰਾਬਰ ਹਨ। ਉਂਜ ਜਿੰਨੇ ਵੀ ਯਤਨ ਦੇਸ਼ ਨੂੰ ਸਾਫ਼ ਰੱਖਣ ਤੇ ਪ੍ਰਦੂਸ਼ਣ ਘਟਾਉਣ ਲਈ ਹੋਏ ਹਨ, ਉਹ ਸਿਰਫ ਕਾਗਜ਼ਾਂ 'ਚ ਹੀ ਦਿਸਦੇ ਹਨ। ਜੋ ਕਾਨੂੰਨ ਗੰਦਗੀ, ਪ੍ਰਦੂਸ਼ਣ ਰੋਕਣ ਲਈ ਬਣੇ ਹਨ, ਉਹ ਲਾਗੂ ਨਹੀਂ ਹੋ ਰਹੇ।

ਸਾਲ 2013 ਤੋਂ 2021 ਤੱਕ ਦੁਨੀਆ 'ਚ 59.1 ਫੀਸਦੀ ਤੱਕ ਹਵਾ ਦਾ ਪ੍ਰਦੂਸ਼ਣ ਵਧਿਆ ਹੈ। ਇਸੇ ਲਈ ਹਵਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਦੁਨੀਆ ਭਰ 'ਚ ਵੱਡਾ ਖਤਰਾ ਹੈ। ਇਹ ਖਤਰਾ ਦੁਨੀਆ ਭਰ 'ਚ ਬਰਾਬਰ ਪੱਧਰ 'ਤੇ ਨਹੀਂ ਹੈ। ਬੰਗਲਾ ਦੇਸ਼, ਭਾਰਤ, ਪਾਕਿਸਤਾਨ, ਚੀਨ, ਨਾਈਜੀਰੀਆ ਅਤੇ ਇੰਡੋਨੇਸ਼ੀਆ ਸਭ ਤੋਂ ਵੱਧ ਪ੍ਰਦੂਸ਼ਤ ਦੇਸ਼ ਹਨ। ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ ਜੇਕਰ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਾਂਝੇ ਯਤਨ ਹੋਣ ਤਾਂ ਹਰ ਵਿਅਕਤੀ ਦੀ ਉਮਰ ਔਸਤਨ 23 ਵਰ੍ਹੇ ਵਧ ਸਕਦੀ ਹੈ ਅਤੇ ਕਰੋੜਾਂ ਲੋਕਾਂ ਨੂੰ ਪ੍ਰਤੀ ਸਾਲ ਮੌਤ ਦੇ ਮੂੰਹ ਜਾਣ ਤੋਂ ਰੋਕਿਆ ਜਾ ਸਕਦਾ ਹੈ।

ਅਫਰੀਕਾ ਅਤੇ ਏਸ਼ੀਆ ਖਿਤੇ ਵਿੱਚ ਬੁਨਿਆਦੀ ਢਾਂਚੇ ਦੀ ਘਾਟ ਹੈ। ਇਸੇ ਕਰਕੇ ਇਥੇ ਪ੍ਰਦੂਸ਼ਣ ਵੱਧ ਹੈ। ਹਵਾ ਪ੍ਰਦੂਸ਼ਣ ਰੋਕਣ ਲਈ ਵੀ ਇਸ ਖਿਤੇ 'ਚ ਖ਼ਾਸ ਯਤਨ ਨਹੀਂ ਹੋ ਰਹੇ। ਐਚ.ਆਈ.ਬੀ. ਏਡਜ਼, ਮਲੇਰੀਆ, ਤਪਦਿਕ ਜਿਹੇ ਰੋਗਾਂ ਨੂੰ ਰੋਕਣ ਲਈ ਤਾਂ ਦੁਨੀਆ ਕੋਲ ਵੱਡੇ ਫੰਡ ਹਨ। ਹਰ ਸਾਲ ਚਾਰ ਅਰਬ ਅਮਰੀਕੀ ਡਾਲਰ ਇਹਨਾ ਬੀਮਾਰੀਆਂ ਨੂੰ ਰੋਕਣ ਲਈ ਖਰਚੇ ਜਾਂਦੇ ਹਨ ਪਰ ਹਵਾ ਪ੍ਰਦੂਸ਼ਣ ਰੋਕਣ ਲਈ ਸਿਰਫ਼ ਤਿੰਨ ਅਰਬ ਅਮਰੀਕੀ ਡਾਲਰ ਹੀ ਉਪਲਬੱਧ ਹੁੰਦੇ ਹਨ। ਚੀਨ ਅਤੇ ਭਾਰਤ ਲਈ ਇਹ ਹਿੱਸਾ ਸਿਰਫ਼ 14 ਲੱਖ ਅਮਰੀਕੀ ਡਾਲਰ ਹੈ, ਜਦਕਿ ਯੂਰਪ, ਅਮਰੀਕਾ ਅਤ ਕੈਨੇਡਾ ਲਈ 3.4 ਕਰੋੜ ਅਮਰੀਕੀ ਡਾਲਰ ਉਪਲਬੱਧ ਹੁੰਦੇ ਹਨ।

ਇਹੋ ਕਾਰਨ ਹੈ ਕਿ 2019 ਵਿੱਚ ਦੁਨੀਆ ਭਰ 'ਚ 90 ਲੱਖ ਲੋਕ ਪ੍ਰਦੂਸ਼ਣ ਕਾਰਨ ਆਪਣੀ ਜੀਵਨ ਯਾਤਰਾ ਸਮੇਂ ਤੋਂ ਪਹਿਲਾ ਪੂਰੀ ਕਰ ਗਏ। ਇੰਜ ਹਵਾ ਪ੍ਰਦੂਸ਼ਣ ਕਾਰਨ 6617 ਲੱਖ ਲੋਕਾਂ ਦੀ ਮੌਤ ਹੋਈ, 17 ਲੱਖ ਲੋਕਾਂ ਦੀ ਮੌਤ ਰਸਾਇਣਾਂ ਦੀ ਵਰਤੋਂ ਕਾਰਨ ਹੋਈ। ਇਹਨਾ ਵਿੱਚ ਮੌਤਾਂ ਦੀ ਵੱਡੀ ਗਿਣਤੀ ਦੁਨੀਆ ਦੇ ਦੋ ਵੱਡੀ ਆਬਾਦੀ ਵਾਲੇ ਦੇਸ਼ਾਂ ਚੀਨ ਅਤੇ ਭਾਰਤ ਵਿੱਚ ਦਰਜ ਹੋਈ।

ਦੇਸ਼ ਭਾਰਤ ਦੇ ਹਾਲਾਤ ਤਾਂ ਬਹੁਤ ਮਾੜੇ ਹਨ। ਹਵਾ ਪ੍ਰਦੂਸ਼ਣ ਦੇ ਕਾਰਨ 2019 ਵਿੱਚ 17 ਲੱਖ ਭਾਰਤੀ ਮਰੇ। ਭਾਰਤ ਵਿੱਚ ਕਰੀਬ 67.4 ਫੀਸਦੀ ਆਬਾਦੀ ਉਹਨਾ ਪ੍ਰਦੂਸ਼ਿਤ ਖੇਤਰਾਂ ਵਿੱਚ ਵਸਦੀ ਹੈ, ਜਿਥੇ ਸਲਾਨਾ ਔਸਤ ਦਾ ਪ੍ਰਦੂਸ਼ਣ ਪੱਧਰ ਬਹੁਤ ਜ਼ਿਆਦਾ ਹੁੰਦਾ ਹੈ। ਹਵਾ ਪ੍ਰਦੂਸ਼ਣ ਕਾਰਨ ਦਿਲ ਦੇ ਰੋਗਾਂ ਦੀਆਂ ਬੀਮਾਰੀਆਂ ਭਾਰਤੀਆਂ ਦੀ ਉਮਰ ਘਟਾ ਰਹੀਆਂ ਹਨ। ਬੱਚਿਆਂ ਦੇ ਕੁਪੋਸ਼ਣ ਕਾਰਨ ਲਗਭਗ 4-5 ਸਾਲ ਅਤੇ ਔਰਤਾਂ ਦੇ ਕੁਪੋਸ਼ਣ ਕਾਰਨ ਉਹਨਾਂ ਦੀ ਉਮਰ ਦੇ 1.8 ਸਾਲ ਤੱਕ ਘੱਟ ਹੋਏ ਹਨ।

ਕੰਮ ਦੀ ਭਾਲ ਵਿੱਚ ਪੇਂਡੂ ਖੇਤਰਾਂ ਤੋਂ ਸ਼ਹਿਰਾਂ ਵੱਲ ਲੋਕ ਪ੍ਰਵਾਸ ਕਰਦੇ ਹਨ। ਸ਼ਹਿਰਾਂ 'ਚ ਜਨਸੰਖਿਆ ਵਧਦੀ ਹੈ। ਵੱਧ ਤੋਂ ਵੱਧ ਲੋਕ ਖਾਣਾ ਪਕਾਉਣ ਲਈ ਲੱਕੜ ਅਤੇ ਧੂੰਆਂ ਪੈਦਾ ਕਰਨ ਵਾਲੇ ਹੋਰ ਸਾਧਨਾਂ ਦੀ ਵਰਤੋਂ ਕਰਦੇ ਹਨ। ਇਸ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ। ਉਦਯੋਗ ਧੰਦੇ ਵੀ ਸ਼ਹਿਰਾਂ ਵਿੱਚ ਵਧ ਪ੍ਰਦੂਸ਼ਣ ਵਧਾਉਂਦੇ ਹਨ। ਸ਼ਹਿਰਾਂ ਵਿੱਚ ਹਵਾ ਪ੍ਰਦੂਸ਼ਣ ਵਧਾਉਣ ਦੇ ਕਾਰਕਾਂ ਵਿੱਚ ਟਰੱਕ, ਚਾਰ ਪਹੀਏ ਵਪਾਰਕ ਵਾਹਨ, ਉਦਯੋਗਾਂ ਤੋਂ ਨਿਕਲਣ ਵਾਲੀ ਗੰਦੀ ਹਵਾ ਹੈ। ਇਸ ਕਾਰਨ ਮਰਨ ਵਾਲਿਆਂ ਦੀ ਗਿਣਤੀ 'ਚ 55 ਫੀਸਦੀ ਵਾਧਾ ਵੇਖਣ ਨੂੰ ਮਿਲਿਆ ਹੈ।

"ਦੀ ਲਾਂਸੇਟ" ਦੀ ਇੱਕ ਰਿਪੋਰਟ ਪੜ੍ਹਨ ਵਾਲੀ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਕੁੱਲ ਪ੍ਰਦੂਸਣ ਤੋਂ ਹੋਣ ਵਾਲੀਆਂ ਮੌਤਾਂ ਦੇ ਲਈ ਦੁਨੀਆ ਦੇ ਦਸ ਦੇਸ਼ ਜ਼ਿੰਮੇਵਾਰ ਹਨ। ਇਹ ਦਸ ਦੇਸ਼ ਪੂਰੀ ਤਰ੍ਹਾਂ ਉਦਯੋਗਿਕ ਦੇਸ਼ ਹਨ। ਇਹਨਾ ਦੇਸ਼ਾਂ ਵਿੱਚ ਫਰਾਂਸ, ਜਰਮਨੀ, ਬਰਤਾਨੀਆ, ਇਟਲੀ, ਨੀਦਰਲੈਂਡ, ਸਾਊਥ ਕੋਰੀਆ, ਸਵਿੱਟਜਰਲੈਂਡ, ਅਮਰੀਕਾ, ਜਪਾਨ, ਰੂਸ, ਸ਼ਾਮਲ ਹਨ। ਇਹਨਾ ਦੇਸ਼ਾਂ ਦੇ ਲਿਡ-ਏਸਿਡ ਬੈਟਰੀ ਅਤੇ ਈ-ਕਚਰੇ ਦੇ ਪੂਰਨ ਨਿਰਮਾਣ ਚੱਕਰ ਕਾਰਨ ਜਦੋਂ ਬਹੁਤੇ ਲੋਕ ਇਸਦੇ ਕਿਸੇ ਵੀ ਹਾਲਤ 'ਚ ਸੰਪਰਕ ਵਿੱਚ ਆਉਂਦੇ ਹਨ ਤਾਂ ਮਨੁੱਖੀ ਧਮਣੀਆਂ ਸਖ਼ਤ ਹੋ ਜਾਂਦੀਆਂ ਹਨ। ਦਿਲ ਦੇ ਰੋਗ ਵਧਦੇ ਹਨ। ਦਿਮਾਗੀ ਵਿਕਾਸ ਰੁਕਦਾ ਹੈ। ਦਿਲ ਦੇ ਰੋਗਾਂ ਨਾਲ ਮੌਤ ਹੋ ਜਾਂਦੀ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਇਹ ਦਸ ਵੱਡੇ ਦੇਸ਼ ਖ਼ਾਸ ਕਰਕੇ ਅਮਰੀਕਾ ਪ੍ਰਦੂਸ਼ਣ ਰੋਕਣ ਲਈ ਬਣਾਏ ਫੰਡ ਵਿੱਚ ਕੋਈ ਵੱਡੀ ਰਕਮ ਨਹੀਂ ਦਿੰਦਾ, ਜਿਸ ਨਾਲ ਡਵਲਯੂ.ਐਚ.ਓ। (ਵਿਸ਼ਵ ਸਿਹਤ ਸੰਗਠਨ) ਦੇ ਹਵਾ ਪ੍ਰਦੂਸ਼ਣ ਰੋਕਣ ਵਾਲੇ ਪ੍ਰਾਜੈਕਟਾਂ ਨੂੰ ਸਫਲਤਾਪੂਰਵਕ ਲਾਗੂ ਨਹੀਂ ਕੀਤਾ ਜਾ ਸਕਦਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਹਵਾ ਪ੍ਰਦੂਸ਼ਣ ਦੇ 10 ਕਾਰਕ ਗਿਣੇ ਹਨ, ਜਿਹਨਾ ਵਿੱਚ ਉਦਯੋਗਾਂ ਤੋਂ ਪੈਦਾ ਗੰਦਲੀ ਹਵਾ, ਜੰਗਲਾਂ ਵਿੱਚ ਅੱਗ, ਘਰਾਂ ਅੰਦਰ ਹਵਾ ਪ੍ਰਦੂਸ਼ਣ, ਈਂਧਣ ਦਾ ਅਧੂਰਾ ਜਲਣ, ਵਾਹਨਾਂ ਵਲੋਂ ਪੈਦਾ ਧੂੰਆਂ, ਕਚਰੇ ਦਾ ਖੁੱਲ੍ਹੇ ਵਿੱਚ ਜਾਲਣਾ, ਖੇਤੀ ਸਬੰਧੀ ਗਤੀਵਿਧੀਆਂ, ਰਸਾਇਣ ਅਤੇ ਸਿੰਥੈਟਿਕ ਉਤਪਾਦਾਂ ਦੀ ਵਰਤੋਂ ਆਦਿ ਹਨ। ਇਹ ਪ੍ਰਦੂਸ਼ਣ ਸਾਫ਼ ਹਵਾ ਗੰਦਲੀ ਕਰਦੇ ਹਨ। ਇੰਜ ਹਵਾ ਪ੍ਰਦੂਸ਼ਣ ਨਾਲ ਸਾਹ ਲੈਣ 'ਚ ਤੰਗੀ ਹੁੰਦੀ ਹੈ।



ਹਵਾ ਪ੍ਰਦੂਸ਼ਕਾਂ ਨੂੰ ਅਸੀਂ ਆਪਣੀ ਨੰਗੀ ਅੱਖ ਨਾਲ ਨਹੀਂ ਵੇਖ ਸਕਦੇ, ਇਸ ਲਈ ਸਾਨੂੰ ਵਧਦੇ ਪ੍ਰਦੂਸ਼ਣ ਦੇ ਪੱਧਰ ਦਾ ਅਹਿਸਾਸ ਨਹੀਂ ਹੁੰਦਾ। ਪਰ ਇਹ ਹਵਾ ਪ੍ਰਦੂਸ਼ਕਾਂ ਦੀ ਵਧਦੀ ਸੰਖਿਆ ਤਾਜੀ, ਸਾਫ਼ ਸੁਥਰੀ ਹਵਾ ਵਿੱਚ ਸਾਹ ਲੈਣਾ ਲਗਭਗ ਅਸੰਭਵ ਬਣਾ ਦਿੰਦੀ ਹੈ। ਅੱਜ ਦੇ ਸਮੇਂ ਹਵਾ ਪ੍ਰਦੂਸ਼ਣ ਸਭ ਤੋਂ ਵੱਡਾ ਹਤਿਆਰਾ ਹੈ।

ਦਿੱਲੀ 'ਚ ਵਧ ਰਹੇ ਹਵਾ ਪ੍ਰਦੂਸ਼ਣ ਲਈ ਭਾਵੇਂ ਗੁਆਂਢੀ ਰਾਜਾਂ ਨੂੰ ਦੋਸ਼ ਦਿੱਤਾ ਜਾ ਰਿਹਾ ਹੈ, ਪਰ ਦਿੱਲੀ ਹਰ ਦਿਨ 9500 ਟਨ ਕਚਰਾ ਪੈਦਾ ਕਰਦੀ ਹੈ। ਇਹ ਕਚਰਾ ਖੁੱਲ੍ਹੇਆਮ ਜਲਾਉਣ ਨਾਲ ਹਵਾ ਵਿੱਚ ਬਲੈਕ ਕਾਰਬਨ, ਕਾਲਖ ਆਦਿ ਜਿਹੇ ਪਦਾਰਥ ਪੈਦਾ ਹੁੰਦੇ ਹਨ, ਜਿਹੜੇ ਸਾਹ ਦੀਆਂ ਬੀਮਾਰੀਆਂ, ਦਮਾ, ਦਿਲ ਦੇ ਰੋਗ ਆਦਿ ਪੈਦਾ ਕਰਦੇ ਹਨ। ਦਿੱਲੀ 'ਚ ਕਿਉਂਕਿ ਜਨ ਸੰਖਿਆ ਨਿੱਤ ਪ੍ਰਤੀ ਵਧ ਰਹੀ ਹੈ, ਨਿਰਮਾਣ ਵਧ ਰਿਹਾ ਹੈ। ਨਿਰਮਾਣ ਥਾਵਾਂ ਉਤੇ ਇੱਟਾਂ, ਕੰਕਰੀਟ ਜਿਹੇ ਕੱਚੇ ਮਾਲ ਨਾਲ ਧੂੰਦ, ਬਦਬੂ ਪੈਦਾ ਹੁੰਦੀ ਹੈ ਜਿਹੜੀ ਬੱਚਿਆਂ, ਬਜ਼ੁਰਗਾਂ ਦੀ ਸਿਹਤ ਲਈ ਅਤਿਅੰਤ ਹਾਨੀਕਾਰਕ ਹੈ।

ਦਿੱਲੀ 'ਚ ਵਾਹਨਾਂ ਦੀ ਗਿਣਤੀ 'ਚ ਵਾਧਾ ਪ੍ਰਦੂਸ਼ਣ ਪੈਦਾ ਕਰਦਾ ਹੈ। ਸੜਕਾਂ 'ਤੇ ਕਾਰਾਂ ਦੀ ਗਿਣਤੀ ਵਧ ਰਹੀ ਹੈ। ਜਦੋਂ ਕਾਰ ਗੈਸੋਲੀਨ ਜਲਾਉਂਦੀ ਹੈ ਤਾਂ ਹਵਾ ਵਿੱਚ ਪ੍ਰਦੂਸ਼ਣ ਪੈਦਾ ਕਰਦੀ ਹੈ, ਜੋ ਇੱਕ ਦਿਨ ਵਿੱਚ 10 ਸਿਗਰਟਾਂ ਪੀਣ ਦੇ ਬਰਾਬਰ ਹਾਨੀਕਾਰਕ ਹੈ। ਸਾਡਾ ਵਾਹਨ ਕਾਰਬਨ ਮੋਨੋਆਕਸਾਈਡ, ਹਾਈਡ੍ਰੋਕਾਰਬਨ, ਨਾਈਟ੍ਰੋਜਨ ਆਕਸਾਈਡ, ਪੀ.ਐਮ. 2.5 ਅਤੇ ਪੀ.ਐਮ. 10 (ਪਾਰਟੀਕੁਲੇਟ ਮੈਟਰ) ਪੈਦਾ ਕਰਦਾ ਹੈ।

ਦਿੱਲੀ ਦੀ ਵਧਦੀ ਆਬਾਦੀ, ਇਨਡੋਰ ਪ੍ਰਦੂਸ਼ਣ ਦਾ ਕਾਰਨ ਹੈ। ਕਮਰੇ ਦੇ ਅੰਦਰ ਸਿਗਰਟਨੋਸ਼ੀ, ਰਸੋਈ ਘਰ 'ਚ ਜਾਂ ਕਮਰੇ 'ਚ ਲੱਕੜਾਂ, ਕੋਲੇ ਦਾ ਜਲਣਾ ਹਵਾ ਪ੍ਰਦੂਸ਼ਣ ਦਾ ਕਾਰਨ ਹੈ। ਸਾਲ 2018 ਦੀ ਇੱਕ ਰਿਪੋਰਟ ਅਨੁਸਾਰ ਨਮੋਨੀਆ, ਘਰ ਵਿੱਚ ਹਵਾ ਪ੍ਰਦੂਸ਼ਣ ਨਾਲ ਹੁੰਦਾ ਹੈ, ਜਿਸ ਨਾਲ 27 ਫੀਸਦੀ ਮੌਤਾਂ ਹੁੰਦੀਆਂ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਨਿਮੋਨੀਆ ਕਾਰਨ 45 ਫੀਸਦੀ ਮੌਤਾਂ ਹੁੰਦੀਆਂ ਹਨ।

ਰਿਪੋਰਟ ਕਹਿੰਦੀ ਹੈ ਕਿ 2020 ਵਿੱਚ ਘਰੇਲੂ ਹਵਾ ਪ੍ਰਦੂਸ਼ਣ ਹਰ ਸਾਲ 3.2 ਮਿਲੀਅਨ ਮੌਤਾਂ ਲਈ ਜ਼ੁੰਮੇਵਾਰ ਹੈ, ਇਸ ਨਾਲ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਪੀੜਤ ਹੁੰਦੇ ਹਨ ਅਤੇ ਸਿੱਟੇ ਵਜੋਂ 2,37,000 ਮੌਤਾਂ ਹਰ ਸਾਲ ਹੁੰਦੀਆਂ ਹਨ।

ਇੰਨਾ ਕੁਝ ਭਿਆਨਕ ਹਵਾ ਪ੍ਰਦੂਸ਼ਣ ਕਾਰਨ ਵਾਪਰਦਾ ਹੈ। ਪਰ ਨਾ ਹੀ ਸਮਾਜਿਕ ਤੌਰ 'ਤੇ ਲੋਕਾਂ ਵਿੱਚ ਇਸ ਪ੍ਰਤੀ ਜਾਗਰੂਕਤਾ ਹੈ ਅਤੇ ਨਾ ਹੀ ਸਰਕਾਰਾਂ ਵਿੱਚ।

ਕੀ ਮਨੁੱਖ ਦੁਆਰਾ ਆਪੇ ਫੈਲਾਏ "ਮੌਤ ਦੇ ਜੰਤਰ" ਨੂੰ ਰੋਕਣ ਲਈ ਕੋਈ ਸਰਕਾਰੀ ਇੱਛਾ ਸ਼ਕਤੀ ਹੈ?

ਕੀ ਅਸੀਂ ਪਾਣੀ ਪ੍ਰਦੂਸ਼ਣ ਤੋਂ ਔਖੇ ਜਿਵੇਂ ਪਾਣੀ ਦੀਆਂ ਬੋਤਲਾਂ ਹੱਥਾਂ ਵਿੱਚ ਫੜਕੇ ਘੁੰਮ ਰਹੇ ਹਾਂ, ਉਵੇਂ ਹੀ ਭਵਿੱਖ ਵਿੱਚ ਆਕਸੀਜਨ ਸਿਲੰਡਰ ਨਾਲ ਸਾਹ ਲੈਣ ਲਈ ਇਸ ਨੂੰ ਆਪਣੇ ਨਾਲ ਚੁੱਕੇ ਜਾਣ ਵਾਲੇ ਸਮੇਂ ਦੀ ਉਡੀਕ 'ਚ ਲੱਗੇ ਹਾਂ?

# ਬਿਹਾਰ ਦੀ ਆਰਥਿਕ ਰਿਪੋਰਟ 'ਚ ਹੈਰਾਨ ਕਰਨ ਵਾਲੇ ਖ਼ੁਲਾਸੇ

**ਪਟਨਾ–** ਆਮ ਸ਼੍ਰੇਣੀ ਵਿੱਚ 50 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੋਂ ਵੱਧ ਕਮਾਈ ਕਰਨ ਵਾਲੇ ਪਰਿਵਾਰਾਂ ਵਿੱਚ ਕਾਇਅਸਥ ਜਾਤੀ ਦੇ ਪਰਿਵਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ। ਅੰਕੜਿਆਂ ਅਨੁਸਾਰ ਕਾਇਆਸਥਾਂ ਵਿੱਚ 24।48 ਫੀਸਦੀ ਪਰਿਵਾਰ ਅਜਿਹੇ ਹਨ ਜਿਨ੍ਹਾਂ ਦੀ ਮਹੀਨਾਵਾਰ ਆਮਦਨ 50 ਹਜ਼ਾਰ ਰੁਪਏ ਤੋਂ ਵੱਧ ਹੈ। ਪਰਿਵਾਰਾਂ ਦੀ ਇਹ ਗਿਣਤੀ 41, 853 ਹੈ

ਜਨਰਲ ਕੈਟਾਗਰੀ ਦੀਆਂ ਜਾਤੀਆਂ ਵਿੱਚੋਂ ਭੂਮਿਹਾਰ ਜਾਤੀ 50 ਹਜ਼ਾਰ ਰੁਪਏ ਤੋਂ ਵੱਧ ਮਾਸਿਕ ਆਮਦਨ ਵਾਲੇ ਲੋਕਾਂ ਵਿੱਚ ਦੂਜੇ ਸਥਾਨ 'ਤੇ ਹੈ। ਭੂਮਿਹਾਰਾਂ ਦੀ ਇਹ ਪ੍ਰਤੀਸ਼ਤਤਾ 13.97 ਹੈ। ਅਜਿਹੇ ਪਰਿਵਾਰਾਂ ਦੀ ਗਿਣਤੀ 1,17112 ਹੈ। ਰਾਜਪੂਤ ਜਾਤੀ ਤੀਜੇ ਨੰਬਰ 'ਤੇ ਹੈ। 11.24 ਫੀਸਦੀ ਯਾਨੀ ਇਸ ਜਾਤੀ ਦੇ 1,07,182 ਪਰਿਵਾਰ 50 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੋਂ ਵੱਧ ਕਮਾਉਂਦੇ ਹਨ।

**ਬ੍ਰਾਹਮਣ ਜਾਤੀ ਚੌਥੇ ਸਥਾਨ 'ਤੇ**

ਬ੍ਰਾਹਮਣ ਜਾਤੀ ਚੌਥੇ ਸਥਾਨ 'ਤੇ ਹੈ। 10.57 ਫੀਸਦੀ ਯਾਨੀ ਇਸ ਜਾਤੀ ਦੇ 1,13,805 ਪਰਿਵਾਰ 50 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੋਂ ਵੱਧ ਕਮਾਉਂਦੇ ਹਨ। ਉੱਚ ਜਾਤੀ ਦੇ ਮੁਸਲਮਾਨਾਂ ਵਿਚ ਸਈਅਦ ਵਰਗ ਦੇ 11.84 ਫੀਸਦੀ ਪਰਿਵਾਰ 50 ਹਜ਼ਾਰ ਰੁਪਏ ਪ੍ਰਤੀ ਮਹੀਨਾ, 4.94 ਫੀਸਦੀ ਪਰਿਵਾਰ ਪਠਾਨ ਅਤੇ 2.94 ਫੀਸਦੀ ਸ਼ੇਖ ਪਰਿਵਾਰ ਇਸ ਸ਼੍ਰੇਣੀ ਵਿਚ ਹਨ, ਜਿਨ੍ਹਾਂ ਦੀ ਮਹੀਨਾਵਾਰ ਆਮਦਨ 50 ਹਜ਼ਾਰ ਰੁਪਏ ਤੋਂ ਵੱਧ ਹੈ।



20,000 ਤੋਂ 50,000 ਰੁਪਏ ਪ੍ਰਤੀ ਮਹੀਨਾ ਕਮਾਉਣ ਵਾਲੇ 24.41 ਫੀਸਦੀ ਪਰਿਵਾਰਾਂ ਦੇ ਨਾਲ ਆਮ ਵਰਗ ਵਿੱਚ ਕਾਯਸਥ ਜਾਤੀ ਸਭ ਤੋਂ ਅੱਗੇ ਹੈ। ਇਸ ਦੇ ਨਾਲ ਹੀ ਰਾਜਪੂਤ ਅਤੇ ਭੂਮਿਹਾਰ ਜਾਤੀਆਂ ਲਗਭਗ 19.05 ਅਤੇ 19.06 ਪ੍ਰਤੀਸ਼ਤ ਪਰਿਵਾਰਾਂ ਦੇ ਨਾਲ ਹਨ। ਜਦੋਂ ਕਿ ਬ੍ਰਾਹਮਣ ਜਾਤੀ 18.33 ਫੀਸਦੀ ਨਾਲ ਚੌਥੇ ਸਥਾਨ 'ਤੇ ਹੈ। ਇਸ ਸ਼੍ਰੇਣੀ ਵਿੱਚ ਮੁਸਲਮਾਨਾਂ ਵਿੱਚ ਸਈਅਦ ਪਰਿਵਾਰਾਂ ਦੀ ਗਿਣਤੀ 19.97, ਪਠਾਨ ਪਰਿਵਾਰ 15.17 ਅਤੇ ਸ਼ੇਖ ਪਰਿਵਾਰ 10.80 ਪ੍ਰਤੀਸ਼ਤ ਹਨ।

ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿੱਚ ਸ਼ਾਮਲ ਜਾਤੀਆਂ ਦੀ ਆਰਥਿਕ ਸਥਿਤੀ ਬਾਰੇ ਦੱਸਿਆ ਜਾਂਦਾ ਹੈ ਕਿ 7.80 ਫੀਸਦੀ ਪਰਿਵਾਰ ਕੁਰਮੀ ਅਤੇ ਵੈਸ਼ਿਆ ਵਰਗ ਨਾਲ ਸਬੰਧਤ ਹਨ, ਜਿਨ੍ਹਾਂ ਦੀ ਮਹੀਨਾਵਾਰ ਆਮਦਨ 50 ਹਜ਼ਾਰ ਰੁਪਏ ਤੋਂ ਵੱਧ ਹੈ। ਯਾਦਵਾਂ ਵਿੱਚ ਇਹ ਗਿਣਤੀ 3.20 ਫੀਸਦੀ ਅਤੇ ਕੁਸ਼ਵਾਹਾਂ ਵਿੱਚ 4।30 ਫੀਸਦੀ ਹੈ। ਇਸ ਸ਼੍ਰੇਣੀ ਵਿੱਚ ਵੱਧ ਤੋਂ ਵੱਧ 11.99 ਪ੍ਰਤੀਸ਼ਤ ਆਬਾਦੀ ਭੱਟ, ਬ੍ਰਹਮਭੱਟ ਅਤੇ ਰਾਜਭੱਟ ਜਾਤੀਆਂ ਨਾਲ ਸਬੰਧਤ ਹੈ।

ਮੁਸਲਮਾਨਾਂ ਵਿਚ ਮਲਿਕ 10 ਫੀਸਦੀ ਨਾਲ ਇਸ ਸ਼੍ਰੇਣੀ ਵਿਚ ਹਨ। ਵੈਸ਼ਿਆ ਵਰਗ ਵਿੱਚ ਬਾਣੀਆ, ਸੋਂਧੀ, ਮੋਦਕ, ਰੌਣੀਯਾਰ, ਪੰਸਾਰੀ, ਮੋਦੀ, ਕਸੇਰਾ, ਕੇਸਰਵਾਨੀ, ਥਥੇਰਾ, ਕਲਵਾਰ, ਕਮਲਪੁਰੀ ਵੈਸ਼, ਮਹੂਰੀ ਵੈਸ਼, ਬੰਗੀ ਵੈਸ਼, ਬਰਨਾਵਾਲ, ਅਗ੍ਰਹਿਰੀ ਵੈਸ਼ਯ, ਪੋਦਾਰ ਆਦਿ ਸ਼ਾਮਲ ਹਨ। ਪੱਛੜੀਆਂ ਸ਼੍ਰੇਣੀਆਂ ਮੁਸਲਿਮ ਜਾਤੀਆਂ ਬਾਰੇ ਦੱਸਿਆ ਜਾਂਦਾ ਹੈ ਕਿ ਇਸ ਵਰਗ ਵਿੱਚ ਸਿਰਫ਼ 1.40 ਫੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਦੀ ਮਹੀਨਾਵਾਰ ਆਮਦਨ 50 ਹਜ਼ਾਰ ਰੁਪਏ ਤੋਂ ਵੱਧ ਹੈ।

ਸੁਨਿਆਰ ਜਾਤੀ ਦੇ 4.92 ਫੀਸਦੀ ਲੋਕ ਹਨ ਜਿਨ੍ਹਾਂ ਦੀ ਮਹੀਨਾਵਾਰ ਆਮਦਨ 50 ਹਜ਼ਾਰ ਰੁਪਏ ਤੋਂ ਵੱਧ ਹੈ। ਅਨੁਸੂਚਿਤ ਜਾਤੀਆਂ ਵਿੱਚ 50 ਹਜ਼ਾਰ ਰੁਪਏ ਤੋਂ ਵੱਧ ਦੀ ਮਹੀਨਾਵਾਰ ਆਮਦਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ। ਇਨ੍ਹਾਂ ਵਿੱਚ ਧੋਬੀ ਜਾਤੀ .42 ਫੀਸਦੀ ਨਾਲ ਸਭ ਤੋਂ ਅੱਗੇ ਹੈ। ਪਾਸੀ ਜਾਤੀ 3.43 ਫੀਸਦੀ ਨਾਲ ਦੂਜੇ ਸਥਾਨ 'ਤੇ ਅਤੇ ਦੁਸਾਧ, ਧਾਰੀ ਅਤੇ ਧਾਰਹੀ ਜਾਤੀ 2.13 ਫੀਸਦੀ ਨਾਲ ਤੀਜੇ ਸਥਾਨ 'ਤੇ ਹੈ।

# ਜ਼ੀਰੋ ਤੋਂ ਹੀਰੋ ਬਣੇ ਯੋਧਿਆਂ ਦੀ ਦਾਸਤਾਨ

ਐਸ ਐਲ ਵਿਰਦੀ, ਐਡਵੋਕੇਟ



ਸਾਬਕਾ ਡੀ.ਜੀ.ਪੀ. ਹਰਿਆਣਾ ਹੰਸ ਰਾਜ ਸਵੈਨ, ਆਪਣੀ ਸਵੈ-ਜੀਵਨੀ 'ਹੂ ਰਨਜ਼ ਪੁਲਿਸ?' 'ਚ ਲਿਖਦੇ,''1941 'ਚ ਮੈਂ ਪੰਜਵੀਂ ਕਲਾਸ ਦਾ ਮੁਨੀਟਰ ਸੀ। ਸਾਡਾ ਅੰਗਰੇਜ਼ੀ ਦਾ ਟੀਚਰ ਹਜਾਰਾ ਸਿੰਘ ਲੇਟ ਹੋ ਗਿਆ ਤਾਂ ਲੜਕੇ ਬਾਹਰ ਖੇਡਣ ਲੱਗ ਪਏ। ਮੈਂ ਬਤੌਰ ਮਨੀਟਰ ਉਨ੍ਹਾਂ ਨੂੰ ਅੰਦਰ ਬੈਠਣ ਲਈ ਬਹੁਤ ਕਿਹਾ ਪਰ ਉਹ ਨਾ ਮੰਨੇ। ਕਰੀਬ 20 ਮਿੰਟ ਬਾਅਦ ਟੀਚਰ ਕਲਾਸ ਵਿੱਚ ਆ ਗਿਆ। ਵਿਦਿਆਰਥੀ ਘੱਟ ਹੋਣ ਕਾਰਨ ਮੈਂ 'ਕਲਾਸ ਸਟੈਂਡ' ਕਹਿਣ 'ਚ ਲੇਟ ਹੋ ਗਿਆ। ਟੀਚਰ ਸ਼ਾਇਦ ਕਿਸੇ ਕਾਰਨ ਗੁੱਸੇ ਵਿੱਚ ਸੀ, ਉਹ ਯਕਦਮ ਮੇਰੀ ਮਾਂ, ਭੈਣ ਤੇ ਮੇਰੀ ਜਾਤ ਨੂੰ ਜੋਰ-ਜੋਰ ਨਾਲ ਗਾਲ੍ਹਾਂ ਕੱਢਣ ਲੱਗ ਪਿਆ ਤੇ ਜ਼ੋਰ ਨਾਲ ਮੇਰੇ ਥੱਪੜ ਜੜਨ ਲੱਗ ਪਿਆ। ਉਹ ਮੈਨੂੰ ਓਨਾਂ ਚਿਰ ਮਾਰਦਾ ਰਿਹਾ, ਜਦ ਤੱਕ ਮੈਂ ਫੁੱਟ-ਫੁੱਟ ਕੇ ਰੋਣ ਨਹੀਂ ਲੱਗ ਪਿਆ। ਗੱਲ ਹੈਡਮਾਸਟਰ ਤੱਕ ਪਹੁੰਚੀ ਤਾਂ ਉਸ ਨੇ ਮੈਨੂੰ ਬੁਲਾਇਆ ਤੇ ਕਿਹਾ ਕਿ ਇਹ ਗੱਲ ਘਰਦਿਆਂ ਨੂੰ ਨਾ ਦੱਸੀਂ। ... ਮੇਰੀ ਮਾਂ, ਭੈਣ, ਜਾਤ ਦੇ ਅਪਮਾਨ ਨੇ ਮੇਰੇ ਮਨ ਨੂੰ ਬਹੁਤ ਟੁੰਬਿਆ। ਮੈਂ ਘਰ ਗਿਆ, ਬਸਤਾ ਭੁਆ ਕੇ ਮਾਰਿਆ ਤੇ ਕਿਹਾ, 'ਮੈਂ ਸਕੂਲੇ ਨਹੀਂ ਜਾਣਾ'। (ਸਫਾ-25)

ਉਹ ਲਿਖਦੇ,''ਸਾਡੇ ਅੱਠਵੀਂ ਜਮਾਤ ਦੇ ਪੇਪਰ ਖਾਲਸਾ ਹਾਈ ਸਕੂਲ ਮਾਹਲਪੁਰ 'ਚ ਪੈਣੇ ਸਨ। ਕਲਾਸ ਇੰਚਾਰਜ ਗਿਆਨੀ ਬੰਤਾ ਸਿੰਘ ਸੈਣੀ ਸਾਨੂੰ ਸਨਿੱਚਰਵਾਰ ਨੂੰ ਹੀ ਪਾਲਦੀ ਤੋਂ ਮਾਹਲਪੁਰ ਲੈ ਗਿਆ। ਉਹ ਸਾਨੂੰ ਰਾਤ 10 ਵਜੇ ਇੱਕ ਕਮਰੇ 'ਚ ਬਿਠਾ ਕੇ ਆਪਣੇ ਪਿੰਡ ਹਵੇਲੀ ਚਲਾ ਗਿਆ। ਅਸੀਂ ਸੁੱਤੇ। ਬਤੌਰ ਮਨੀਟਰ ਮੈਂ ਸਾਰੇ ਵਿਦਿਆਰਥੀਆਂ ਨੂੰ ਸਵੇਰੇ 4 ਵਜੇ ਉਠਾ ਕੇ ਪੜ੍ਹਨ ਬਿਠਾ ਦਿੱਤਾ। ਐਤਵਾਰ ਸਵੇਰੇ 6 ਵਜੇ ਗਿਆਨੀ ਜੀ ਵੀ ਆ ਗਏ। ਅਸੀਂ ਰਤਨ ਲਾਲ ਚਪੜਾਸੀ ਨਾਲ ਖੂਹ 'ਤੇ ਨਹਾਉਣ ਚਲੇ ਗਏ। ਰਤਨ ਲਾਲ ਖੂਹ ਵਿੱਚੋਂ ਬਾਲਟੀ ਨਾਲ ਪਾਣੀ ਕੱਢੀ ਜਾ ਰਿਹਾ ਸੀ, ਮੁੰਡੇ ਨਹਾਉਣ ਲੱਗ ਪਏ। ਗਿਆਨੀ ਜੀ ਮੈਨੂੰ ਕਹਿੰਦੇ, ''ਤੂੰ ਬਾਅਦ ਵਿੱਚ ਨਹਾਈ।'' ਅਖੀਰ ਚਪੜਾਸੀ ਨੇ ਖੂਹ 'ਚੋਂ ਪਾਣੀ ਦੀ ਬਾਲਟੀ ਕੱਢੀ ਤੇ ਮੇਰੇ ਸਿਰ 'ਤੇ ਪਾ ਦਿੱਤੀ। ਅੱਧ ਫ਼ਰਬਰੀ ਪਾਣੀ ਠੰਡਾ ਸੀ, ਮੈਂ ਇੱਕਦਮ ਆਪਣੇ ਹੱਥ ਉਪਰ ਉਠਾਏ ਤੇ ਸਿਰ ਮਲਣ ਲੱਗ ਪਿਆ। ਸਧਾਰਨ ਹੀ ਪਾਣੀ ਦੇ ਛਿੱਟੇ ਇਧਰ ਉਧਰ ਮੁੰਡਿਆਂ 'ਤੇ ਪਏ ਤਾਂ ਗਿਆਨੀ ਜੀ ਨੇ ਯਕਦਮ ਗੁੱਸੇ 'ਚ ਭੜਕਦਿਆਂ ਕਿਹਾ,''ਓਹ ਨੀਚ ਮੂਰਖ, ਤੂੰ ਸਾਰਿਆਂ ਨੂੰ ਭਿੱਟ ਦਿੱਤਾ ਹੈ।'' ਠੰਡ ਨਾਲ ਕੰਬਦਾ ਮੈਂ ਕਮਰੇ 'ਚ ਆ ਗਿਆ। ਮੇਰੇ ਸਭ ਦੇ ਸਾਹਮਣੇ ਕੀਤੇ ਅਪਮਾਨ ਪ੍ਰਤੀ ਮੈਂ ਬਹੁਤ ਪ੍ਰੇਸ਼ਾਨ ਸੀ। ਰਤਨ ਲਾਲ ਨੇ ਮੇਰੇ ਨਾਲ ਅਜਿਹਾ ਕਿਉ ਕੀਤਾ? ਜਦ ਕਿ ਉਹ ਵੀ ਪੱਛੜੀ ਜਾਤ ਝਿਊਰ ਸੀ। ਝਿਊਰ ਪੱਛੜੀ ਜਾਤ ਤਾਂ ਹੈ ਪਰ ਛੂਤ ਹੈ। ਜਦ ਕਿ ਮੇਰੀ ਜਾਤ ਨੂੰ ਅਛੂਤ ਗਰਦਾਨਿਆ ਗਿਆ। ਕਿਉ? (ਸਫਾ-31)

ਉਹ ਲਿਖਦੇ,''ਮੈਂ 1950-51 'ਚ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ 'ਚ ਐਫ.ਐਸ.ਸੀ 'ਚ ਪੜ੍ਹਦਾ ਸੀ। ਇੱਕ ਦਲਿਤ ਲੜਕਾ ਵਿਆਹ ਕੇ ਵਹੁਟੀ ਲਿਆਇਆ। ਲੜਕੀ ਬਹੁਤ ਸੁੰਦਰ ਸੀ। ਪਿੰਡ ਦਾ ਇੱਕ ਜ਼ਿੰਮੀਦਾਰ, ਲੰਬੜਦਾਰ ਪੁਲਿਸ ਦਾ ਟਾਊਟ ਸੀ। ਉਸ ਨੇ ਇੱਕ ਮਨਘੜਤ ਕਹਾਣੀ ਘੜਕੇ ਮਾਹਲਪੁਰ ਥਾਣੇ ਦੇ ਐਸ.ਐਚ.ਓ. ਨੂੰ ਭਰਮਾ ਲਿਆ। ਉਸ ਨੇ ਨਵ-ਵਿਆਹੀ ਜੋੜੀ ਨੂੰ ਸੰਮਨ ਭੇਜ ਕੇ ਥਾਣੇ ਬੁਲਾ ਲਿਆ। ਸ਼ਾਮ ਨੂੰ ਥਾਣੇਦਾਰ ਨੇ ਲੜਕੇ ਨੂੰ ਵਾਪਸ ਪਿੰਡ ਭੇਜ ਦਿੱਤਾ। ਬੇਸਹਾਰਾ ਲੜਕੀ ਨੂੰ ਆਪਣੇ ਪਾਸ ਇਹ ਕਹਿਕੇ ਰੱਖ ਲਿਆ ਕਿ ਇਸ ਤੋਂ ਹੋਰ ਪੁੱਛ-ਪੜਤਾਲ ਕਰਨੀ ਹੈ। ਥਾਣੇਦਾਰ ਲੜਕੀ ਨੂੰ ਅਣਪਛਾਣੀ ਜਗ੍ਹਾ 'ਤੇ ਲੈ ਗਿਆ। ਚਾਰ ਦਿਨ ਬਾਅਦ ਸਾਨੂੰ ਇਹ ਘਿਨਾਉਣੀ ਘਟਨਾ ਬਾਰੇ ਕਾਲਜ 'ਚ ਪਤਾ ਚੱਲਿਆ ਤਾਂ ਮੈਂ ਵਿਦਿਆਰਥੀਆਂ ਨੂੰ ਸਾਥ ਲੈ ਹੁਸ਼ਿਆਰਪੁਰ ਡੀ.ਐਸ.ਪੀ. ਨੂੰ ਮਿਲਿਆ। ਉਸ ਕਿਹਾ ਕਿ ਮੈਂ ਕਾਰਵਾਈ ਕਰਦਾਂ। ਅਸੀਂ ਵਾਪਸ ਆ ਗਏ। ਥਾਣੇਦਾਰ ਦਾ ਰਿਸ਼ਤੇਦਾਰ ਐਸ.ਪੀ.ਸੀ. ਸਾਡੇ ਸੰਘਰਸ਼ ਨੂੰ ਐਸ.ਐਚ.ਓ. ਨੇ ਆਪਣਾ ਦੋਹਰਾ ਅਪਮਾਨ ਸਮਝਿਆ। ਇੱਕ ਤਾਂ ਉਹ ਹੈਂਕੜਬਾਜ ਜੱਟ ਸਿੱਖ ਸੀ। ਦੂਜਾ ਅਸੀਂ ਨੀਵੀਂ ਜਾਤ ਦੇ ਸੀ। ਐਸ।ਐਚ।ਓ।ਨੇ ਮੈਨੂੰ ਕਾਲਜ ਵਿੱਚੋਂ ਕਢ-ਾਉਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ। ਮੈਨੂੰ ਬਾਰ-ਬਾਰ ਮਾਰਨ ਦੀਆਂ ਧਮਕੀਆਂ ਦਿੱਤੀਆ। ਮਹੀਨਾ ਬਾਅਦ ਲੜਕੀ ਵਾਪਸ ਪਿੰਡ ਆਈ। ਐਸ.ਐਚ.ਓ. ਦੀ ਬਦਲੀ ਕਰ ਦਿੱਤੀ ਗਈ। ਪਰ ਐਸ.ਐਚ.ਓ. ਚਾਰਜ ਛੱਡਣ ਤੋਂ ਪਹਿਲਾਂ ਪੁਲਿਸ ਰਿਕਾਰਡ ਵਿੱਚ ਮੈਨੂੰ 'ਐਕਸਟਰੀਮਿਸਟ ਰੈਡੀਕਲ' ਲਿਖ ਗਿਆ, ਜੋ ਮੇਰੀ ਸਰਕਾਰੀ ਨੌਕਰੀ 'ਚ ਰੁਕਾਵਟ ਬਣਦਾ ਰਿਹਾ। (ਉਹੀ ਸਫਾ 36-37)

ਖੁਸ਼ੀ ਰਾਮ ਆਈ ਏ ਐਸ ਜੋ ਭਾਰਤ ਸਰਕਾਰ ਦੇ ਮਨਿਸਟਰੀ ਆਫ ਕਾਮਰਸ ਮਹਿਕਮੇਂ 'ਚੋਂ ਬਤੌਰ ਡਿਪਟੀ ਸੈਕਟਰੀ ਰਿਟਾਇਰ ਹੋਏ ਪਿੰਡ ਹੁਸੈਨਾਬਾਦ, ਜ਼ਿਲ੍ਹਾ ਜਲੰਧਰ ਦੇ ਜੰਮਪਲ ਹਨ। ਖੁਸ਼ੀ ਰਾਮ ਆਪਣੀ ਸਵੈ-ਜੀਵਨੀ (ਫਰੌਮ ਸਰਵੀ-ਚਿਊਡ ਟੂ ਫਰੀਡਮ) (ਗੁਲਾਮੀ ਤੋਂ ਆਜ਼ਾਦੀ ਤੱਕ)' ਅੰਗਰੇਜ਼ੀ ਅਤੇ 'ਪ੍ਰਾਧੀਨਤਾ ਤੋਂ ਸਵੈਧੀਨਤਾ ਵਲ੍ਹ' ਪੰਜਾਬੀ ਵਿੱਚ ਲਿਖਦੇ,''ਮੈਂ ਬੀ.ਏ. (ਆਨਰਜ਼) ਪਾਸ ਕਰਕੇ ਜ਼ਿਲ੍ਹਾ ਜਲੰਧਰ ਦੇ ਕਸਬਾ ਸ਼ੰਕਰ ਦੇ ਖਾਲਸਾ ਹਾਈ ਸਕੂਲ, ਵਿੱਚ ਬਤੌਰ ਅਧਿਆਪਕ ਲੱਗ ਗਿਆ। ਇੱਕ ਦਿਨ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ (ਸਰਦਾਰ ਬਹਾਦਰ, ਸਰਦਾਰ ਨਰਿੰਦਰ ਸਿੰਘ) ਨੇ ਮੈਨੂੰ ਆਪਣੇ ਘਰ ਬੁਲਾਇਆ। ਜੋ ਗੱਲਬਾਤ ਹੋਈ ਉਹ ਇਸ ਤਰ੍ਹਾਂ ਹੈ-

ਚੇਅਰਮੈਨ-''ਤੂੰ ਹਰੀਜਨਾਂ ਦਾ ਲੀਡਰ ਬਣਨਾ ਚਾਹੁੰਦਾ?''

ਮੈਂ-'' ਨਹੀਂ ਸਰ ਮੈਨੂੰ ਲੀਡਰ ਬਣਨ ਦਾ ਕੋਈ ਸ਼ੌਕ ਨਹੀਂ।''

ਚੇਅਰਮੈਨ-'' ਹਾਂ ਮੈਂ ਸਮਝ ਗਿਆ, ਤੂੰ ਪਿੰਡਾਂ ਵਿੱਚ ਜਾ ਕੇ ਆਪਣੇ ਲੋਕਾਂ ਤੋਂ ਅੰਦੋਲਨ ਕਰਾਉਣਾ ਚਾਹੁੰਦਾ।''

ਮੈਂ-''ਸਰ ਜਿੱਥੇ ਤੱਕ ਮੇਰਾ ਸਬੰਧ ਹੈ। ਇਹੋ ਜਿਹੀ ਕੋਈ ਗੱਲ ਨਹੀਂ। ਮੈਂ ਤਾਂ ਸਿਰਫ ਉਨ੍ਹਾਂ ਲੋਕਾਂ ਕੋਲ ਜਾਂਦਾ ਹਾਂ ਜੋ ਮੈਨੂੰ ਜਾਣਦੇ ਹਨ। ਮੈਂ ਉਨ੍ਹਾਂ ਨੂੰ ਇਹ ਕਹਿੰਦਾ ਹਾਂ ਕਿ ਵਿਆਹਾਂ ਵਾਲੇ ਪੁਰਾਣੇ ਰੀਤੀ ਰਿਵਾਜਾਂ ਨੂੰ ਛੱਡੋ। ਬੱਚਿਆਂ ਨੂੰ ਪੜ੍ਹਾਓ ਤੇ ਚੰਗੇ ਕਿੱਤੇ ਅਪਨਾਓ।''

ਚੇਅਰਮੈਨ-''ਇਹ ਤਾਂ ਧਰਮ ਦਾ ਕੰਮ ਹੈ। ਇਸ ਦਾ ਮਤਲਵ ਕਿ ਤੂੰ ਸਾਡੇ ਧਰਮ ਤੇ ਰਿਵਾਇਤਾਂ ਨੂੰ ਪਸੰਦ ਨਹੀਂ ਕਰਦਾ।''

ਮੈਂ-''ਸਰ ਮੈਂ ਕਿਸੇ ਧਰਮ ਦੇ ਕਿਲਾਫ਼ ਨਹੀਂ ਹਾਂ, ਪਰ ਧਰਮ ਦੇ ਨਾਂ 'ਤੇ ਕੀਤੀਆਂ ਜਾਂਦੀਆਂ ਗਲਤ ਗੱਲਾਂ ਨੂੰ ਮੈਂ ਪਸੰਦ ਨਹੀਂ ਕਰਦਾ।''

ਚੇਅਰਮੈਨ-''ਇਹ ਤਾਂ ਬਹਾਨਾ। ਤੂੰ ਪਿੰਡ ਵਿੱਚ ਮਜ਼ਦੂਰ ਜਮਾਤ ਨੂੰ ਜ਼ਿੰਮੀਂਦਾਰਾਂ ਦੇ ਖ਼ਿਲਾਫ਼ ਜਥੇਬੰਦ ਕਰਨਾ ਚਾਹੁੰਦਾ।''

ਮੈਂ-''ਇਹੋ ਜਿਹੀ ਕੋਈ ਗੱਲ ਨਹੀਂ, ਮੈਂ ਅਜਿਹੀ ਕੋਈ ਟਰੇਡ ਯੂਨੀਅਨ ਨਹੀਂ ਬਣਾਈ।''

ਚੇਅਰਮੈਨ-''ਬਕਵਾਸ ਨਾ ਕਰ। ਤੂੰ ਉਸ ਹੀ ਦਰਖਤ ਦੀ ਟਾਹਣੀ ਵੱਢ ਰਿਹਾਂ, ਜਿਸ ਉਪਰ ਤੂੰ ਬੈਠਾ ਹੈ। ਤੈਨੂੰ ਪਤਾ ਨਹੀਂ ਇਹ ਸਕੂਲ ਸਿੱਖ ਜ਼ਿੰਮੀਦਾਰਾਂ ਵੱਲੋਂ ਚਲਾਇਆ ਜਾ ਰਿਹਾ। ਤੂੰ ਸਾਡੇ ਸਕੂਲ ਨੂੰ ਛੱਡ ਕਿਉ ਨਹੀਂ ਜਾਂਦਾ?''

ਮੈਂ-''ਸਰ ਮੈਂ ਤਾਂ ਬਹੁਤ ਸਖ਼ਤ ਮਿਹਨਤ ਕਰਕੇ ਪੜ੍ਹਾ ਰਿਹਾਂ ਤੇ ਵਿਦਿਆਰਥੀਆਂ ਨੂੰ ਵਾਧੂ ਸਮਾਂ ਵੀ ਪੜ੍ਹਾਉਦਾ ਹਾਂ। ਇਸ ਨੂੰ ਮੈਂ ਜਾਰੀ ਰੱਖਣਾ ਚਾਹੁੰਦਾ।''

ਚੇਅਰਮੈਨ-'' ਮੇਰੀ ਤੈਨੂੰ ਸਲਾਹ ਹੈ ਕਿ ਤੂੰ ਪਿੰਡਾਂ ਦੇ ਲੋਕਾਂ ਨਾਲ ਗੱਲਬਾਤ ਕਰਨੀ ਬੰਦ ਕਰ ਦੇ।''

ਮੈਂ-''ਸਰ ਮੈਂ ਤਨਖਾਹ ਬਦਲੇ ਆਪਣੀਆਂ ਸੇਵਾਵਾਂ ਦੇ ਰਿਹਾਂ, ਪਰ ਮੈਂ ਆਪਣੀ ਜ਼ਮੀਰ ਨਹੀਂ ਵੇਚ ਸਕਦਾ।''

ਚੇਅਰਮੈਨ-'' ਤੂੰ ਜਾਹ, ਸਾਡੇ ਫੈਸਲੇ ਦਾ ਇੰਤਜਾਰ ਕਰ।'' (ਉਹੀ ਸਫਾ 54-55)

ਮੈਨੂੰ ਉਨ੍ਹਾਂ ਨੌਕਰੀ ਤੋਂ ਬਰਖ਼ਾਸਤੀ ਦਾ ਨੋਟਿਸ ਦੇ ਦਿੱਤਾ। ਤੇ ਮੈਂ ਬੇਰੋਜ਼ਗਾਰ ਹੋ ਗਿਆ। ਮੇਰੇ ਘਰਦੇ ਮੇਰੇ ਨਾਲ ਬਹੁਤ ਗੁੱਸੇ ਹੋਏ ਤੇ ਮੈਂ ਮਹਿਸੂਸ ਕੀਤਾ ਕਿ ਚੰਗੀ ਨੌਕਰੀ ਤੋਂ ਬਿਨਾਂ ਜਿਊਣਾ ਕਿੰਨਾ ਔਖਾ।

ਇਹ ਘਟਨਾ ਮੰਦਭਾਗੀ ਸੀ ਪਰ ਇਹਦਾ ਨਤੀਜਾ ਚੰਗਾ ਨਿਕਲਿਆ। ਕਿਉਕਿ ਜੇ ਉਨ੍ਹਾਂ ਮੈਨੂੰ ਨੌਕਰੀ ਤੋਂ ਕੱਢਿਆ ਨਾ ਹੁੰਦਾ ਤਾਂ ਮੈਂ ਪ੍ਰਭਾਵਸ਼ਾਲੀ ਅਹੁਦੇ ਡਿਪਟੀ ਸੈਕਟਰੀ ਤੱਕ ਨਾਂ ਪਹੁੰਚਦਾ। (ਉਹੀ ਸਫਾ 55)

ਖੁਸ਼ੀ ਰਾਮ ਲਿਖਦੇ,''ਸਾਡੇ ਪਿੰਡ ਇੱਕ ਹੀ ਗੁਰਦੁਵਾਰਾ ਸੀ। ਦਲਿਤ ਲੋਕਾਂ ਨੂੰ ਗੁਰਦੁਵਾਰੇ ਦੇ ਮੇਨ ਹਾਲ 'ਚ ਬੈਠਣ ਨਹੀਂ ਦਿੱਤਾ ਜਾਂਦਾ ਸੀ। ਬਰਾਂਡੇ 'ਚ ਜਿੱਥੇ ਲੋਕ ਜੁੱਤੀਆਂ ਖੋਲ੍ਹਦੇ ਸੀ ਦਲਿਤ ਉਥੇ ਬੈਠਦੇ ਸੀ। ਜਦ ਦਲਿਤ ਗੁਰਦੁਵਾਰੇ ਵਿੱਚ ਹੀ ਨਹੀਂ ਬੈਠ ਸਕਦੇ ਸੀ, ਫਿਰ ਲੰਗਰ ਲਈ ਸੰਗਤ-ਪੰਗਤ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਛੂਆ-ਛਾਤ ਤਾਂ ਇੰਨੀ ਸੀ ਕਿ ਪਿੰਡ ਦੇ ਲੋਕ ਮਰ ਕੇ ਵੀ ਇੱਕ ਸੰਗ ਨਹੀਂ ਸੜ ਸਕਦੇ ਸੀ। ਸ਼ਮਸ਼ਾਨ ਘਾਟ, ਅਲੱਗ ਅਲੱਗ ਸਨ ਤੇ ਅੱਜ ਵੀ ਹਨ। ਪਾਣੀ ਪੀਣ ਲਈ ਖੂਹ ਵੀ ਅਲੱਗ ਅਲੱਗ ਸਨ।''

ਪੰਜਾਬ ਜਾਂ ਸ਼ਾਇਦ ਭਾਰਤ ਹੀ 'ਚ ਬਣੇ ਪਹਿਲੇ ਜਿਲਾ ਤੇ ਸ਼ੈਸ਼ਨ ਜੱਜ ਮਾਨਯੋਗ ਆਈ। ਡੀ। ਪਵਾਰ (ਈਸ਼ਰ ਦਾਸ ਪਵਾਰ) ਆਪਣੀ ਸਵੈ-ਜੀਵਨੀ 'ਮਾਈ ਸਟਰੱਗਲ ਇੰਨ ਲਾਈਫ' 'ਚ ਲਿਖਦੇ ਹਨ, ''ਦੇਸ਼ ਅਜ਼ਾਦ ਹੋਇਆ, ਲੱਖਾਂ ਦਲਿਤ ਪਰਿਵਾਰ ਵੀ ਆਪਣੀਆਂ ਜ਼ਮੀਨਾਂ-ਜਾਇਦਾਦਾਂ ਛੱਡ ਕੇ ਪਾਕਿਸਤਾਨ ਤੋਂ ਭਾਰਤ 'ਚ ਆਏ। ਬਾਕੀਆਂ ਵਾਂਗ ਉਹਨਾਂ ਵੀ ਮੁੜ ਵਸੇਵੇਂ ਲਈ ਘਰ ਤੇ ਜ਼ਮੀਨਾਂ ਦੀ ਮੰਗ ਕੀਤੀ। ਹਿੰਦੂ-ਸਿੱਖਾਂ ਨੇ ਦਲਿਤਾਂ ਨੂੰ ਜ਼ਮੀਨਾਂ ਤੋਂ ਵੰਚਿਤ ਰੱਖਣ ਲਈ ਏਕਾ ਕਰ ਲਿਆ। ਉਹਨਾਂ ਆਪਣੀ ਹੈਂਕੜ ਬਣਾਈ ਰੱਖਣ ਲਈ ਤਿੰਨ ਗੱਲਾਂ 'ਤੇ ਆਪਸੀ ਸਹਿਮਤੀ ਕਰ ਲਈ।

1. ਜੇ ਦਲਿਤਾਂ ਨੂੰ ਜ਼ਮੀਨ ਦਿੱਤੀ ਜਾਂਦੀ ਹੈ ਤਾਂ ਇਹ ਹਿੰਦੂ-ਸਿੱਖਾਂ ਦੀ ਜ਼ਮੀਨ ਵਿੱਚੋਂ ਕੱਢ ਕੇ ਦਿੱਤੀ ਜਾਵੇਗੀ।
2. ਜੇ ਦਲਿਤਾਂ ਨੂੰ ਜ਼ਮੀਨ ਦਿੱਤੀ ਜਾਂਦੀ ਹੈ ਤਾਂ ਉਹ ਜ਼ਿਮੀਦਾਰ ਬਣਨਗੇ ਤੇ ਉਹ ਹਿੰਦੂ-ਸਿੱਖਾਂ ਦੇ ਬਰਾਬਰ ਹੋ ਜਾਣਗੇ।
3. ਪੇਂਡੂ ਆਰਥਿਕਤਾ ਉਲਟ-ਪੁਲਟ ਹੋ ਜਾਵੇਗੀ। ਘਰਾਂ-ਖੇਤਾਂ 'ਚ ਕੰਮ ਕੌਣ ਕਰਨਗੇ?

ਇਸ ਤਰ੍ਹਾਂ ਹਿੰਦੂ-ਸਿੱਖਾਂ ਨੇ ਏਕਾ ਕਰਕੇ ਦਲਿਤਾਂ ਨੂੰ ਦੁਕਾਨਾਂ ਤੋਂ ਰਾਸ਼ਣ ਤੇ ਕੰਮ ਦੇਣਾ ਬੰਦਾ ਕਰ ਦਿਤਾ। ਭੁੱਖੇ ਮਰਦੇ ਦਲਿਤਾਂ ਦੀਆਂ ਘਰ-ਜ਼ਮੀਨ ਦੀਆਂ ਮੰਗਾਂ, ਹਵਾ 'ਚ ਹਵਾਈ ਹੋ ਗਈਆਂ। ਦਲਿਤਾਂ ਨੂੰ ਸ਼ਰੇਆਮ ਧਮਕੀਆਂ ਦਿੱਤੀਆਂ ਗਈਆਂ ਕਿ ਜੇ ਦਲਿਤਾਂ ਘਰ-ਬਾਰ ਤੇ ਜ਼ਮੀਨ ਲਈ ਜ਼ਿੱਦ ਕੀਤੀ ਤਾਂ ਉਹਨਾਂ ਨੂੰ ਵਾਪਿਸ ਪਾਕਿਸਤਾਨ ਧੱਕ ਦਿੱਤਾ ਜਾਵੇਗਾ। ਇਹ ਸੀ ਭਾਰਤ ਨੂੰ ਮਿਲੀ ਅਜ਼ਾਦੀ? ਪਰ ਦਲਿਤਾਂ ਨੂੰ ਨਹੀਂ। ਪੰਜਾਬ ਚੋਂ ਮੁਸਲਮਾਨਾਂ ਦੇ ਜਾਣ ਨਾਲ 52 ਲੱਖ ਏਕੜ ਭੂਮੀ ਖ਼ਾਲੀ ਹੋਈ ਸੀ। (ਸਫ਼ਾ 87)

ਉਸ ਵੇਲੇ ਦੇ ਡਿਵੈਲਪਮੈਂਟ ਮਨਿਸਟਰ ਗਿਆਨੀ ਕਰਤਾਰ ਸਿੰਘ ਨੇ 22 ਜਨਵਰੀ, 1949 ਨੂੰ ਪ੍ਰੈਸ ਕਾਨਫ਼ਰੰਸ ਕਰਕੇ ਦਲਿਤਾਂ ਨੂੰ ਜ਼ਮੀਨ ਦੇਣ ਦੀ ਹਮਾਇਤ ਕਰਦਿਆਂ ਕਿਹਾ ਸੀ ਕਿ 52 ਲੱਖ 'ਚੋਂ 5 ਲੱਖ ਏਕੜ ਜ਼ਮੀਨ ਦਲਿਤਾਂ ਨੂੰ ਦੇਣਾ ਜਾਇਜ਼ ਹੈ ਅਤੇ ਇਹ 10 ਪ੍ਰਤੀਸ਼ਤ ਤੋਂ ਘੱਟ ਹੈ। ਇਸ ਨਾਲ ਦਲਿਤਾਂ ਨੂੰ ਆਸ ਬਣੀ ਸੀ। ਪਰ ਬਾਅਦ 'ਚ ਪੰਜਾਬ ਕੈਬਿਨਟ ਦੀ ਐਮਰਜੈਂਸੀ ਮੀਟਿੰਗ 'ਚ ਇਹ ਕਹਿ ਕੇ ਕਿ ਦਲਿਤਾਂ ਨੂੰ ਇੱਕ ਲੱਖ ਏਕੜ ਪਹਿਲਾਂ ਦਿੱਤੀ ਜਾ ਚੁੱਕੀ ਹੈ ਤੇ 75 ਹਜ਼ਾਰ ਏਕੜ ਦੇ ਦਿੱਤੀ ਜਾਵੇਗੀ, ਕਹਿ ਦਲਿਤਾਂ ਦੀ ਜ਼ਮੀਨ ਦੀ ਮੰਗ ਨੂੰ ਹਵਾ-ਹਵਾਈ ਕਰ ਦਿੱਤਾ। (ਸਫ਼ਾ 89)

ਐਡਵੋਕੇਟ ਐਸ ਐਲ ਵਿਰਦੀ ਆਪਣੀ ਸਵੈ-ਜੀਵਨੀ 'ਮੇਰਾ ਜੀਵਨ ਸੰਗਰਾਮ, ਜਾਤੀ ਅਤੇ ਜਮਾਤੀ ਯੁੱਧ' 'ਚ ਲਿਖਦਾ, ''ਜਿਉ ਹੀ ਮਾ।ਪਰਗਣ ਸਿੰਘ ਕਲਾਸ ਵਿੱਚ ਆਉਦਾ ਤਾਂ ਪਹਿਲਾਂ ਕਲਾਸ ਉੱਤੇ ਰੋਹਬ ਪਾਉਦਾ। ਉਹ ਕਲਾਸ ਦਾ ਕੰਮ ਪਹਿਲਾਂ ਦਲਿਤ ਬੱਚਿਆਂ ਦਾ ਵੇਖਦਾ। ਉਹ ਕਾਪੀ ਘੱਟ ਵੇਖਦਾ ਪਰ ਦਹਿਸ਼ਤ ਜਿਆਦਾ ਫੈਲਾਉਦਾ। ਉਹ ਹਰ ਰੋਜ਼ ਸਭ ਤੋਂ ਪਹਿਲਾਂ ਫੌਜੀ ਦੇ ਮੁੰਡੇ ਨੂੰ ਮੱਲੋ ਮੱਲੀ ਫਟਕਾ ਦਿੰਦਾ, ਫਿਰ ਵਾਲਮੀਕੀ ਗੁਲਵੰਤ ਨੂੰ ਤੇ ਫਿਰ ਮੈਨੂੰ ਫਟਕਾ ਦੇਣਾ। ਉਹ ਇੰਨਾ ਦਹਿਸ਼ਤ ਵਿਚ ਆ ਜਾਂਦਾ ਕਿ ਡਰ ਨਾਲ ਸਾਡਾ ਮਲ-ਮੂਤਰ ਨਿਕਲ ਜਾਣਾ ਤਾਂ ਮਾਸਟਰ ਨੇ ਚਿਤਾਰ ਕੇ ਕਹਿਣਾ,''ਚੁੱਕੋ ਬਸਤੇ, ਸਾਲੇ ਚਮਾਰਾਂ-ਚੂਹੜ੍ਹਿਆਂ ਦੇ ਨਿਆਣੇ ਧੜੀ ਧੜੀ ਸਾਗ ਨਾਲ ਦਸ ਦਸ ਜੁਆਰ ਦੀਆਂ ਰੋਟੀਆਂ ਖਾ ਕੇ ਆ ਜਾਂਦੇ ਐ, ਸਕੂਲ ਵਿੱਚ ਗੰਦ ਪਾਇਆ ਆ। ਇਹ ਸਾਲੇ ਕਿਤੇ ਪੜ੍ਹਨ ਆਉਦੇ ਐ, ਇਹ ਤਾਂ ਵਜ਼ੀਫੇ ਲੈਣ ਆਉਦੇ ਆ'' ਕਹਿ ਦਬਕੇ ਮਾਰ ਮਾਰ ਸਾਨੂੰ ਸਕੂਲ ਵਿਚੋਂ ਕੱਢ ਦੇਣਾ। ਜਦੋਂ ਕਿ ਦਲਿਤਾਂ ਨੂੰ ਪ੍ਰਾਇਮਰੀ ਵਿਚ ਕੋਈ ਵਜ਼ੀਫਾ ਨਹੀਂ ਮਿਲਦਾ ਸੀ।

ਬਾਅਦ 'ਚ ਪਤਾ ਲੱਗਾ ਕਿ ਫੋਜੀ ਦੇ ਮੁੰਡੇ ਨੂੰ ਮਾ. ਪਰਗਣ ਸਿੰਘ ਕਿਉ ਕੁੱਟਦਾ ਸੀ। ਵਜਹਾ ਇਹ ਸੀ, ਫੌਜੀ ਹੁਣੀ ਪਿੰਡ ਵਿੱਚ ਜ਼ਿਮੀਂਦਾਰਾਂ ਦੀ ਈਨ ਨਹੀਂ ਮੰਨਦੇ ਸੀ। ਪਹਿਲਾਂ ਉਹ ਫੌਜ ਵਿੱਚ ਰਹੇ। ਫਿਰ ਉਹਨੀ ਫਗਵਾੜੇ ਸਾਅ ਮਿੱਲ੍ਹ ਲੱਕੜ ਆਰੀਆਂ ਲਾ ਲਈਆਂ। ਉਹ ਜ਼ਿਮੀਂਦਾਰਾਂ 'ਤੇ ਨਿਰਭਰ ਨਹੀਂ ਹੋਏ। ਉਹ ਮੋਟਰ ਸਾਈਕਲ ਰੱਖਦੇ ਸੀ। ਜਦ ਉਹ ਮੋਟਰ ਸਾਈਕਲ 'ਤੇ ਪਿੰਡ ਆਉਦੇ ਤਾਂ ਜ਼ਿਮੀਂਦਾਰਾਂ ਨੂੰ ਇਵੇਂ ਤਕਲੀਫ ਹੋਣੀ ਜਿਵੇਂ ਮੋਟਰ ਸਾਈਕਲ ਉਹਨਾਂ ਦੀ ਛਾਤੀ 'ਤੋਂ ਦੀ ਗੁਜਰਦਾ ਹੋਵੇ। ਜ਼ਿਮੀਂਦਾਰਾਂ ਫੌਜੀ ਨੂੰ ਰੋਕਿਆ ਪਰ ਉਹ ਨਹੀਂ ਰੁਕਿਆ।''

ਵਿਰਦੀ ਲਿੱਖਦਾ, ''ਇਕ ਵਾਰ ਸਕੂਲੇ ਬੀ. ਈ. ਓ। ਨੇ ਇੰਨਕੁਆਰੀ ਕਰਨ ਆਉਣਾ ਸੀ। ਮੇਰੀ ਕਲਾਸ ਸਟੈਂਡ ਕਰਨ ਦੀ ਜੁੰਮੇਵਾਰੀ ਲਾਈ ਗਈ। ਬੀ। ਈ। ਓ। ਸਾਹਿਬ ਆ ਗਏ। ਉਹ ਸਰਦਾਰ ਸਨ। ਜਦ ਉਹ ਸਾਡੀ ਕਲਾਸ ਵਿੱਚ ਆਏ ਤਾਂ ਮੈਂ ਯਕ ਦਮ ਉਠਕੇ ਕਿਹਾ, ''ਸ੍ਰੀ ਮਤੀ ਜੀ'' ਬਾਕੀ ਵਿਦਿਆਰਥੀਆਂ ਕਿਹਾ, ਜੈ ਹਿੰਦ। ਮਾਸਟਰ ਪਰਗਣ ਸਿੰਘ ਨੇ ਪਿਛਿਉ ਦੀ ਮੇਰੀ ਬੱਖੀ ਵਿਚ ਹੁਜ਼ ਮਾਰੀ। ਮੈਂ ਸਮਝ ਨਾ ਸਕਿਆ। ਸਾਰੇ ਵਿਦਿਆਰਥੀ ਬੈਠ ਗਏ। ਬੀ। ਈ। ਓ। ਨੇ ਇਕ ਤੋਂ ਪਹਾੜਾ ਸੁਣਿਆ, ਦੂਜੇ ਤੋਂ ਕਿਤਾਬ ਸੁਣੀ ਤੇ ਅਗਲੀ ਕਲਾਸ ਵਿੱਚ ਚਲੇ ਗਿਆ।

ਜਦ ਬੀ. ਈ. ਓ. ਸਕੂਲੋਂ ਵਾਪਸ ਗਿਆ ਤਾਂ ਮਾ. ਪਰਗਣ ਸਿੰਘ ਫਿਰ ਕਲਾਸ ਵਿੱਚ ਆ ਗਿਆ ਤੇ ਉਸ ਮੈਨੂੰ ਵਾਲਾਂ ਤੋਂ ਫੜ ਥੱਲੇ ਸੁੱਟ ਲਿਆ। ਮੈਨੂੰ ਬੇ ਤਹਾਸ਼ਾ ਕੁੱਟਿਆ ਤੇ ਮੇਰੀ ਢੂਹੀ 'ਚ ਲੱਤਾਂ ਮਾਰੀਆਂ। ਮਾਸਟਰ ਕੁੱਟਦਾ ਕੁੱਟਦਾ ਕਹਿੰਦਾ ਰਿਹਾ, ''ਸਾਲਿਆ! ਮੈਂ ਤੈਨੂੰ ਕਹਾਉਦਾ ਸ੍ਰੀਮਤੀ ਜੀ।'' ਮੈਨੂੰ ਉਸ ਵਕਤ ਗਲ ਫਿਰ ਵੀ ਸਮਝ ਨਹੀਂ ਪੈ ਰਹੀ ਸੀ ਕਿ ਇਹ ਮੈਨੂੰ ਕਿਉ ਕੁੱਟੀ ਜਾ ਰਿਹਾ। ਕਾਲਜ ਜਾ ਕੇ ਪਤਾ ਚੱਲਿਆ ਕਿ ਆਦਮੀਆਂ ਨੂੰ 'ਸ੍ਰੀਮਾਨ ਜੀ' ਕਿਹਾ ਜਾਂਦਾ। ਸ੍ਰੀਮਤੀ ਤਾਂ ਔਰਤਾਂ ਨੂੰ ਕਹਿੰਦੇ ਹਨ। ਪਰ ਮੇਰੀ ਤਾਂ ਉਸ ਵਕਤ ਕਲਾਸ ਇੰਚਾਰਜ ਔਰਤ ਸੀ। ਮੈਂ ਮਨੀਟਰ ਹੋਣ ਨਾਤੇ ਰੋਜ਼ ਸਵੇਰੇ ਭੈਣ ਜੀ ਦੇ ਆਉਣ 'ਤੇ ਸ੍ਰੀਮਤੀ ਜੀ ਬੁਲਾਉਦਾ ਸੀ। ਮੈਨੂੰ 9 ਸਾਲ ਦੇ ਨੂੰ ਕੀ ਪਤਾ ਸੀ। ਸਮਝਾਉਣਾ ਤਾਂ ਟੀਚਰਾਂ ਦਾ ਫਰਜ਼ ਸੀ। ਹੁਣ ਜਦ ਵੀ ਮੇਰੀ ਢੂਹੀ ਦੁੱਖਦੀ ਹੈ ਤਾਂ ਮੇਰੇ ਸਾਹਮਣੇ ਉਸ ਮਾਸਟਰ ਦੀ ਕੁੱਟਦੇ ਦੀ ਤਸਵੀਰ ਆ ਜਾਂਦੀ ਹੈ। ਉਸ ਨੇ ਸਾਡੇ ਤੋਂ ਬਾਅਦ ਵੀ ਬਹੁਤੇ ਦਲਿਤ ਮੁੰਡੇ ਕੁੱਟ ਕੁੱਟਕੇ ਸਕੂਲੋਂ ਭਜਾ ਦਿੱਤੇ ਜੋ ਹੁਣ ਮਜ਼ਦੂਰੀ ਕਰਦੇ ਆ। ਮਾਸਟਰ ਪਰਗਣ ਸਿੰਘ ਦੀ ਦਹਿਸ਼ਤ ਤੇ ਕੁੱਟ ਦੇ ਡਰ ਕਾਰਨ ਮੈਂ ਸਕੂਲ ਜਾਣ ਤੋਂ ਹਰ ਵਕਤ ਘਬਰਾਉਦਾ ਸੀ।''

ਡਾ. ਹਰਮੀਤ ਸਿੰਘ ਅਟਵਾਲ, ਐਸ. ਐਲ. ਵਿਰਦੀ ਦੀ ਸਵੈ-ਜੀਵਨੀ 'ਮੇਰਾ ਜੀਵਨ ਸੰਗਰਾਮ, ਜਾਤੀ ਅਤੇ ਜਮਾਤੀ ਯੁੱਧ' ਦੀ ਸਮੀਖਿਆ 'ਚ ਲਿਖਦਾ, ''ਐਸ. ਐਲ. ਵਿਰਦੀ ਦਾ ਇਹ ਮੰਨਣਾ ਹੈ ਕਿ ਦਲਿਤਾਂ ਦੀ ਸਥਿਤੀ ਹਿੰਦੋਸਤਾਨੀ ਸਮਾਜ ਵਿੱਚ ਜ਼ੀਰੋ ਦੀ ਜ਼ੀਰੋ ਰਹੀ ਹੈ। ਉਹ 'ਜ਼ੀਰੋ ਤੋਂ ਹੀਰੋ-ਆਪਣੀ ਬਾਤ' ਤਹਿਤ ਆਪਣੇ ਬਾਰੇ ਲਿਖਦਾ ਹੈ ਕਿ 'ਮੈਂ' ਅੱਜ ਜ਼ੀਰੋ ਕੁਨਬੇ ਦਾ ਪੋਤਾ, ਜ਼ੀਰੋ ਦਾ ਪੁੱਤਰ, ਜ਼ੀਰੋ ਨਹੀਂ ਹਾਂ। ਮੈਂ ਇੱਕ ਹੀਰੋ-ਨਾਮਵਰ ਵਕੀਲ, ਡਾਕਟਰ, ਸਾਹਿਤਕਾਰ, ਲੇਖਕ ਤੇ ਆਗੂ ਹਾਂ। ਮੇਰੀ ਜੀਵਨ ਸਾਥਣ ਬੰਸੋ ਦੇਵੀ ਲੈਕਚਰਾਰ ਹੈ। ਬੇਟੇ ਮਾਨਵ ਤੇ ਇਨਸਾਨ ਦੋਵੇਂ ਜੱਜ, ਮੈਜਿਸਟਰੇਟ ਹਨ। ਮਾਨਵ ਦੀ ਜੀਵਨ ਸਾਥਣ ਡੇਜ਼ੀ ਤੇ ਇਨਸਾਨ ਦੀ ਜੀਵਨ ਸਾਥਣ ਦੋਵੇਂ ਵੀ ਜੱਜ ਕਮ ਮੈਜਿਸਟਰੇਟ ਹਨ। ਬੇਟੇ ਯੂਨੀਵਰਸਿਟੀ ਟੌਪਰ ਹਨ। ਇਹ ਸਾਡਾ ਹੰਕਾਰ ਨਹੀਂ। ਸੱਚ ਉਗਲ ਰਹੇ ਹਾਂ। ਇਸ ਸੱਚ ਦਾ ਸਿਹਰਾ ਡਾ. ਬਾਬਾ ਸਾਹਿਬ ਅੰਬੇਡਕਰ ਦੇ ਸਿਰ ਬੱਝਦਾ ਹੈ ਜਿਸ ਨੇ ਸਭ ਭਾਰਤੀਆਂ ਸਮੇਤ ਔਰਤ ਨੂੰ ਕੁਦਰਤੀ ਅਧਿਕਾਰ ਹੀ ਨਹੀਂ, ਮਨੁੱਖੀ ਅਧਿਕਾਰ ਵੀ ਲੈ ਕੇ ਦਿੱਤੇ।'' (ਸਫਾ 9)

ਪੰਜਾਬੀ ਵਿੱਚ 'ਦਲਿਤ ਸਾਹਿਤ' ਦੀ ਇੱਕ ਧਾਰਾ ਵਜੋਂ ਪਛਾਣ ਨਵੀਂ ਆਈ ਹੈ। ਪੰਜਾਬੀ ਵਿੱਚ ਦਲਿਤ ਸਾਹਿਤ ਦੀ ਪਛਾਣ ਨੂੰ ਉਭਾਰਨ ਤੇ ਇਸ ਨੂੰ ਇੱਕ ਧਾਰਾ ਵਜੋਂ ਸਥਾਪਤ ਕਰਨ ਦੇ ਯਤਨਸ਼ੀਲ ਵਿਦਵਾਨਾਂ ਵਿੱਚੋਂ ਐਸ. ਐਲ. ਵਿਰਦੀ ਦਾ ਨਾਂ ਪ੍ਰਮੁੱਖ ਹੈ। ਇਹ ਸਵੈ-ਜੀਵਨੀ ਐਸ. ਐਲ. ਵਿਰਦੀ ਦੇ ਬਚਪਨ ਤੋਂ ਹੁਣ ਤੱਕ ਦੇ ਜੀਵਨ ਸੰਘਰਸ਼ਾਂ 'ਤੇ ਪ੍ਰਕਾਸ਼ ਪਾਉਦੀ ਹੈ, ਉਥੇ ਆਮ ਬੰਦੇ ਦੇ ਹੱਕ 'ਚ ਵੀ ਆਵਾਜ਼ ਬੁਲੰਦ ਕਰਦੀ ਹੈ ਉਥੇ ਇਹ ਬਹੁਤ ਸਾਰੀਆਂ ਗਿਆਨ ਦੀਆਂ ਗੱਲਾਂ ਵੀ ਪਾਠਕਾਂ ਨਾਲ ਸਾਂਝੀਆਂ ਕਰਦੀ ਹੈ।

ਡਾ. ਧਰਮ ਚੰਦ ਵਾਤਿਸ਼, ਐਸ. ਐਲ. ਵਿਰਦੀ ਦੀ ਸਵੈਜੀਵਨੀ, 'ਮੇਰਾ ਜੀਵਨ ਸੰਗਰਾਮ, ਜਾਤੀ ਅਤੇ ਜਮਾਤੀ ਯੁੱਧ' ਦੀ ਸਮੀਖਿਆ ਕਰਦਾ ਲਿੱਖਦਾ, ''ਲੇਖਕ-ਐਸ. ਐਲ. ਵਿਰਦੀ ਅੱਤ ਦੀ ਗਰੀਬੀ ਦੇ ਮਾਹੌਲ ਦਾ ਜੰਮਪਲ ਹੈ। ਉਸ ਦੀ ਇਸ ਆਤਮ-ਕਥਾ ਦਾ ਅਧਿਐਨ ਕਰਦਿਆਂ ਪਤਾ ਲੱਗਦਾ ਹੈ ਕਿ ਉਸ ਨੇ ਆਪਣੇ ਵਿਦਿਅਕ, ਸਾਹਿਤਕ, ਆਰਥਿਕ, ਰਾਜਨੀਤਕ ਅਤੇ ਕਨੂੰਨੀ ਅਸਤਿਤਵ ਨੂੰ ਇਸ ਹੱਦ ਤੱਕ ਉਭਾਰਿਆ ਕਿ ਉਸ ਦੀ ਹਮਸਫਰ ਅਤੇ ਬੱਚੇ ਵੀ ਸਮਾਜ ਵਿੱਚ ਸਨਮਾਨਯੋਗ ਸਥਾਨ ਹਾਸਲ ਕਰ ਗਏ। ਉਸ ਦੀ ਸ਼ਖ਼ਸੀਅਤ ਹੱਕ ਅਤੇ ਸੱਚ ਲਈ ਸੰਘਰਸ਼ ਕਰਦੀ ਹੋਈ ਵਿਸ਼ਵ ਪ੍ਰਸਿੱਧੀ ਦੀਆਂ ਸਿਖ਼ਰਾਂ ਨੂੰ ਛੋਹਣ ਲੱਗੀ। ਉਹ 'ਅਣਹੋਇਆਂ ਨੂੰ ਹੋਏ' ਬਣਨ ਲਈ ਪ੍ਰੇਰਨਾ-ਸ੍ਰੋਤ ਸਿੱਧ ਹੋਇਆ।''

ਸੁਪਰੀਮ ਕੋਰਟ ਦੇ ਵਕੀਲ ਭਗਵਾਨ ਦਾਸ ਐਡਵੋਕੇਟ ਆਪਣੀ ਸਵੈ-ਜੀਵਨੀ 'ਮੈਂ ਭੰਗੀ ਹੂੰ' 'ਚ ਲਿਖਦਾ ਹੈ, ''ਮਾਸਟਰ ਥਣੇ ਜੁੱਤੀ ਠੁੱਡਾਂ ਮਾਰਦਾ ਸੀ। ਉਸ ਦੇ ਇਸ ਜਾਤੀ ਪਾਤੀ ਅਤੰਕਵਾਦ ਨੇ 75 ਪ੍ਰੀਸ਼ਤ ਦਲਿਤ ਬੱਚਿਆ ਨੂੰ ਸਕੂਲੋਂ ਦੁੜ੍ਹਾ ਦਿੱਤਾ ਸੀ ਜਿਸ ਕਾਰਨ ਉਹ ਮਜ਼ਦੂਰੀ ਕਰਨ ਯੋਗੇ ਹੀ ਰਹਿ ਗਏ। ਉਹ ਜਦ ਵੀ ਕਿੱਧਰੇ ਮੈਨੂੰ ਮਿਲਦੇ ਹਨ ਤਾਂ ਉਹ ਹੁਣ ਵੀ ਜ਼ਿਮੀਦਾਰ ਮਾਸਟਰ ਨੂੰ ਸਮੇਂ ਸਮੇਂ 'ਤੇ ਕੋਸਦੇ ਰਹਿੰਦੇ ਹਨ।'' ਭਗਵਾਨ ਦਾਸ ਲਿਖਦਾ ਹੈ, ''ਭੰਗੀਆਂ ਦੇ ਬਾਰੇ ਗਾਂਧੀ ਜੀ ਕਹਿੰਦੇ ਸਨ ਕਿ ਭੰਗੀ ਦਾ ਪੇਸ਼ਾ ਬਹੁਤ ਚੰਗਾ ਪੇਸ਼ਾ ਹੈ, ਜੋ ਵਿਅਕਤੀ ਜਿਸ ਵਰਣ 'ਚ ਪੈਦਾ ਹੋਇਆ ਹੈ, ਉਸ ਨੂੰ ਉਹੀ ਕੰਮ ਬਹੁਤ ਇਮਾਨਦਾਰੀ ਨਾਲ ਕਰਨਾ ਚਾਹੀਦਾ ਹੈ। ਜੇ ਉਹ ਇਹ ਕੰਮ ਪੂਰੀ ਇਮਾਨਦਾਰੀ ਨਾਲ ਕਰੇਗਾ, ਉਸ ਦਾ ਅਗਲਾ ਜਨਮ ਕਿਸੇ ਉਚੇ ਵਰਣ 'ਚ ਹੋਵੇਗਾ। ਜੇ ਹੋਰ ਕੋਈ ਕੰਮ ਕਰਨ ਵਾਲਾ ਹੜਤਾਲ ਕਰਦਾ ਹੈ ਤਾਂ ਕੋਈ ਉਜਰ ਨਹੀਂ ਪਰ ਜੇ ਭੰਗੀ ਹੜਤਾਲ ਕਰਦਾ ਹੈ ਤਾਂ ਪਾਪ ਹੋਵੇਗਾ-ਅਰਥਾਤ ਭੰਗੀ ਨੂੰ ਕਦੇ ਵੀ ਆਪਣਾ ਕੰਮ ਬੰਦ ਨਹੀਂ ਕਰਨਾ ਚਾਹੀਦਾ।'' (ਸਫਾ 102-103)

ਉਹ ਲਿਖਦਾ, ''ਕਮਿਊਨਿਸਟਾਂ ਨੇ ਦਲਿਤਾਂ ਦੀ ਸਮੱਸਿਆ ਨੂੰ ਸੰਜੀਦਗੀ ਨਾਲ ਨਹੀਂ ਲਿਆ। ਬਹੁਤ ਦੇਰ ਤੋਂ ਬਾਅਦ ਹੀ ਉਨ੍ਹਾਂ ਦਲਿਤਾਂ ਦੀਆਂ ਸਮੱਸਿਆਵਾਂ ਪ੍ਰਤੀ ਰੁਚੀ ਦਿਖਾਉਣੀ ਸ਼ੁਰੂ ਕੀਤੀ। ਕੇਰਲਾ ਤੇ ਬੰਗਾਲ 'ਚ ਪਾਰਟੀ ਚੋਣਾਂ ਰਾਹੀਂ ਸੱਤਾ 'ਚ ਆ ਗਈ। ਦੋਵਾਂ ਪ੍ਰਾਂਤਾਂ 'ਚ ਜ਼ਮੀਨ ਦੀ ਵੰਡ ਬੇਜ਼ਮੀਨਿਆਂ 'ਚ ਕੀਤੀ ਗਈ, ਪਰ ਹਿੰਦੀ ਭਾਸ਼ਾ ਖੇਤਰਾਂ 'ਚ ਉਹ ਸਫਲ ਨਹੀਂ ਹੋ ਸਕੇ। ਗਾਂਧੀ ਜੀ ਭਾਵੇਂ ਛੂਤ ਛਾਤ ਹਟਾਉਣਾ ਚਾਹੁੰਦੇ ਸਨ, ਪਰ ਉਹ ਵਰਣ ਵਿਵਸਥਾ ਦੇ ਪੱਕੇ ਹਮਾਇਤੀ ਸਨ। ਉਹ ਇਸ ਨੂੰ ਰੱਬੀ ਦੇਣ ਕਹਿੰਦੇ ਸਨ। ਇਹ ਤੱਥ ਸਮਝ ਲੈਣਾ ਚਾਹੀਦਾ ਹੈ ਕਿ ਜਾਤਪਾਤ ਨੂੰ ਖਤਮ ਕਰਨ ਦਾ ਕੰਮ ਸਿਰਫ ਦਲਿਤ ਹੀ ਕਰ ਸਕਦੇ ਹਨ। ਇਸ ਲਈ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਡਾ। ਅੰਬੇਡਕਰ ਦੇ ਦੱਸੇ ਹੋਏ ਮਾਰਗ ਨੂੰ 'ਤੇ ਚੱਲਿਆ ਜਾਵੇ।

(ਬਾਕੀ ਅਗਲੇ ਸਫੇ 'ਤੇ)

# ਅਣਗੌਲ਼ਿਆ ਸ਼ਹੀਦ: ਬਾਬੂ ਹਰਨਾਮ ਸਿੰਘ ਸਾਹਰੀ



ਡਾ. ਜਸਵੰਤ ਰਾਏ ਸਾਹਰੀ
98158-25999

**ਫ਼ਾਂਸੀ ਵਾਲੇ ਦਿਨ 14 ਨਵੰਬਰ 'ਤੇ ਵਿਸ਼ੇਸ਼ (14 ਨਵੰਬਰ, 1916)। ਬਾਬੂ ਹਰਨਾਮ ਸਿੰਘ ਸਾਹਰੀ ਪੰਜਾਬੀ ਭਾਸ਼ਾ ਦਾ ਪਹਿਲਾ ਅੰਤਰਰਾਸ਼ਟਰੀ ਪੱਤਰਕਾਰ ਸੀ ਜਿਸਨੇ 'ਗ਼ਦਰ' ਅਖ਼ਬਾਰ ਤੋਂ ਪਹਿਲਾਂ ਅਮਰੀਕਾ ਵਿੱਚ 1909-10 'ਚ 'ਸਵਦੇਸ਼ ਸੇਵਕ' ਅਖ਼ਬਾਰ ਕੱਢ ਕੇ ਅੰਗਰੇਜ਼ੀ ਸ਼ਾਸਨ ਵਿਰੁਧ ਵਿਦਰੋਹ ਦਾ ਬਿਗਲ ਵਜਾਇਆ ਸੀ।**

ਭਾਰਤ ਦੀ ਧਰਤੀ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਦੇ ਜੂਲ਼ੇ ਤੋਂ ਮੁਕਤ ਕਰਾਉਣ ਲਈ ਸੈਕੜੇ ਦੇਸ਼ ਭਗਤਾਂ ਨੇ ਆਪਣੇ ਪਰਾਣਾਂ ਦੀ ਆਹੂਤੀ ਦਿੱਤੀ। ਬਹੁਤੇ ਹੱਸਦਿਆਂ ਹੱਸਦਿਆਂ ਫ਼ਾਂਸੀਆਂ ਦੇ ਤਖ਼ਤਿਆਂ 'ਤੇ ਝੂਲ ਗਏ। ਕਈ ਕਾਲ਼ੇ ਪਾਣੀ ਦੀਆਂ ਜੇਲ੍ਹਾਂ ਵਿੱਚ ਉਮਰ ਕੈਦ ਦੀ ਸਜ਼ਾ ਭੁਗਤਦਿਆਂ ਕਾਲ਼ ਕੋਠੜੀਆਂ ਵਿੱਚ ਹੀ ਸੁੱਕ ਕੇ ਕਰੰਗ ਬਣ ਗਏ। ਪਰ ਅੰਗਰੇਜ਼ਾਂ ਦੇ ਸਾਹਮਣੇ ਇਹ ਦੇਸ਼ ਭਗਤ ਗਿੜ-ਗਿੜਾਏ ਨਹੀਂ ਸਨ।ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਸਨ ਇਹ ਲੋਕ।

ਇਨ੍ਹਾਂ ਜੁਝਾਰੂਆਂ ਵਿੱਚੋਂ ਹੀ ਇੱਕ ਨਾਂ ਹੈ ਅਣਗੌਲ਼ੇ ਨਾਇਕ ਬਾਬੂ ਹਰਨਾਮ ਸਿੰਘ ਸਾਹਰੀ ਦਾ ਜਿਸਨੇ ਗ਼ਦਰ ਪਾਰਟੀ ਤੋਂ ਪਹਿਲਾਂ ਵਿਦੇਸ਼ੀ ਧਰਤੀ 'ਤੇ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਦੀ ਨੀਂਹ ਰੱਖੀ। ਬਾਬੂ ਹਰਨਾਮ ਸਿੰਘ ਦਾ ਜਨਮ ਸੰਨ 1884 ਈ. ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਾਹਰੀ ਵਿਖੇ ਪਿਤਾ ਸ. ਲਾਭ ਸਿੰਘ ਅਤੇ ਮਾਤਾ ਸ਼੍ਰੀ ਮਤੀ ਚੰਦ ਕੌਰ ਦੀ ਕੁੱਖੋਂ ਹੋਇਆ। ਪਿੰਡ ਸਾਹਰੀ ਹੁਸ਼ਿਆਰਪੁਰ ਤੋਂ ਫਗਵਾੜਾ ਜਾਣ ਵਾਲੀ ਸੜਕ ਦੇ ਲਹਿੰਦੇ ਪਾਸੇ ਹੁਸ਼ਿਆਰਪੁਰ ਤੋਂ 12 ਕਿ-ਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਾਹਰੀ ਨੂੰ ਸੰਤਾਂ ਮਹਾਂਪੁਰਖਾਂ ਦੀ ਨਗਰੀ ਵੀ ਕਿਹਾ ਜਾਂਦਾ ਹੈ। ਪਿੰਡ ਦੀ ਧਾਰਮਿਕ ਅਤੇ ਅਪਣੱਤ ਭਰੀ ਫ਼ਿਜ਼ਾ ਨੇ ਬਾਬੂ ਹਰਨਾਮ ਸਿੰਘ ਦੀ ਸਵੱਸ਼ ਸ਼ਖ਼ਸੀਅਤ ਦੇ ਨਿਰਮਾਣ ਵਿੱਚ ਉਸਾਰੂ ਰੋਲ਼ ਅਦਾ ਕੀਤਾ।ਪਿੰਡ ਵਿੱਚ ਇਹਨਾਂ ਦਾ ਪਰਿਵਾਰ ਸਾਊ ਪਰਿਵਾਰ ਅਖਵਾਉਂਦਾ ਸੀ।ਹਲੀਮੀ, ਨਿਮਰਤਾ ਅਤੇ ਦੂਜਿਆਂ ਦੇ ਹਿੱਤਾਂ ਲਈ ਸਾਜ਼ਗਾਰ ਰਹਿਣਾ ਇਹਨਾਂ ਦੇ ਸੁਭਾਅ ਦੇ ਹਿੱਸੇ ਆਇਆ। ਮੁਢਲੀ ਪੜ੍ਹਾਈ ਬਾਬੂ ਜੀ ਨੇ ਆਪਣੇ ਨਗਰ ਤੋਂ ਹੀ ਪ੍ਰਾਪਤ ਕੀਤੀ ਅਤੇ ਪੜ੍ਹਾਈ ਦੇ ਨਾਲ-ਨਾਲ ਘਰਦਿਆਂ ਨਾਲ ਖੇਤੀ ਬਾੜੀ ਦੇ ਕੰਮਾਂ ਵਿੱਚ ਹੱਥ ਵਟਾਉਣਾ ਸ਼ੁਰੂ ਕੀਤਾ। ਇਨ੍ਹਾਂ ਦੀ ਸ਼ਾਦੀ ਜਲੰਧਰ ਜ਼ਿਲ੍ਹੇ ਦੇ ਪਿੰਡ ਕੋਟਲੀ ਦੀ ਰਾਅ ਕੌਰ ਨਾਲ ਹੋਈ। ਪਰਿਵਾਰ ਦੀ ਆਰਥਿਕਤਾ ਨੂੰ ਖ਼ੁਸ਼ਹਾਲ ਕਰਨ ਦੇ ਮਕਸਦ ਨਾਲ ਉਹ 18 ਸਾਲ ਦੀ ਉਮਰ ਵਿੱਚ ਰਸਾਲੇ ਵਿੱਚ ਭਰਤੀ ਹੋ ਗਏ। ਪਰ ਅਜ਼ਾਦ ਤਬੀਅਤ ਦੇ ਮਾਲਕ ਹੋਣ ਕਰਕੇ ਇੱਥੇ ਜ਼ਿਆਦਾ ਦੇਰ ਟਿਕ ਨਾ ਸਕੇ ਅਤੇ ਛੇਤੀ ਹੀ ਅਸਤੀਫ਼ਾ ਦੇ ਕੇ ਘਰੇ ਪਰਤ ਆਏ।

ਘਰੇ ਆ ਕੇ ਵੀ ਉਨ੍ਹਾਂ ਦਾ ਮਨ ਨਾ ਲੱਗਾ। 1904 ਦੇ ਅਖ਼ੀਰ 'ਤੇ ਉਹ ਹਾਂਗਕਾਂਗ ਚਲੇ ਗਏ ਅਤੇ ਇੱਥੇ ਤਿੰਨ ਸਾਲ ਇਲੈਕਟ੍ਰਿਕ ਟ੍ਰਾਮ ਕੰਪਨੀ ਵਿੱਚ ਸਟੋਰ-ਕੀਪਰੀ ਦੀ ਨੌਕਰੀ ਕੀਤੀ। ਇੱਥੇ ਰਹਿੰਦਿਆਂ ਉਨ੍ਹਾਂ ਦਾ ਮੇਲ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਯਾਤਰੀਆਂ ਨਾਲ ਹੁੰਦਾ ਰਹਿੰਦਾ ਸੀ। ਇਹਨਾਂ ਤੋਂ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਕੈਨੇਡਾ ਅਮਰੀਕਾ ਵਿੱਚ ਕਮਾਈ ਕਾਫ਼ੀ ਹੈ ਅਤੇ ਕੀਤੀ ਹੋਈ ਮਿਹਨਤ ਦਾ ਸਹੀ ਮੁੱਲ ਪੈਂਦਾ ਹੈ। ਉਨ੍ਹਾਂ ਨੇ ਪੈਸੇ ਦਾ ਬੰਦੋਬਸਤ ਕੀਤਾ ਅਤੇ 31 ਅਗਸਤ, 1907 ਨੂੰ ਵਿਕਟੋਰੀਆ ਪਹੁੰਚ ਗਏ। ਇੱਥੇ ਆ ਕੇ ਉਨ੍ਹਾਂ ਪਹਿਲਾਂ ਰੋਜ਼ੀ-ਰੋਟੀ ਦਾ ਪ੍ਰਬੰਧ ਕੀਤਾ ਅਤੇ ਫੇਰ ਲਿੰਕਨ ਹਾਈ ਸਕੂਲ ਤੇ ਯੂਨੀਵਰਸਿਟੀ ਕਾਲਜ ਸਿਆਟਲ 'ਚ ਪੜ੍ਹਾਈ ਕੀਤੀ।

ਪੜ੍ਹਾਈ ਕਰਦਿਆਂ ਉਨ੍ਹਾਂ ਦਾ ਮੇਲ ਜੀ. ਡੀ. ਕੁਮਾਰ ਜਿਹੇ ਸਿਰਕੱਢ ਦੇਸ਼ ਭਗਤ ਨਾਲ ਹੋਇਆ। ਇਸ ਸਮੇਂ ਤੱਕ ਆਲੇ ਦੁਆਲੇ ਦੇ ਮਾਹੌਲ ਦਾ ਚਿੰਤਨ ਕਰਕੇ ਉਨ੍ਹਾਂ ਦੇ ਮਨ ਵਿੱਚ ਅੰਗਰੇਜ਼ੀ ਸਰਕਾਰ ਖਿਲਾਫ਼ ਵਿਰੋਧ ਦੀ ਭਾਵਨਾ ਪਨਪ ਚੁੱਕੀ ਸੀ। ਅਸਲ ਗ਼ੁਲਾਮੀ ਦਾ ਅਹਿਸਾਸ ਉਨ੍ਹਾਂ ਨੂੰ ਇੱਧਰ ਆ ਕੇ ਹੀ ਹੋਇਆ। ਪੈਰ ਪੈਰ 'ਤੇ ਹੁੰਦੇ ਵਿਤਕਰੇ ਨੇ ਉਨ੍ਹਾਂ ਦਾ ਹਿਰਦਾ ਪੱਛ ਸੁਟਿਆ। ਇੱਥੋਂ ਹੀ ਉਨ੍ਹਾਂ ਨੇ ਆਪਣੇ ਪਿਤਾ ਨੂੰ ਇੱਕ ਪੱਤਰ ਲਿਖਿਆ ਕਿ ਪਿਤਾ ਜੀ ਤੁਸੀਂ ਮੇਰੇ ਕੋਲੋਂ ਹੁਣ ਆਪਣੇ ਕੰਮਾਂ ਅਤੇ ਆਰਥਿਕ ਮੱਦਦ ਦੀ ਆਸ ਨਾ ਰੱਖਿਓ। ਮੈਂ ਆਪਣੀ ਜ਼ਿੰਦ ਦੇਸ਼ ਦੇ ਨਾਂ ਗਿਰਵੀ ਕਰ ਦਿੱਤੀ ਹੈ। ਜਦ ਤੱਕ ਮੇਰੇ ਅੰਦਰ ਸਾਹਾਂ ਦੀ ਗਤੀ ਚਲਦੀ ਰਹੇਗੀ ਮੈਂ ਅੰਗਰੇਜ਼ੀ ਹਕੂਮਤ ਖ਼ਿਲਾਫ਼ ਲੜਦੇ ਹੋਏ ਅਜ਼ਾਦੀ ਪ੍ਰਾਪਤੀ ਲਈ ਤੱਤਪਰ ਰਹਾਂਗਾ। ਇਸਤੋਂ ਬਾਅਦ ਉਨ੍ਹਾਂ ਦਾ ਆਪਣੇ ਪਰਿਵਾਰ ਨਾਲ ਕੋਈ ਲਿੰਕ ਨਾ ਰਿਹਾ।

ਜੀ.ਡੀ. ਕੁਮਾਰ ਨਾਲ ਮਿਲ ਕੇ ਬਾਬੂ ਹਰਨਾਮ ਸਿੰਘ ਨੇ ਜਨਵਰੀ 1910 ਈ. ਨੂੰ ਆਪਣੀ ਰਿਹਾਇਸ਼ 1632-ਦੂਜਾ, ਐਵੇਨਿਊ ਵੈਸਟ ਫੇਅਰਵਿਊ ਵੈਨਕੂਵਰ ਤੋਂ 'ਸੁਦੇਸ਼ ਸੇਵਕ' ਨਾਂ ਦਾ ਪਰਚਾ ਸ਼ੁਰੂ ਕੀਤਾ। ਵਿਦੇਸ਼ੀ ਧਰਤੀ ਉਪਰ ਛਪਣ ਵਾਲਾ ਇਹ ਪਹਿਲਾ ਪੰਜਾਬੀ ਪਰਚਾ ਸੀ। ਬਾਬੂ ਜੀ ਇਸ ਪਰਚੇ ਦੇ ਸੰਪਾਦਕ ਵੀ ਸਨ ਤੇ ਸਰਪ੍ਰਸਤ ਵੀ। ਇਸ ਪਰਚੇ ਦੇ ਅੱਠ ਸਫ਼ੇ, ਕੀਮਤ ਦਸ ਸੈਂਟ ਤੇ ਸਾਲ ਦਾ ਚੰਦਾ ਇੱਕ ਡਾਲਰ ਸੀ। ਇਸਦੇ ਪਹਿਲੇ ਸਫ਼ੇ 'ਤੇ ਇੱਕ ਉਰਦੂ-ਨੁਮਾ ਸ਼ੇਅਰ ਗੁਰਮੁਖੀ ਲਿਪੀ ਵਿੱਚ ਅੰਕਿਤ ਹੁੰਦਾ ਸੀ:



ਬਾਬੂ ਹਰਨਾਮ ਸਿੰਘ ਸਾਹਰੀ (ਹੁਸ਼ਿਆਰਪੁਰ)

ਮਰਨਾ ਭਲਾ ਉਸਕਾ ਜੋ ਅਪਨੇ ਲੀਏ ਜੀਏ।
ਜੀਤਾ ਹੈ ਵੋਹ ਜੋ ਮਰ ਚੁਕਾ ਹੈ ਇਨਸਾਨ ਕੇ ਲੀਏ।

ਪਰਚੇ ਵਿੱਚ ਬਾਬੂ ਹਰਨਾਮ ਸਿੰਘ ਬੇਝਿਜਕ ਹੋ ਕੇ ਲਿਖਦੇ ਸਨ ਕਿ ਸਾਨੂੰ ਭਾਰਤੀਆਂ ਨੂੰ ਇੱਥੇ ਖੁੱਲ੍ਹੇ ਤੌਰ 'ਤੇ ਆਉਣ ਦੀ ਆਗਿਆ ਨਹੀਂ ਹੈ। ਜਪਾਨੀਆਂ, ਚੀਨੀਆਂ ਲਈ ਹੋਰ ਕਾਨੂੰਨ ਹਨ ਅਤੇ ਸਾਡੇ ਲਈ ਹੋਰ। ਅਸੀਂ ਹਿੰਦੋਸਤਾਨ ਤੋਂ ਕੈਨੇਡਾ ਸਿੱਧੇ ਨਹੀਂ ਆ ਸਕਦੇ। ਇਸ ਕਰਕੇ ਬਾਇਆ ਹਾਂਗਕਾਂਗ ਆਉਣ ਨਾਲ ਸਾਡਾ ਬਹੁਤ ਸਾਰਾ ਧਨ ਅਤੇ ਸਮਾਂ ਖ਼ਰਾਬ ਹੁੰਦਾ ਹੈ। ਲੋਕਾਂ ਦੇ ਦੁੱਖਾਂ ਦਰਦਾਂ ਨੂੰ ਉਹਨਾਂ ਨੇ ਆਪਣੇ ਪਰਚੇ ਦਾ ਅੰਗ ਬਣਾਇਆ। ਇਹ ਗੱਲ ਉਹਨਾਂ ਸ਼ਿੱਦਤ ਨਾਲ ਮਹਿਸੂਸ ਕਰ ਲਈ ਸੀ ਕਿ ਆਪਣੀ ਗੱਲ ਕਹਿਣ ਅਤੇ ਆਪਣੇ ਦੇਸ਼ ਵਾਸੀਆਂ ਨਾਲ ਰਾਬਤਾ ਕਾਇਮ ਕਰਨ ਲਈ ਮੀਡੀਆ ਕਿੰਨਾ ਜ਼ਰੂਰੀ ਹੈ। ਉਨ੍ਹਾਂ ਆਪਣੀ ਰਿਹਾਇਸ਼ 'ਤੇ ਲੋਕਾਂ ਨੂੰ ਪੜ੍ਹਾਉਣ ਲਈ ਕਲਾਸਾਂ ਸ਼ੁਰੂ ਕੀਤੀਆਂ। ਕਾਰਖਾਨਿਆਂ ਅਤੇ ਹੋਰ ਜਿਨ੍ਹਾਂ ਥਾਵਾਂ 'ਤੇ ਮਜ਼ਦੂਰ ਅਸਾਨੀ ਨਾਲ ਇਕੱਠੇ ਹੋ ਜਾਂਦੇ ਸਨ, ਉਹ ਉੱਥੇ ਜਾ ਕੇ ਉਨ੍ਹਾਂ ਨੂੰ ਲੈਕਚਰ ਦਿੰਦੇ ਸਨ ਅਤੇ ਹੱਕਾਂ ਪ੍ਰਤੀ ਜਾਗ੍ਰਿਤ ਕਰਦੇ ਸਨ। ਵੱਡੇ ਵੱਡੇ ਇਕੱਠਾਂ ਵਿੱਚ ਉਹ ਲੋਕਾਂ ਨੂੰ ਨਸ਼ਿਆਂ ਤੋਂ ਦੂਰ, ਸਾਫ਼ ਸੁਥਰੇ ਰਹਿਣ ਅਤੇ ਇੱਕਜੁਟ ਹੋਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। 'ਸੁਦੇਸ਼ ਸੇਵਕ' ਅਖ਼ਬਾਰ ਵਿੱਚ ਭਾਈ ਬਿਸ਼ਨ ਸਿੰਘ ਦੀ ਕੋਰੜਾ ਛੰਦ ਵਿੱਚ ਛਪੀ ਇੱਕ ਕਵਿਤਾ ਦੀਆਂ ਕੁੱਝ ਸਤਰਾਂ ਦੇਖੋ ਜੋ ਪੜ੍ਹਾਈ ਦੀ ਮਹੱਤਤਾ ਨੂੰ ਦਰਸਾਉਂਦੀਆਂ ਹਨ:

ਸੁਣੋ ਪਿਆਰੇ ਭਾਈ ਕੋਰੜਾ ਮੈਂ ਗਾਂਵਦਾ, ਵਿਦਿਆ ਦਾ ਹਾਲ ਯਾਰੋ ਹਾਂ ਸੁਣਾਵਦਾ।
ਆਖ ਕੇ ਸੁਣਾਵਾ ਇੱਕ ਗੱਲ ਸੱਜਣੋ, ਰੱਖਣਾ ਧਿਆਨ ਇਹਦੀ ਵੱਲ ਸੱਜਣੋ।
ਆਖਦਾ ਹੈ ਦਾਸ ਜੋ ਮੁੱਖੋਂ ਪੁਕਾਰ ਕੇ, ਸਿੱਖ ਲਵੋ ਵਿਦਿਆ ਦਲੀਲ ਧਾਰ ਕੇ।
ਗਿਣਤੀ ਵਿਚ ਇੰਡੀਆ ਬੜਾ ਕਹਾ ਗਿਆ, ਵਿਦਿਆ ਦੇ ਵਿਚ ਯਾਰੋ ਹਾਰ ਖਾ ਗਿਆ।
ਜਰਮਨ ਫਰਾਂਸ.....।

1913 ਈ. ਵਿੱਚ ਬਾਬੂ ਹਰਨਾਮ ਸਿੰਘ ਕੈਨੇਡਾ ਆਉਣ ਵਿੱਚ ਕਾਮਯਾਬ ਹੋ ਗਏ ਅਤੇ ਵਿਕਟੋਰੀਆ ਆ ਕੇ ਰਹਿਣ ਲੱਗੇ।ਬਾਬੂ ਜੀ ਬਹੁਤ ਪੜ੍ਹੇ ਲਿਖੇ ਸਨ। ਉਨਾਂ ਨੂੰ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਚੀਨੀ, ਜਪਾਨੀ ਭਾਸ਼ਾਵਾਂ ਦਾ ਖ਼ਾਸਾ ਗਿਆਨ ਸੀ। ਅੰਗਰੇਜ਼ੀ ਤਾਂ ਉਹ ਪਾਣੀ ਵਾਂਗ ਬੋਲ ਲੈਂਦੇ ਸਨ। ਜ਼ਿਆਦਾ ਪੜ੍ਹੇ ਲਿਖੇ ਹੋਣ ਕਰਕੇ ਹੀ ਇਹਨਾਂ ਦੇ ਨਾਂ ਨਾਲ ਬਾਬੂ ਸ਼ਬਦ ਜੁੜ ਗਿਆ। ਉਹ ਬੋਲਦੇ ਬਹੁਤ ਘੱਟ ਸਨ। ਚੁੱਪ ਰਹਿੰਦੇ ਸਨ।ਪਰ ਮਨ ਵਿੱਚ ਵਿਚਾਰਾਂ ਦੀ ਲੜੀ ਹਮੇਸ਼ਾਂ ਚਲਦੀ ਰਹਿੰਦੀ ਸੀ। ਨਵੰਬਰ 1913 ਨੂੰ ਜਦ ਗ਼ਦਰ ਪਾਰਟੀ ਹੋਂਦ ਵਿੱਚ ਆਈ ਤਾਂ ਉਹ ਇਸਦੇ ਸਰਗਰਮ ਮੈਂਬਰ ਬਣ ਗਏ। 'ਗ਼ਦਰ' ਅਖ਼ਬਾਰ ਵਿੱਚ ਵੀ ਉਨ੍ਹਾਂ ਦੀਆਂ ਲਿਖਤਾਂ ਛਪਦੀਆਂ ਰਹਿੰਦੀਆ ਸਨ।ਅਖ਼ਬਾਰ ਵਿੱਚ ਉਹ ਅੰਗਰੇਜ਼ੀ ਪ੍ਰਸ਼ਾਸਨ ਦੀਆਂ ਵਧੀਕੀਆਂ ਨੂੰ ਕਾਰਟੂਨ ਬਣਾ ਕੇ ਉਜਾਗਰ ਕਰਦੇ ਸਨ।

ਕਾਮਾਗਾਟਾਮਾਰੂ ਦੀ ਘਟਨਾ ਵਾਲੇ ਮੁਸਾਫਿਰਾਂ ਦੀ ਮੱਦਦ ਲਈ ਕੈਨੇਡਾ ਵਿੱਚ ਇੱਕ ਪੰਦਰਾਂ ਮੈਂਬਰੀ 'ਸ਼ੋਅਰ' ਕਮੇਟੀ ਬਣੀ। ਬਾਬੂ ਹਰਨਾਮ ਸਿੰਘ ਵੀ ਇਸ ਕਮੇਟੀ ਦੇ ਮੈਂਬਰ ਸਨ। ਇਹਨਾਂ ਦੇ ਜ਼ਿੰਮੇ ਮੁਸਾਫਿਰਾਂ ਨੂੰ ਖਾਣਾ, ਗ਼ਦਰੀ ਸਾਹਿਤ ਅਤੇ ਹਥਿਆਰ ਪਹੁੰਚ-ਾਉਣ ਦਾ ਕੰਮ ਸੀ।ਬਾਬੂ ਹਰਨਾਮ ਸਿੰਘ 16 ਜੁਲਾਈ, 1914 ਨੂੰ ਆਪਣੇ ਸਾਥੀਆਂ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰ ਸੁਮਾਸ ਚਲੇ ਗਏ।ਪਰ ਬਦਕਿਸਮਤੀ ਨਾਲ ਉਹ ਇੱਥੇ ਆਪਣੇ ਸਾਥੀਆਂ ਭਾਈ ਭਾਗ ਸਿੰਘ, ਬਰਕਤਉਲਾ ਅਤੇ ਭਾਈ ਬਲਵੰਤ ਸਿੰਘ ਨਾਲ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰ ਲਏ ਗਏ। ਬਾਕੀ ਸਾਥੀਆਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ ਪਰ ਉਨ੍ਹਾਂ 'ਤੇ ਹੋਰ ਕਈ ਕਾਨੂੰਨੀ ਧਾਰਾਵਾਂ ਲਾ ਕੇ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਬੰਦ ਦੌਰਾਨ ਸਤੰਬਰ ਦੇ ਦੂਜੇ ਹਫ਼ਤੇ ਉਨ੍ਹਾਂ ਦੀ ਅਮਰੀਕਾ ਵਿਚਲੀ ਰਿਹਾਇਸ਼ 'ਤੇ ਪੁਲਿਸ ਨੇ ਛਾਪਾ ਮਾਰਿਆ। ਉੱਥੋਂ ਮਿਲੀਆਂ ਚਿੱਠੀਆਂ ਤੋਂ ਪਤਾ ਲਗਦਾ ਸੀ ਕਿ ਉਹ ਬੰਬ ਬਣਾਉਣ ਦੀ ਵੀ ਮੁਹਾਰਤ ਰੱਖਦੇ ਸਨ। ਉਨ੍ਹਾਂ 'ਤੇ ਹੋਰ ਸੰਗੀਨ ਜੁਰਮ ਲਾ ਕੇ 26 ਸਤੰਬਰ, 1914 ਨੂੰ ਅਮਰੀਕਾ ਤੋਂ ਡੀਪੋਰਟ ਕਰ ਦਿੱਤਾ ਗਿਆ।ਡੀਪੋਰਟ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਦਾ ਜਹਾਜ਼ ਜਪਾਨ ਦੀ ਬੰਦਰਗਾਹ ਯੋਕੋਹਾਮਾ ਪੁੱਜਾ। ਉਹ ਯੋਕੋਹਾਮਾ ਦੀ ਬੰਦਰਗਾਹ ਤੋਂ ਖਿਸਕ ਗਏ।

14 ਅਕਤੂਬਰ, 1914 ਤੋਂ 2 ਜਨਵਰੀ, 1915 ਤੱਕ ਯੋਕੋਹਾਮਾ ਵਿੱਚ ਹੀ ਰਹੇ। ਇੱਥੇ ਪ੍ਰਸਿੱਧ ਗ਼ਦਰੀ ਯੋਧੇ ਸੋਹਨ ਲਾਲ ਪਾਠਕ ਨੂੰ ਮਿਲੇ ਅਤੇ ਉਸਨੂੰ ਮੁੜ ਬੈਂਕਾਕ ਵਿੱਚ ਮਿਲਣ ਦਾ ਵਾਅਦਾ ਲਿਆ। ਜਪਾਨ ਵਿੱਚ ਹੀ ਉਨ੍ਹਾਂ ਨੇ ਜਪਾਨ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਉਸ ਕੋਲੋਂ ਅੰਗਰੇਜ਼ਾਂ ਦੇ ਖ਼ਿਲਾਫ਼ ਮੱਦਦ ਮੰਗੀ। ਇੱਥੇ ਉਨ੍ਹਾਂ ਬਹੁਤ ਸਾਰੇ ਗ਼ਦਰੀਆਂ ਨਾਲ ਮੇਲ ਮਿਲਾਪ ਕੀਤਾ।

ਗ਼ਦਰ ਪਾਰਟੀ ਦੀ ਸਿਆਮ-ਬਰਮਾ ਪਲੈਨ ਦੀ ਜ਼ਿੰਮੇਵਾਰੀ ਬਾਬੂ ਹਰਨਾਮ ਸਿੰਘ, ਸੋਹਨ ਲਾਲ ਪਾਠਕ ਅਤੇ ਸੰਤੋਖ ਸਿੰਘ ਧਰਦਿਓ ਵਰਗੇ ਗ਼ਦਰੀ ਯੋਧਿਆਂ ਦੇ ਸਿਰ ਸੀ। ਬਾਬੂ ਜੀ ਅਤੇ ਪੰਡਤ ਸੋਹਨ ਲਾਲ ਦੀ ਸਿਦਕ ਦਿਲੀ ਦੇਖੋ, ਇਨ੍ਹਾਂ ਬਰਮਾ ਜਾ ਕੇ ਗ਼ਦਰ ਕਰਨ ਤੋਂ ਪਹਿਲਾਂ ਉੱਥੇ ਬਹਾਦਰ ਸ਼ਾਹ ਜਫਰ ਦੀ ਕਬਰ ਲੱਭੀ ਤੇ ਉਸ ਮੁਹਰੇ ਖੜ੍ਹ ਕੇ ਸਹੁੰ ਖਾਧੀ ਕਿ ਆਪਣੇ ਖ਼ੂਨ ਦੇ ਆਖ਼ਰੀ ਤੁਪਕੇ ਤੱਕ ਉਹ ਹਿੰਦੋਸਤਾਨ ਦੀ ਅਜ਼ਾਦੀ ਲਈ ਜੂਝਣਗੇ।

ਬਰਮਾ ਵਿੱਚ ਉਹਨਾਂ ਮਿੱਥੇ ਪ੍ਰੋਗ੍ਰਾਮ ਤਹਿਤ ਫੌਜੀ ਬੈਰਕਾਂ ਵਿੱਚ ਫੌਜੀਆਂ ਨਾਲ ਸੰਪਰਕ ਕਰਕੇ ਉਹਨਾਂ ਨੂੰ ਆਪਣੇ ਨਾਲ ਜੋੜ ਲਿਆ। ਥਾਹੋਂ ਥਾਈਂ ਆਪਣੇ ਸਾਥੀ ਪਹੁੰਚਾ ਦਿੱਤੇ। ਪਰ ਇਨ੍ਹੀਂ ਦਿਨੀ ਬਾਬੂ ਹੁਰਾਂ ਦਾ ਇੱਕ ਸਾਥੀ ਚਾਲੀਆ ਰਾਮ ਗ਼ਦਰੀ ਸਾਹਿਤ ਲੈ ਕੇ ਆਉਂਦਾ ਫੜਿਆ ਗਿਆ। ਪ੍ਰਸ਼ਾਸਨ ਨੂੰ ਇਨ੍ਹਾਂ ਦੇ ਗੁਪਤ ਮਿਸ਼ਨ ਦੀ ਸੂਹ ਮਿਲ ਗਈ। ਸਾਥੀਆਂ ਦੀ ਫੜੋ ਫੜੀ ਸ਼ੁਰੂ ਹੋ ਗਈ। ਇਨ੍ਹਾਂ ਨੇ ਬਰਮਾ ਦੀ ਇੱਕ ਬੈਰਕ 'ਤੇ ਕਬਜ਼ਾ ਵੀ ਕਰ ਲਿਆ ਸੀ ਪਰ ਸਾਥੀਆਂ ਦੀ ਤਾਦਾਦ ਅਤੇ ਲੋੜੀਂਦਾ ਗੋਲੀ ਸਿੱਕਾ ਨਾ ਹੋਣ ਕਰਕੇ ਸਫ਼ਲਤਾ ਹੱਥ ਨਾ ਲੱਗੀ।

ਮਾੜਾ ਸਮਾਂ ਭਾਂਪ ਕੇ ਬਾਬੂ ਹਰਨਾਮ ਸਿੰਘ ਨੇ ਆਪਣੇ ਸਾਥੀਆਂ ਨੂੰ ਦੂਰ ਪਰੇ ਲੁਕ ਛੁਪ ਜਾਣ ਲਈ ਕਹਿ ਦਿੱਤਾ। ਆਪ ਵੀ ਉਹ ਰੰਗੂਨ ਤੋਂ ਤਾਂ ਬਚ ਕੇ ਨਿਕਲ ਗਏ ਪਰ ਬਰਮਾ ਵਾਲੇ ਪਾਸੇ ਮਾਆਵਡੀ ਦੇ ਕੋਲ ਫੜੇ ਗਏ। ਬਾਬੂ ਜੀ ਨੂੰ ਮੌਲਮੀਨ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਇਸ ਜੇਲ੍ਹ ਵਿੱਚ ਹੋਰ ਵੀ ਬਹੁਤ ਸਾਰੇ ਗ਼ਦਰੀ ਸਨ। ਬਾਬੂ ਹਰਨਾਮ ਸਿੰਘ 1 ਸਤੰਬਰ, 1915 ਨੂੰ ਆਪਣੇ ਦੋ ਸਾਥੀਆਂ ਨਾਲ ਜੇਲ੍ਹ ਦੀਆਂ ਸੀਖਾਂ ਕੱਟ ਕੇ ਭੱਜ ਨਿਕਲੇ। ਮੌਲਮੀਨ ਦਰਿਆ ਕਿਸ਼ਤੀ ਰਾਹੀਂ ਪਾਰ ਕਰਦੇ ਸਮੇਂ ਉਨ੍ਹਾਂ ਨੂੰ ਪੁਲਿਸ ਦਾ ਘੇਰਾ ਪੈ ਗਿਆ। ਪੁਲਿਸ ਨੇ ਗ੍ਰਿਫ਼ਤਾਰ ਕਰਕੇ ਮੁੜ ਮੌਲ਼ਮੀਨ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ।

ਬਰਮਾ ਵਿਖੇ ਬਾਬੂ ਹਰਨਾਮ ਸਿੰਘ ਸਮੇਤ 17 ਗ਼ਦਰੀਆਂ 'ਤੇ 'ਫਸਟ ਬਰਮਾ ਕਾਂਸਪੀਰੇਸੀ ਕੇਸ' ਨਾਂ ਦਾ ਮੁਕੱਦਮਾ ਚਲਾਇਆ ਗਿਆ ਜੋ ਲਾਹੌਰ ਸਾਜਿਸ਼ ਕੇਸ ਦਾ ਹੀ ਦੂਜਾ ਰੂਪ ਸੀ। ਇਨ੍ਹਾਂ ਉਪਰ ਦੋਸ਼ ਲਾਏ ਗਏ ਕਿ ਇਨ੍ਹਾਂ ਨੇ ਬਾਦਸ਼ਾਹ ਸਲਾਮਤ ਦੇ ਉਲਟ ਸਾਜਿਸ਼ ਘੜ ਕੇ ਫੌਜਾਂ ਨੂੰ ਬਾਗ਼ੀ ਹੋਣ ਲਈ ਉਕਸਾਇਆ ਹੈ, ਬ੍ਰਿਟਸ਼ ਸਰਕਾਰ ਦਾ ਤਖ਼ਤਾ ਪਲਟਾਉਣ ਲਈ ਹਥਿਆਰਾਂ ਦੀ ਵਰਤੋਂ ਕੀਤੀ ਹੈ ਅਤੇ ਬਾਦਸ਼ਾਹ ਸਲਾਮਤ ਦੀ ਆਗਿਆਕਾਰ ਰਿਆਸਤ ਵਿੱਚ ਬੇਦਿਲੀ ਫ਼ੈਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਕੇਸ ਵਿੱਚ 90 ਗਵਾਹੀਆਂ ਭੁਗਤੀਆਂ।ਚਾਰ ਜਣਿਆਂ ਨੂੰ ਪੁਖ਼ਤਾ ਸਬੂਤ ਨਾ ਹੋਣ ਕਾਰਨ ਛੱਡ ਦਿੱਤਾ ਗਿਆ। ਨਵਾਬ ਸਿੰਘ ਅਤੇ ਜੋਧ ਸਿੰਘ ਵਰਗੇ ਗ਼ਦਾਰਾਂ ਦੇ ਬਿਆਨਾਂ ਦੇ ਅਧਾਰ 'ਤੇ ਬਾਬੂ ਹਰਨਾਮ ਸਿੰਘ ਸਮੇਤ ਸੱਤ ਦੇਸ਼ ਭਗਤਾਂ ਨੂੰ ਫ਼ਾਂਸੀ ਅਤੇ ਛੇਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਫ਼ਾਂਸੀ ਦੀ ਸਜ਼ਾ ਸੁਣ ਕੇ ਬਾਬੂ ਹਰਨਾਮ ਸਿੰਘ ਦਾ ਚਿਹਰਾ ਹੋਰ ਦਗਣ ਲੱਗ ਪਿਆ।ਉਹ ਜੇਲ੍ਹ ਵਿੱਚ ਅਕਸਰ ਦੇਸ਼ ਭਗਤੀ ਦੇ ਗੀਤ ਗਾਉਂਦੇ ਰਹਿੰਦੇ ਸਨ।ਸਾਹਰੀ ਪਿੰਡ ਦਾ ਇਹ ਮਾਣਮੱਤਾ ਨਾਇਕ ਵਿਦੇਸ਼ੀ ਧਰਤੀ 'ਤੇ ਸੁਤੰਤਰਤਾ ਦੀ ਜੰਗ ਲੜਦਿਆਂ 14 ਨਵੰਬਰ, 1916 ਨੂੰ ਫ਼ਾਂਸੀ ਦਾ ਰੱਸਾ ਚੁੰਮ ਕੇ ਸ਼ਹਾਦਤ ਦਾ ਜਾਮ ਪੀ ਗਿਆ ਅਤੇ ਉਸੇ ਮਿੱਟੀ ਵਿੱਚ ਰਮ ਕੇ ਲੋਕ ਨਾਇਕ ਬਣ ਗਿਆ ਜਿਸ ਮਿੱਟੀ ਵਿੱਚ ਬਹਾਦਰ ਸ਼ਾਹ ਜਫਰ ਰਮਿਆ ਸੀ।

# ਜ਼ੀਰੋ ਤੋਂ ਹੀਰੋ ਬਣੇ ਯੋਧਿਆਂ ਦੀ ਦਾਸਤਾਨ

**(ਸਫਾ 24 ਦੀ ਬਾਕੀ)**

ਭਗਵਾਨ ਦਾਸ ਲਿੱਖਦੇ, ''ਮੈਂ ਸੁਪਰੀਮ ਕੋਰਟ 'ਚ 1978 ਤੋਂ ਕੰਮ ਕਰ ਰਿਹਾ ਹਾਂ। ਹਾਈ ਕੋਰਟ 'ਚ ਵੀ ਦੂਸਰੇ ਵਕੀਲਾਂ ਦੀ ਤਰ੍ਹਾਂ ਕੇਸ ਲੈਂਦਾ ਹਾਂ। ਜਿੱਥੋਂ ਤੱਕ ਦਲਿਤਾਂ ਦੇ ਕੇਸਾਂ ਦੀ ਗੱਲ ਹੈ, ਉਹ ਥੱਲੇ ਦੀਆਂ ਅਦਾਲਤਾਂ 'ਚ ਹੀ ਖਤਮ ਹੋ ਜਾਂਦੇ ਹਨ। ਬਹੁਤ ਘੱਟ ਕੇਸ ਹਾਈਕੋਰਟਾਂ ਤੱਕ ਪੁੱਜਦੇ ਹਨ। ਮੈਂ ਹਾਈਕੋਰਟ ਤੇ ਸੁਪਰੀਮ ਕੋਰਟ 'ਚ ਦੇਖਿਆ ਹੈ ਕਿ ਕੁਝ ਹੀ ਜੱਜ ਹਨ, ਜੋ ਕਮਜ਼ੋਰ ਵਰਗ ਤੇ ਦਲਿਤਾਂ ਦੇ ਕੇਸਾਂ ਨੂੰ ਹਮਦਰਦੀ ਨਾਲ ਦੇਖਦੇ ਹਨ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਤੇ ਉਨ੍ਹਾਂ ਦੇ ਪ੍ਰਤੀ ਉਨ੍ਹਾਂ ਦੇ ਵਿਰੋਧੀਆਂ ਦਾ ਜਾਤੀਗਤ ਨਜ਼ਰੀਆ ਧਿਆਨ 'ਚ ਰੱਖ ਕੇ ਫੈਸਲੇ ਕਰਦੇ ਹਨ। ਕਈ ਅਜਿਹੇ ਜੱਜ ਵੀ ਹਨ, ਜਿਨ੍ਹਾਂ ਦੇ ਦਿਮਾਗਾਂ 'ਚ ਦਲਿਤ ਵਰਗਾਂ ਪ੍ਰਤੀ ਘ੍ਰਿਣਾ ਭਰਿਆ ਵਿਰੋਧੀ ਰਵੱਈਆ ਹਾਵੀ ਹੁੰਦਾ ਹੈ।''

ਉਹ ਲਿਖਦਾ, ''ਭਾਰਤ ਵਿੱਚ ਇਨਸਾਫ ਬਹੁਤ ਮਹਿੰਗਾ ਹੈ। ਦਲਿਤ ਤੇ ਗਰੀਬ ਲੋਕ ਆਪਣੀ ਗਰੀਬੀ ਕਾਰਨ ਚੰਗੇ ਵਕੀਲਾਂ ਦੀਆਂ ਸੇਵਾਵਾਂ ਪ੍ਰਾਪਤ ਨਹੀਂ ਕਰ ਸਕਦੇ, ਜਦ ਕਿ ਉਨ੍ਹਾਂ ਦੇ ਵਿਰੋਧੀ ਚੰਗੇ ਤੋਂ ਚੰਗੇ ਵਕੀਲਾਂ ਦੀ ਰਾਇ ਲੈਣ 'ਚ ਸਮਰੱਥ ਹੁੰਦੇ ਹਨ। ਦਲਿਤ ਤੇ ਕਮਜ਼ੋਰ ਵਰਗ ਦੀ ਸਹਾਇਤਾ ਦੇ ਲਈ (ਲੀਗਲ ਏਡ ਸੋਸਾਇਟੀ) ਬਣਾਉਣ ਦੀ ਜ਼ਰੂਰਤ ਹੈ, ਨਹੀਂ ਤਾਂ ਕਿਹਾ ਜਾਵੇਗਾ ਕਿ ਭਾਰਤ ਦਾ ਇਨਸਾਫ ਭਾਰੀਆਂ ਜੇਬਾਂ ਵਾਲਿਆਂ ਦੀ ਹੀ ਜਗੀਰ ਹੈ।'' ''ਜੋ ਲੇਖਕ ਲੋਕਰਾਜ ਦੇ ਨਾਂਮ ਉੱਪਰ ਉੱਚੀ-ਉੱਚੀ ਰੌਲਾ ਪਾਉਦੇ ਹਨ, ਸਰਕਾਰੀ ਮਸ਼ੀਨਰੀ ਦਾ ਖੁੱਲ੍ਹਮ-ਖੁੱਲ੍ਹਾ ਇਸਤੇਮਾਲ ਕਰਦੇ ਹਨ ਤਾਂ ਜੋ ਕਿ ਉਹ ਆਰਾਮ ਵਿੱਚ ਰਹਿ ਸਕਣ ਅਸੀਂ ਤਾਂ ਇਸ ਦੇਸ਼ ਦੇ ਨਾਗਕਿਤ ਹੀ ਨਹੀ ਹਾਂ। ਹਜ਼ਾਰਾਂ ਸਾਲਾਂ ਤੋਂ, ਇਹ ਵਿੱਚਾਰੇ ਲਾਚਾਰ ਲੋਕ ਦੱਬੇ ਚੱਲੇ ਆ ਰਹੇ ਹਨ ਇਨ੍ਹਾਂ 'ਚੋਂ ਕਿੰਨੇ ਹੀ ਪ੍ਰਤਿਭਾਵਾਨ ਲੋਕ ਕਦੇ ਧੋਖਾ ਅਤੇ ਕਦੇ ਮੱਕਾਰੀ ਦਾ ਸ਼ਿਕਾਰ ਹੋਏ ਤੇ ਖ਼ਤਮ ਕਰ ਦਿੱਤੇ ਗਏ, ਜਿਸਦਾ ਕੋਈ ਹਿਸਾਬ ਹੀ ਨਹੀ ਹੈ।'' (ਸਫਾ 102-103) ਜਾਤੀ ਪੀੜ ਨੂੰ ਦਲਿਤ ਲੇਖਕ ਜਾਣਦਾ ਹੈ ਉਸਨੇ ਇਸ ਦੇ ਵਾਰ ਆਪਣੀ ਚਮੜੀ ਵਿਚ ਝੱਲੇ ਹਨ। ਜਿਨ੍ਹਾਂ ਜਿਸਮ ਨੂੰ ਬਾਹਰੋਂ ਹੀ ਜਖ਼ਮੀ ਨਹੀ ਕੀਤਾ ਸਗੋਂ ਅੰਦਰੋਂ ਵੀ ਜਖ਼ਮੀ ਕੀਤਾ ਹੈ। ਸਮੱਸਿਆ ਤੋਂ ਮੁੱਖ ਮੋੜਨਾਂ ਉਨ੍ਹਾਂ ਨੂੰ ਅਸਾਨ ਲੱਗਦਾ ਹੈ ਜਦੋਂ ਕਿ ਸੱਚਾਈ ਇਹ ਹੈ ਕਿ ਬਦਲਾਅ ਮੁੱਖ ਮੋੜਨ ਨਾਲ ਨਹੀ ਸੰਘਰਸ਼ ਨਾਲ ਆਵੇਗਾ। ਜੋ ਆਪਣੀ ਪਹਿਚਾਨ ਨੂੰ ਛੁਪਾ ਕੇ ਆਮ ਧਾਰਾ ਵਿਚ ਸ਼ਾਮਲ ਹੋ ਰਹੇ ਹਨ। ਇਸ ਤਰ੍ਹਾਂ ਸਮੱਸਿਆ ਦਾ ਖਾਤਮਾਂ ਹੋਣ ਵਾਲਾ ਨਹੀ ਹੈ। ਅਸਲ 'ਚ ਉਹ ਪੱਛੜਿਆਂ ਦੇ ਹਰ ਤਰ੍ਹਾਂ ਦੇ ਲਾਭ ਲੈ ਕੇ ਵੀ ਉਹ ਪੱਛੜੇ ਸਮਾਜ ਦੀ ਮੁੱਕਤੀ ਦੇ ਸੰਘਰਸ਼ ਵਿਚ ਸ਼ਾਮਲ ਹੋਣਾ ਨਹੀ ਚਾਹੁੰਦੇ ਅਜਿਹੇ ਥੋੜੇ ਜਿਹੇ ਲੋਕ ਮੋਕਾ ਪ੍ਰਸਤ ਹੁੰਦੇ ਹਨ। ਜਿਹੜੇ ਆਪਣੇ ਫ਼ਰਜਾਂ ਨੂੰ ਨਹੀ ਸਮਝਦੇ। ਮੁਖਧਾਰਾ ਜਾਂ ਸਰਵਜਨ ਵਿੱਚ ਸ਼ਾਮਿਲ ਹੋਣ ਦੀ ਉਨ੍ਹਾਂ ਦੀ ਇਹ ਕੋਸ਼ਿਸ਼ ਉਨ੍ਹਾਂ ਨੂੰ ਕਦੇ ਵੀ ਮਾਣ-ਸਮਾਨ ਨਹੀ ਦਿਵਾ ਸਕਦੀ। ਉਹ ਆਪਣੀ ਪਛਾਣ ਨੂੰ ਛੁਪਾ ਕੇ ਦਲਿਤ ਅੰਦੋਲਨ ਨੂੰ ਹੋਰ ਵੀ ਸੰਕਟ ਵਿਚ ਪਾ ਰਹੇ ਹਨ। ਉਹਨਾਂ ਦੇ ਅਜਿਹਾ ਕਰਨ ਨਾਲ ਸਾਰਾ ਦਲਿਤ ਸ਼ੋਸ਼ਿਤ ਅੰਦੋਲਨ ਪ੍ਰਭਾਵਿਤ ਹੋ ਸਕਦਾ ਹੈ। ਇਸ ਲਈ ਲੇਖਕ ਸਮੱਸਿਆ ਤੋਂ ਮੁੱਖ ਮੋੜਨ ਦੀ ਬਜ਼ਾਏ ਸੰਘਰਸ਼ ਲਈ ਪ੍ਰੇਰਿਤ ਕਰਨ। ਕਿਉਕਿ ਸੰਘਰਸ਼ ਅਤੇ ਸੇਵਾਵਾਂ ਦੇ ਜ਼ੋਰ 'ਤੇ ਹੀ ਇਸ ਪਛਾਣ ਦੇ ਸੰਕਟ ਤੋਂ ਨਿਜਾਤ ਪਾ ਕੇ ਜਿੱਤ ਪਾਈ ਜਾ ਸਕਦੀ ਹੈ।''

(ਐਸ ਐਲ ਵਿਰਦੀ, 'ਨਵੇਂ ਮਨੁੱਖ ਦੀ ਸਿਰਜਨਾ ਦਾ ਸਾਹਿਤ-ਦਲਿਤ ਸਾਹਿਤ' ਵਿਚੋਂ)

ਸਿਵਲ ਕੋਰਟਸ, ਫਗਵਾੜਾ (ਪੰਜਾਬ)
ਮੋ. 98145 17499



# ਖੇਡ ਦੁਨੀਆਂ

## ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਖੇਡ ਮੁਕਾਬਲੇ ਸੰਪੰਨ



**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਸਿੱਖਿਆ ਵਿਭਾਗ ਪਠਾਨਕੋਟ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪਠਾਨਕੋਟ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਖੇਡਾਂ ਸਪੋਰਟਸ ਸਟੇਡੀਅਮ ਲਮੀਨੀ ਦੇ ਖੇਡ ਮੈਦਾਨ ਵਿੱਚ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀ।ਜੀ। ਸਿੰਘ ਦੀ ਅਗਵਾਈ ਹੇਠ ਸਫ਼ਲਤਾ ਪੂਰਵਕ ਸੰਪੰਨ ਹੋ ਗਈਆਂ। ਇਨ੍ਹਾਂ ਜ਼ਿਲ੍ਹਾ ਪੱਧਰੀ ਖੇਡਾਂ ਦੀ ਸ਼ੁਰੂਆਤ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਮਿਤ ਸਿੰਘ ਮੰਟੂ ਨੇ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਰਿਬਨ ਕੱਟ ਕੀਤੀ। ਇਨਾਂ ਖੇਡ ਮੁਕਾਬਲਿਆਂ ਵਿੱਚ ਵੱਖ-ਵੱਖ ਬਲਾਕਾਂ ਦੇ ਜੇਤੂ ਖਿਡਾਰੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਮੌਕੇ ਅਮਿਤ ਸਿੰਘ ਮੰਟੂ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਤੇ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਜਿਸ ਵੀ ਖੇਤਰ ਵਿੱਚ ਪੈਰ ਰੱਖਦੇ ਹਨ ਉਹ ਆਪਣੀ ਮਿਹਨਤ, ਲਗਨ ਤੇ ਹੁਨਰ ਨਾਲ ਆਪਣੇ ਸਕੂਲਾਂ, ਅਧਿਆਪਕਾਂ ਅਤੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕਰਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬੱਚਿਆਂ ਦੀ ਰਿਫਰੈਸ਼ਮੈਂਟ ਦਾ ਪ੍ਰਬੰਧ ਇਨਰ ਵਹੀਲ ਕਲੱਬ ਗ੍ਰੇਟਰ ਪਠਾਨਕੋਟ ਵੱਲੋਂ ਕੀਤਾ ਗਿਆ।

ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡੀਜੀ ਸਿੰਘ ਨੇ ਦੱਸਿਆ ਕਿ 100 ਮੀਟਰ ਕੁੜੀਆਂ ਦੀ ਦੌੜ ਵਿੱਚ ਤਨੀਸ਼ਾ ਨੇ ਪਹਿਲਾ, ਜਾਨਵੀ ਨੇ ਦੂਜਾ ਰਾਧਿਕਾ ਨੇ ਤੀਜਾ, 100 ਮੀਟਰ ਲੜਕਿਆਂ ਦੀ ਦੌੜ ਵਿੱਚ ਵਿਵੇਕ ਨੇ ਪਹਿਲਾ, ਮਨਦੀਪ ਨੇ ਦੂਜਾ ਅਤੇ ਸੋਬਿਤ ਨੇ ਤੀਜਾ ਸਥਾਨ, ਲਾਂਗ ਜੰਪ ਮੁੰਡਿਆਂ ਵਿੱਚ ਲਵ ਪੰਡੋਤਰਾ ਨੇ ਪਹਿਲਾ ਅਤੇ ਵਿਵੇਕ ਨੇ ਦੂਜਾ ਅਤੇ ਕੁੜੀਆਂ ਦੇ ਲਾਂਗ ਜੰਪ ਵਿੱਚ ਮਨੰਤ ਨੇ ਪਹਿਲਾ ਅਤੇ ਰਾਧਿਕਾ ਨੇ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਤੇ ਬੀਪੀਈਓ ਨਰੇਸ਼ ਪਨਿਆੜ, ਬੀਪੀਈਓ ਪੰਕਜ ਅਰੋੜਾ, ਬੀਪੀਈਓ ਕੁਲਦੀਪ ਸਿੰਘ, ਬੀਪੀਈਓ ਰਾਕੇਸ਼ ਕੁਮਾਰ ਸਾਰੇ ਬੀਪੀਈਓ, ਸੁਲਕਸ਼ਨਾ ਸ਼ਰਮਾਂ, ਅਜੇ ਕੁਮਾਰ, ਸੁਰਿੰਦਰ ਕੁਮਾਰ, ਗੁਰਸ਼ਰਨਜੀਤ ਕੌਰ, ਰਾਧਾ, ਸੰਦੀਪ ਕੁਮਾਰ ਸਾਰੇ ਖੇਡਾ ਨਾਲ ਸਬੰਧਤ ਅਧਿਆਪਕ, ਤੇ ਬਲਕਾਰ ਅੱਤਰੀ ਆਦਿ ਹਾਜ਼ਰ ਸਨ।

### ਕ੍ਰਿਕਟ ਵਿਸ਼ਵ ਕੱਪ

## 12 ਨਵੰਬਰ ਨੂੰ ਭਾਰਤ ਕੋਲੋਂ ਨੀਦਰਲੈਂਡ ਹਾਰਿਆ ਤਾਂ ਟੁੱਟੇਗਾ 20 ਸਾਲ ਪੁਰਾਣਾ ਰਿਕਾਰਡ

ਨਵੀਂ ਦਿੱਲੀ- ਟੀਮ ਇੰਡੀਆ ਵਿਸ਼ਵ ਕੱਪ 2023 'ਚ ਜਿੱਤ ਦੇ ਜੇਤੂ ਰੱਥ 'ਤੇ ਸਵਾਰ ਹੈ। ਦੁਨੀਆ ਦੀਆਂ ਵੱਡੀਆਂ ਟੀਮਾਂ ਰੋਹਿਤ ਦੀ ਪਲਟਨ ਦੇ ਸਾਹਮਣੇ ਪਾਣੀ ਮੰਗਦੀਆਂ ਨਜ਼ਰ ਆਈਆਂ। ਭਾਰਤੀ ਟੀਮ ਨੇ ਹੁਣ ਤੱਕ ਖੇਡੇ ਸਾਰੇ 8 ਮੈਚਾਂ ਵਿੱਚ ਜਿੱਤ ਦਾ ਸਵਾਦ ਚੱਖਿਆ ਹੈ। ਰਾਊਂਡ ਰੋਬਿਨ 'ਚ ਟੀਮ ਇੰਡੀਆ ਦਾ ਅਗਲਾ ਅਤੇ ਆਖਰੀ ਮੈਚ 12 ਨਵੰਬਰ ਨੂੰ ਨੀਦਰਲੈਂਡ ਨਾਲ ਹੈ। ਜੇਕਰ ਰੋਹਿਤ ਦੀ ਫੌਜ ਨੀਦਰਲੈਂਡ ਖਿਲਾਫ ਵੀ ਜਿੱਤ ਦਰਜ ਕਰਨ 'ਚ ਸਫਲ ਰਹਿੰਦੀ ਹੈ ਤਾਂ ਭਾਰਤੀ ਟੀਮ ਵਨਡੇ ਵਿਸ਼ਵ ਕੱਪ ਦਾ 20 ਸਾਲ ਪੁਰਾਣਾ ਰਿਕਾਰਡ ਤੋੜ ਦੇਵੇਗੀ।



ਦਰਅਸਲ, ਭਾਰਤੀ ਟੀਮ ਦੇ ਕੋਲ ਵਨਡੇ ਵਿਸ਼ਵ ਕੱਪ ਦੇ ਇੱਕ ਸੀਜ਼ਨ ਵਿੱਚ ਲਗਾਤਾਰ ਅੱਠ ਮੈਚ ਜਿੱਤਣ ਦਾ ਰਿਕਾਰਡ ਹੈ। ਟੀਮ ਇੰਡੀਆ ਨੇ 2003 'ਚ ਖੇਡੇ ਗਏ ਵਿਸ਼ਵ ਕੱਪ 'ਚ ਇਹ ਉਪਲੱਬਧੀ ਹਾਸਲ ਕੀਤੀ ਸੀ। ਹਾਲਾਂਕਿ 20 ਸਾਲ ਬਾਅਦ ਰੋਹਿਤ ਦੇ ਪਲਟਨ ਕੋਲ ਇਸ ਰਿਕਾਰਡ ਨੂੰ ਤੋੜਨ ਦਾ ਸੁਨਹਿਰੀ ਮੌਕਾ ਹੈ। ਜੇਕਰ ਟੀਮ ਇੰਡੀਆ ਨੀਦਰਲੈਂਡ ਦੇ ਖਿਲਾਫ ਆਪਣੀ ਜਿੱਤ ਦਾ ਸਿਲਸਿਲਾ ਜਾਰੀ ਰੱਖਣ 'ਚ ਸਫਲ ਰਹਿੰਦੀ ਹੈ ਤਾਂ ਰੋਹਿਤ ਸ਼ਰਮਾ ਦੀ ਕਪਤਾਨੀ ਵਾਲੀ ਭਾਰਤੀ ਟੀਮ 20 ਸਾਲ ਪੁਰਾਣਾ ਰਿਕਾਰਡ ਤੋੜ ਦੇਵੇਗੀ। ਮਤਲਬ ਵਨਡੇ ਵਿਸ਼ਵ ਕੱਪ 'ਚ ਇਕ ਸੀਜ਼ਨ 'ਚ ਲਗਾਤਾਰ ਸਭ ਤੋਂ ਜ਼ਿਆਦਾ ਮੈਚ ਜਿੱਤਣ ਦਾ ਵੱਡਾ ਰਿਕਾਰਡ ਕਪਤਾਨ ਰੋਹਿਤ ਦੇ ਨਾਂ ਦਰਜ ਹੋਵੇਗਾ। ਆਪਣੇ ਪਿਛਲੇ ਮੈਚ ਵਿੱਚ ਭਾਰਤੀ ਟੀਮ ਨੇ ਦੱਖਣੀ ਅਫਰੀਕਾ ਨੂੰ 243 ਦੌੜਾਂ ਨਾਲ ਹਰਾਇਆ ਸੀ। ਟੀਮ ਇੰਡੀਆ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 5 ਵਿਕਟਾਂ ਗੁਆ ਕੇ 326 ਦੌੜਾਂ ਬਣਾਈਆਂ। ਟੀਮ ਦੀ ਤਰਫੋਂ ਵਿਰਾਟ ਕੋਹਲੀ ਨੇ ਸ਼ਾਨਦਾਰ ਬੱਲੇਬਾਜ਼ੀ ਕੀਤੀ ਤੇ ਸੈਂਕੜਾ ਜੜਿਆ। ਇਸ ਨਾਲ ਹੀ ਸ਼੍ਰੇਅਸ ਅਈਅਰ ਨੇ ਵੀ ਬੱਲੇ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ 77 ਦੌੜਾਂ ਬਣਾਈਆਂ। 327 ਦੌੜਾਂ ਦੇ ਟੀਚੇ ਦੇ ਜਵਾਬ 'ਚ ਦੱਖਣੀ ਅਫਰੀਕਾ ਦੀ ਪੂਰੀ ਟੀਮ ਸਿਰਫ 83 ਦੌੜਾਂ 'ਤੇ ਹੀ ਸਿਮਟ ਗਈ। ਗੇਂਦਬਾਜ਼ੀ 'ਚ ਭਾਰਤ ਲਈ ਰਵਿੰਦਰ ਜਡੇਜਾ ਦੀ ਸਪਿਨ ਦਾ ਜਾਦੂ ਸਿਖਰਾਂ 'ਤੇ ਸੀ ਤੇ ਉਸ ਨੇ 33 ਦੌੜਾਂ ਦੇ ਕੇ 5 ਵਿਕਟਾਂ ਲਈਆਂ। ਇਸ ਨਾਲ ਹੀ ਮੁਹੰਮਦ ਸ਼ਮੀ ਤੇ ਕੁਲਦੀਪ ਯਾਦਵ ਨੇ ਵੀ ਦੋ-ਦੋ ਵਿਕਟਾਂ ਲਈਆਂ।

**ਲਗਾਤਾਰ ਪੰਜਵੀਂ ਜਿੱਤ ਨਾਲ ਆਸਟਰੇਲੀਆ ਸੈਮੀਫਾਈਨਲ ਵਿੱਚ**

ਗਲੈਨ ਮੈਕਸਵੈੱਲ ਦੇ ਕਰੀਅਰ ਦੀ ਸਰਬੋਤਮ ਪਾਰੀ ਅਤੇ ਕਪਤਾਨ ਪੈਟ ਕਮਿਨਸ ਨਾਲ ਉਸ ਦੀ ਰਿਕਾਰਡ ਦੀ 202 ਦੌੜਾਂ ਦੀ ਭਾਈਵਾਲੀ ਦੀ ਮਦਦ ਨਾਲ ਆਸਟਰੇਲੀਆ ਨੇ ਅੱਜ ਇੱਥੇ ਅਫਗਾਨਿਸਤਾਨ ਨੂੰ ਤਿੰਨ ਵਿਕਟਾਂ ਨਾਲ ਹਰਾ ਕੇ ਲਗਾਤਾਰ ਛੇਵੀਂ ਜਿੱਤ ਨਾਲ ਆਈਸੀਸੀ ਕ੍ਰਿਕਟ ਵਿਸ਼ਵ ਕੱਪ ਦੇ ਸੈਮੀਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। ਅਫਗਾਨਿਸਤਾਨ ਵੱਲੋਂ ਦਿੱਤੇ 292 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਮੈਕਸਵੈੱਲ (128 ਗੇਂਦਾਂ 'ਚ ਨਾਬਾਦ 201 ਦੌੜਾਂ) ਨੇ ਦੋਹਰਾ ਸੈਂਕੜਾ ਲਗਾਇਆ, ਜਿਸ ਦੀ ਮਦਦ ਨਾਲ ਆਸਟਰੇਲੀਆ ਨੇ 91 ਦੌੜਾਂ 'ਤੇ ਸੱਤ ਵਿਕਟਾਂ ਗੁਆਉਣ ਦੇ ਬਾਵਜੂਦ 46.5 ਓਵਰਾਂ 'ਚ ਸੱਤ ਵਿਕਟਾਂ 'ਤੇ 293 ਦੌੜਾਂ ਬਣਾ ਕੇ ਜਿੱਤ ਦਰਜ ਕੀਤੀ। ਮੈਕਸਵੈੱਲ ਨੇ ਕਮਿਨਸ (68 ਗੇਂਦਾਂ 'ਤੇ ਨਾਬਾਦ 12 ਦੌੜਾਂ) ਨਾਲ ਅੱਠਵੀਂ ਵਿਕਟ ਲਈ 202 ਦੌੜਾਂ ਦੀ ਭਾਈਵਾਲੀ ਕੀਤੀ, ਜੋ ਇੱਕ ਰੋਜ਼ਾ ਕ੍ਰਿਕਟ ਦੇ ਇਤਿਹਾਸ 'ਚ ਆਖਰੀ ਤਿੰਨ ਵਿਕਟਾਂ ਲਈ ਸਭ ਤੋਂ ਵੱਡੀ ਭਾਈਵਾਲੀ ਹੈ। ਇਸ ਵਿੱਚ ਮੈਕਸਵੈੱਲ ਨੇ 179 ਦੌੜਾਂ ਦਾ ਯੋਗਦਾਨ ਪਾਇਆ। ਮੈਕਸਵੈੱਲ ਨੇ ਮੁਜੀਬ-ਉਰ-ਰਹਿਮਾਨ ਦੀਆਂ ਗੇਂਦਾਂ 'ਤੇ ਲਗਾਤਾਰ ਤਿੰਨ ਛੱਕੇ ਅਤੇ ਇੱਕ ਚੌਕਾ ਲਗਾ ਕੇ ਆਸਟਰੇਲੀਆ ਨੂੰ ਟੀਚੇ ਤੱਕ ਪਹੁੰਚਾਇਆ। ਅਫ਼ਗਾਨਿਸਤਾਨ ਨੇ ਆਸਟਰੇਲੀਆ ਖ਼ਿਲਾਫ਼ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 50 ਓਵਰਾਂ ਵਿੱਚ 5 ਵਿਕਟਾਂ 'ਤੇ 291 ਦੌੜਾਂ ਬਣਾਈਆਂ ਸਨ। ਟੀਮ ਵੱਲੋਂ ਇਬਰਾਹੀਮ ਜ਼ਦਰਾਨ ਨੇ 143 ਗੇਂਦਾਂ 'ਤੇ ਸ਼ਾਨਦਾਰ 129 ਦੌੜਾਂ ਬਣਾ ਕੇ ਟੀਮ ਨੂੰ ਮਜ਼ਬੂਤੀ ਦਿੱਤੀ। ਇਸ ਤੋਂ ਪਹਿਲਾਂ ਅਫ਼ਗਾਨਸਤਾਨ ਦੇ ਕਪਤਾਨ ਹਸ਼ਮਤੁੱਲਾ ਸ਼ਾਹਿਦੀ ਨੇ ਅੱਜ ਆਸਟਰੇਲੀਆ ਖ਼ਿਲਾਫ਼ ਇਕ ਦਿਨਾਂ ਵਿਸ਼ਵ ਕੱਪ ਕ੍ਰਿਕਟ ਮੈਚ ਵਿਚ ਟਾਸ ਜਿੱਤ ਕੇ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ।

**ਸ੍ਰੀਲੰਕਾ ਕ੍ਰਿਕਟ ਮੈਨੇਜਮੈਂਟ ਬਰਖ਼ਾਸਤ**

ਇਕ ਦਿਨਾਂ ਵਿਸ਼ਵ ਕੱਪ ਵਿਚ ਭਾਰਤ ਹੱਥੋਂ ਮਿਲੀ ਕਰਾਰੀ ਹਾਰ ਤੋਂ ਬਾਅਦ ਸ੍ਰੀਲੰਕਾ ਕ੍ਰਿਕਟ (ਐੱਸਐੱਲਸੀ) ਪ੍ਰਬੰਧਨ ਨੂੰ ਬਰਖਾਸਤ ਕਰ ਦਿੱਤਾ ਗਿਆ। ਭਾਰਤ ਨੇ 2 ਨਵੰਬਰ ਨੂੰ ਮੁੰਬਈ 'ਚ ਖੇਡੇ ਗਏ ਮੈਚ 'ਚ ਲੰਕਾ ਨੂੰ 302 ਦੌੜਾਂ ਨਾਲ ਹਰਾਇਆ ਸੀ। ਉਦੋਂ ਤੋਂ ਹੀ ਲੋਕਾਂ ਵਿੱਚ ਗੁੱਸਾ ਸੀ ਅਤੇ ਰਣਸਿੰਘੇ ਸ਼ਮੀ ਸਿਲਵਾ ਦੀ ਅਗਵਾਈ ਵਾਲੀ ਐੱਸਐੱਲਸੀ ਮੈਨੇਜਮੈਂਟ ਤੋਂ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਸੀ। ਇਸ ਤੋਂ ਬਾਅਦ ਹੀ ਇਹ ਕਾਰਵਾਈ ਕੀਤੀ ਗਈ। ਖੇਡ ਮੰਤਰੀ ਰੋਸ਼ਨ ਰਣਸਿੰਘੇ ਨੇ ਸਾਬਕਾ ਵਿਸ਼ਵ ਕੱਪ ਜੇਤੂ ਕਪਤਾਨ ਅਰਜੁਨਾ ਰਣਤੁੰਗਾ ਦੀ ਅਗਵਾਈ ਹੇਠ ਸੱਤ ਮੈਂਬਰੀ ਕਮੇਟੀ ਦੀ ਨਿਯੁਕਤੀ ਕੀਤੀ ਹੈ। ਖੇਡ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਕਮੇਟੀ ਦੀ ਨਿਯੁਕਤੀ ਸਪੋਰਟਸ ਐਕਟ ਨੰਬਰ 25 ਆਫ 1973 ਦੇ ਤਹਿਤ ਕੀਤੀ ਗਈ ਹੈ। ਕਮੇਟੀ ਵਿੱਚ ਤਿੰਨ ਸੇਵਾਮੁਕਤ ਜੱਜ ਅਤੇ ਸਾਬਕਾ ਐੱਸਐੱਲਸੀ ਪ੍ਰਧਾਨ ਉਪਾਲੀ ਧਰਮਦਾਸਾ ਵੀ ਸ਼ਾਮਲ ਹਨ। ਇਸ ਤਰ੍ਹਾਂ ਰਣਤੁੰਗਾ ਨੇ ਲੰਬੇ ਸਮੇਂ ਬਾਅਦ ਲੰਕਾ ਕ੍ਰਿਕਟ 'ਚ ਵਾਪਸੀ ਕੀਤੀ ਹੈ। ਉਹ ਇਸ ਤੋਂ ਪਹਿਲਾਂ 2008 ਵਿੱਚ ਇਸੇ ਤਰ੍ਹਾਂ ਦੀ ਅੰਤਰਿਮ ਕਮੇਟੀ ਦੀ ਪ੍ਰਧਾਨਗੀ ਕਰ ਚੁੱਕੇ ਹਨ।

## 67ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਬੈਡਮਿੰਟਨ ਟੂਰਨਾਮੈਂਟ ਦੌਰਾਨ ਲੜਕੀਆਂ 'ਚ ਲੁਧਿਆਣਾ ਰਿਹਾ ਜੇਤੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ 67ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਬੈਡਮਿੰਟਨ ਉਮਰ ਵਰਗ 14 ਸਾਲ ਲੜਕੇ ਅਤੇ ਲੜਕੀਆਂ ਟੂਰਨਾਮੈਂਟ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਜਰਨੈਲ ਸਿੰਘ ਦੀ ਅਗਵਾਈ ਵਿੱਚ ਨਵਾਂਸਹਿਰ ਵਿਖੇ ਸ਼ੁਰੂ ਹੋਇਆ ਸੀ। ਇਸ ਰਾਜ ਪੱਧਰੀ ਟੂਰਨਾਮੈਂਟ ਦਾ ਉਦਘਾਟਨ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵਲੋਂ ਕੀਤਾ ਗਿਆ ਸੀ।



ਅੱਜ ਲੜਕੀਆਂ ਦੇ ਮੁਕਾਬਲੇ ਨਿਰਵਿਘਨ ਸਮਾਪਤ ਹੋਏ ਜਿਸ ਵਿੱਚ ਜ਼ਿਲ੍ਹਾ ਲੁਧਿਆਣਾ ਦੀਆਂ ਲੜਕੀਆਂ ਨੇ ਅੰਮ੍ਰਿਤਸਰ ਨੂੰ ਹਰਾ ਕੇ ਰਾਜ ਪੱਧਰੀ ਚੈਂਪੀਅਨਸ਼ਿਪ ਜਿੱਤੀ ਅਤੇ ਦੂਸਰੇ ਸਥਾਨ ਤੇ ਸ੍ਰੀ ਅੰਮ੍ਰਿਤਸਰ ਸਾਹਿਬ, ਤੀਸਰਾ ਸਥਾਨ ਜ਼ਿਲ੍ਹਾ ਜਲੰਧਰ ਅਤੇ ਚੌਥਾ ਸਥਾਨ ਪਟਿਆਲਾ ਦੀਆਂ ਲੜਕੀਆਂ ਨੇ ਪ੍ਰਾਪਤ ਕੀਤਾ । ਜੇਤੂਆ ਲੜਕੀਆਂ ਨੂੰ ਇਨਾਮਾਂ ਦੀ ਵੰਡ ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ) ਜਰਨੈਲ ਸਿੰਘ ਨੇ ਕੀਤੀ ਗਈ । ਇਸ ਮੌਕੇ ਬੱਚਿਆਂ ਨੂੰ ਆਸ਼ੀਰਵਾਦ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸ਼ਰ (ਸੈ.ਸਿ) ਜਰਨੈਲ ਸਿੰਘ ਨੇ ਕਿਹਾ ਕਿ ਇਹ ਛੋਟੀਆਂ ਕਲੀਆਂ ਇੱਕ ਦਿਨ ਫੁੱਲ ਦੇ ਰੂਪ ਵਿੱਚ ਖਿੜਨਗੇ ਅਤੇ ਆਪਣੇ ਦੇਸ ਦਾ ਨਾਂ ਰੌਸ਼ਨ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਅੱਗੇ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਅਨਿਖੜ ਅੰਗ ਹਨ ਤੇ ਖੇਡਾਂ ਬਿਨਾਂ ਵਿਦਿਆਰਥੀ ਜੀਵਨ ਨੀਰਸ਼ ਤੇ ਅਧੂਰਾ ਹੈ।ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਦਵਿੰਦਰ ਕੌਰ, ਜ਼ਿਲ੍ਹਾ ਜਨਰਲ ਸਕੱਤਰ ਟੂਰਨਾਮੈਂਟ ਕਮੇਟੀ ਪ੍ਰਿੰ। ਅਮਰਜੀਤ ਖਟਕੜ, ਜਸਬੀਰ ਸਿੰਘ ਡੀਐਮ ਸਪੋਰਟਸ, ਪ੍ਰਿੰ. ਰਜਨੀਸ ਕੁਮਾਰ, ਪ੍ਰਿੰਸੀਪਲ ਦਿਲਬਾਗ ਸਿੰਘ ਬਛੌੜੀ, ਮੁੱਖ ਅਧਿਆਪਕ ਦਲਜੀਤ ਸਿੰਘ ਬੋਲਾ, ਕਰ-ਮਜੀਤ ਕੌਰ ਬਛੋੜੀ, ਕਿਰਨ ਬਾਲਾ ਡੀ.ਪੀ.ਈ ਨਵਾਂ ਪਿੰਡ ਟੱਪਰੀਆ, ਰਜਿੰਦਰ ਕੁਮਾਰ, ਸਹਾਇਕ ਸਕੱਤਰ ਨਵਦੀਪ ਸਿੰਘ, ਸੰਜੀਵ ਕੁਮਾਰ ਅਲਾਚੌਰ, ਰਣਜੋਧ ਸਿੰਘ , ਦੇਸਰਾਜ , ਅਮਨਦੀਪ ਸਿੰਘ ਸੈਦਪੁਰ ਕਲਾਂ, ਅਮਨਦੀਪ ਕੌਰ, ਸਰਬਜੀਤ ਕੌਰ ਜਸਬੀਰ ਕੌਰ, ਪੁਸ਼ਪਿੰਦਰ ਕੌਰ, ਸਿਮਰਨਜੀਤ ਕੌਰ, ਜਿੰਦਰ ਸਿੰਘ, ਕੁਲਜਿੰਦਰ ਸਿੰਘ , ਰਣਜੋਤ ਸਿੰਘ, ਸਚਨ ਸ਼ਰਮਾ, ਕੁਲਵੀਰ ਲੜੋਆ, ਸੁਰਿੰਦਰ ਕੁਮਾਰ, ਰੇਖਾ ਰਾਣੀ, ਰਮੇਸ਼ ਕੁਮਾਰ ਪੀਟੀਆਈ ਬੰਗਾ, ਨਰੇਸ ਕੁਮਾਰ ਰੌੜੀ, ਹਰਜਿੰਦਰ ਕੁਮਾਰ ਰੌੜੀ ਆਦਿ ਸਮੇਤ ਸਮੂਹ ਸਟਾਫ ਅਤੇ ਆਫੀਸ਼ਲ ਹਾਜਰ ਸਨ।

### ਮਿੰਨੀ ਕਹਾਣੀ

## ਮਜਬੂਰੀ

ਮਾਸਟਰ ਜੋਗਿੰਦਰ ਸਿੰਘ ਦਾ ਪਿੰਡ ਸਕੂਲ ਤੋਂ ਨੇੜੇ ਹੀ ਸੀ। ਉਹ ਹਮੇਸ਼ਾਂ ਸਮੇਂ ਤੋਂ ਪਹਿਲਾਂ ਆਪਣੇ ਸਕੂਟਰ ਤੇ ਸਕੂਲ ਜਾਂਦਾ। ਕਈ ਅਧਿਆਪਕ 50-60 ਕਿਲੋਮੀਟਰ ਸਫਰ ਤੈਅ ਕਰਕੇ ਬਸ ਰਾਹੀਂ ਆਉਂਦੇ, ਗਰਮੀਆਂ ਦੇ ਦਿਨਾਂ ਵਿਚ ਸਕੂਲਾਂ ਦਾ ਸਮਾਂ ਬਦਲਣ ਕਾਰਨ ਉਹਨਾਂ ਨੂੰ ਪਹਿਲੀ ਬਸ ਹੀ ਆਉਣਾ ਪੈਂਦਾ। ਬਸ ਲੇਟ ਹੋ ਜਾਣ ਕਾਰਨ ਕਈ ਵਾਰ ਉਹ ਲੇਟ ਹੋ ਜਾਂਦੇ। ਮੁੱਖ ਅਧਿਆਪਕ ਵੀ ਮਜ਼ਬੂਰੀ ਸਮਝਦਾ ਸੀ। ਉਹ ਉਨ੍ਹਾਂ ਨੂੰ ਐਡਜਸਟ ਕਰ ਲੈਂਦਾ, ਅਧਿਆਪਕ ਵੀ ਆਪਣਾ ਸਕੂਲੀ ਸਮਾਂ ਇਮਾਨਦਾਰੀ ਨਾਲ ਪੀਰੀਅਡ ਲਗਾ ਕੇ ਪੂਰਾ ਕਰਦੇ।

ਮਾਸਟਰ ਜੋਗਿੰਦਰ ਸਿੰਘ ਲੇਟ ਆਉਣ ਵਾਲੇ ਅਧਿਆਪਕਾਂ ਪ੍ਰਤੀ ਖਿਝਦਾ ਸੀ। ਕਿਸੇ ਕਾਰਨ ਮੁੱਖ ਅਧਿਆਪਕ ਨੂੰ ਲੰਬੀ ਛੁੱਟੀ ਤੇ ਜਾਣਾ ਪੈ ਗਿਆ। ਸੀਨੀਅਰ ਅਧਿਆਪਕ ਹੋਣ ਕਾਰਨ ਜੋਗਿੰਦਰ ਸਿੰਘ ਸਕੂਲ ਦੇ ਇੰਚਾਰਜ ਬਣ ਗਏ। ਉਹ ਆਪਣੇ ਆਪ ਨੂੰ ਆਦਰਸ਼ ਅਧਿਆਪਕ ਸਮਝਦਾ ਸੀ। ਜਿਹੜਾ ਵੀ ਅਧਿਆਪਕ ਪੰਜ ਮਿੰਟ ਲੇਟ ਹੁੰਦਾ ਉਸ ਦੀ ਛੁੱਟੀ ਭਰ ਦਿੰਦਾ। ਅਧਿਆਪਕ ਬੜੇ ਔਖੇ ਸੀ। ਮੁੱਖ ਅਧਿਆਪਕ ਦੇ ਆਉਣ ਤੇ ਅਧਿਆਪਕਾਂ ਨੇ ਸੁੱਖ ਦਾ ਸਾਹ ਲਿਆ।

ਇਕ ਦਿਨ ਜੋਗਿੰਦਰ ਸਿੰਘ ਦੀ ਰੀੜ੍ਹ ਦੀ ਹੱਡੀ ਦਾ ਮਣਕਾ ਹਿੱਲ ਗਿਆ। ਡਾਕਟਰ ਨੇ ਮੰਜੇ ਤੇ ਲੇਟਣ ਲਈ ਕਹਿ ਦਿੱਤਾ। ਉਸ ਦੀਆਂ ਬਹੁਤੀਆਂ ਛੁੱਟੀਆਂ ਐਵੇਂ ਹੀ ਲੰਘ ਗਈਆਂ। ਡਾਕਟਰ ਨੇ ਸਕੂਟਰ ਚਲਾਉਣਾ ਮਨ੍ਹਾਂ ਕਰ ਦਿੱਤਾ। ਹੁਣ ਜੋਗਿੰਦਰ ਸਿੰਘ ਨੂੰ ਸਕੂਲ 'ਚ ਕਦੀ ਕਦੀ ਲੇਟ ਆਉਣ ਵਾਲੇ ਆਧਿਆਪਕਾਂ ਨਾਲ ਹੀ ਆਉਣਾ ਪੈਂਦਾ ਸੀ।



ਇਹ ਉਸ ਦੀ ਮਜ਼ਬੂਰੀ ਹੋ ਗਈ ਸੀ। ਹੁਣ ਜਦੋਂ ਕਈ ਵਾਰੀ ਬਸ ਲੇਟ ਹੋ ਜਾਂਦੀ ਤਾਂ ਚੁੱਪ ਕਰਕੇ ਜੋਗਿੰਦਰ ਸਿੰਘ ਵੀ ਉਨ੍ਹਾਂ ਅਧਿਆਪਕਾਂ ਨਾਲ ਹਾਜ਼ਰੀ ਲਾ ਲੈਂਦਾ। ਹੁਣ ਉਹ ਦੂਰੋਂ ਆਉਣ ਵਾਲੇ ਅਧਿਆਪਕਾਂ ਦੀ ਮਜ਼ਬੂਰੀ ਨੂੰ ਆਪਣੇ ਅੰਦਰੋਂ ਸਮਝ ਚੁੱਕਾ ਸੀ।

**-ਮੇਜਰ ਸਿੰਘ ਨਾਭਾ**

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



**ਰਾਮ ਭੋਗਪੁਰ– ਕਲਾਕਾਰ ਬਣਿਆ ਪੇਸ਼ਕਾਰ**

ਕਦੇ ਦੂਰਦਰਸ਼ਨ ਜਲੰਧਰ ਤੇ ਸੰਘਰਸ਼, ਕਦੇ ਮੇਲਿਆਂ 'ਚ ਪੇਸ਼ਕਾਰੀ ਤੇ ਫਿਰ ਕਮੇਡੀਅਨ ਤੋਂ ਗਾਇਕ ਬਣੇ ਰਾਮ ਜੀ ਭੋਗ-ਪੁਰੀਆ ਦੀ ਅੱਜ ਪੰਜਾਬੀ ਸੰਗੀਤ ਖੇਤਰ 'ਚ ਬੱਲੇ-ਸ਼ਾਵਾ ਹੈ। ਹੁਣ ਆਰ. ਜੇ. ਬੀਟਸ ਨਾਂਅ ਤੇ ਵੱਡੇ ਤੇ ਨਵੇਂ ਗਾਇਕਾਂ ਦੇ ਉਹ ਟਰੈਕ ਰਿਲੀਜ ਕਰ ਰਹੇ ਹਨ।

ਪੰਮਾ ਮੱਲ੍ਹੀ ਦਾ 'ਸਲੂਟ' ਹਿੱਟ ਰਿਹਾ ਹੈ। 'ਬੀ. ਪੀ.' ਆਉਣ ਲਈ ਤਿਆਰ ਹੈ। ਨਾਲ ਮਹਾਨ ਵੀਡਿਓ ਨਿਰਦੇਸ਼ਕ ਬਾਬਾ ਕਮਲ ਹੈ। 'ਏਕ ਸੇ ਭਲੇ ਦੋ' ਤੇ ਰਾਮ ਭੋਗਪੁਰੀਆ ਪੰਜਾਬੀ ਸੰਗੀਤ ਤੋਂ ਬਾਲੀਵੁੱਡ ਵੀ ਪਹੁੰਚ ਗਏ ਹਨ।

**ਯੋਗਰਾਜ ਸਿੰਘ ਦਾ ਫਿਰ ਯੁੱਗ**


ਗੁੱਗੂ ਗਿੱਲ ਯੋਗਰਾਜ ਸਿੰਘ ਯੁੱਗ ਸੁਨਿਹਰੀ ਯੁੱਗ ਪੰਜਾਬੀ ਸਿਨੇਮਾ ਦਾ ਰਿਹਾ ਤੇ ਅੱਜ ਜਦ ਤਕਨੀਕ, ਸਮਾਂ ਸਭ ਬਦਲ ਗਿਆ ਹੈ ਤਦ ਵੀ ਯੋਗਰਾਜ ਸਿੰਘ ਪਾਲੀਵੁੱਡ ਦੀ ਧੜਕਣ ਹਨ। ਜਬਰਦਸਤ ਅਭਿਨੈ, ਕਿਸਮਤ ਤੇ ਅਕਾਲ ਪੁਰਖ ਦੀ ਮਿਹਰ ਕੰਮ ਆ ਰਹੀ ਹੈ। 'ਸਰਦਾਰ ਐਂਡ ਸੰਨਜ', 'ਮੌਜਾਂ ਹੀ ਮੌਜਾਂ' ਦੇ ਬਾਅਦ ਯੋਗਰਾਜ ਸਿੰਘ 'ਸ਼ਾਇਰ', 'ਉੱਚਾ ਦਰ ਬਾਬੇ ਨਾਨਕ ਦਾ' ਕਰ ਰਹੇ ਹਨ।


**ਪੰਮਾ ਮੱਲ੍ਹੀ – ਨਸ਼ੇ ਦੀ ਜੰਗ ਸੀ. ਐੱਮ. ਨਾਲ**

ਗਾਇਕੀ ਜਿਹੜੀ ਸਮਾਜ ਹਿੱਤ 'ਸ ਹੋਏ ਤੇ ਪੰਮਾ ਮੱਲ੍ਹੀ ਅਜਿਹੇ ਮਨੋਰੰਜਨ ਦਾ ਸਾਥੀ ਹੈ। 'ਕਰੋਨਾ' ਸਮੇਂ ਉਸਨੇ ਗੀਤ ਗਾ ਕੈਪਟਨ ਅਮਰਿੰਦਰ ਦਾ ਮਨ ਮੋਹ ਲਿਆ ਸੀ ਤੇ ਹੁਣ 'ਭਗਵੰਤ ਮਾਨ ਦਾ ਕਹਿਣਾ– ਨਸ਼ਾ ਨਹੀਂ ਰਹਿਣਾ' ਗਾ ਕੇ ਉਹ ਨਸ਼ੇ ਵਿਰੁੱਧ ਯੁੱਧ ਵਿੱਚ ਸਰਜਰ ਦੇ ਨਾਲ ਹੈ। ਬਾਬਾ ਕਮਲ ਨੇ ਨਸ਼ਿਆਂ ਤੇ ਪੰਮਾ ਮੱਲ੍ਹੀ ਦੇ ਗੀਤ ਲਈ ਦਿਲਕਸ਼ ਵੀਡਿਓ ਬਣਾਇਆ ਹੈ। ਬੀਬਾ ਬਲਵੰਤ, ਸਤਨਾਮ ਡਾਡਾ ਨੇ ਪੰਮਾ ਮੱਲ੍ਹੀ ਦੇ ਵੀਡਿਓ 'ਚ ਕੰਮ ਕੀਤਾ ਹੈ।


**ਅਨੁਜੋਤ ਕੌਰ – ਸਾਡੀ ਨੂਰਜਹਾਂ ਹੈ**

ਬਿਲਕੁਲ ਸਰਹੱਦ ਪਾਰਲੀ ਮਿੱਠੀ ਅਵਾਜ ਅਨੁਜੋਤ ਕੌਰ ਦੀ ਲੱਗਦੀ ਹੈ। ਬਹੁਤ ਸਾਰੇ ਗਾਣੇ ਹੁਣ ਤੱਕ ਉਸਦੇ ਆ ਚੁੱਕੇ ਹਨ। ਉਸਨੂੰ ਇਧੱਰਲੇ ਪੰਜਾਬ ਦੀ ਨੂਰਜਹਾਂ ਕਿਹਾ ਜਾਂਦਾ ਹੈ। ਅਨੁਜੋਤ ਨੇ ਲਾਲੀਵੁੱਡ ਸੰਗੀਤਕਾਰ ਕਾਮਰਨ ਅਖ਼ਤਰ ਨਾਲ ਵੀ ਕੰਮ ਕੀਤਾ ਹੈ। ਵੈਬ ਸੀਰੀਜ ਲਈ ਵੀ ਗੀਤ ਗਾਏ ਹਨ । ਅਵਾਜ ਨਿਰੀ ਨੂਰਜਹਾਂ ਜਿਹੀ ਹੈ ਅਨੁਜੋਤ ਕੌਰ ਦੀ।













**ਆਸ਼ੋਕ ਪੁਰੀ ਸ੍ਰੀ ਮਤੀ ਵੀ ਕਲਾਕਾਰ**

ਲਾਜਵਾਬ ਐਕਟਰ ਅਸ਼ੋਕ ਪੁਰੀ ਨੇ ਅੱਧੀ ਦਰਜਨ ਹਿੰਦੀ ਤੇ ਦਰਜਨ ਤੋਂ ਵੱਧ ਪੰਜਾਬੀ ਫਿਲਮਾਂ ਕੀਤੀਆਂ ਹਨ। ਉਹਨਾਂ ਦੀ ਪਤਨੀ ਸਰਨਜੀਤ ਕੌਰ ਵੀ ਅਭਿਨੇਤਰੀ ਹੈ। ਸਟੇਜ ਦਾ ਸਾਥ ਜੀਵਨ ਦਾ ਸਾਥ ਬਣਿਆ। ਸਰਨਜੀਤ ਨੇ ਅਸ਼ੋਕਪੁਰੀ ਨਾਲ ਕਾਫੀ ਲਘੂ ਫਿਲਮਾਂ ਕੀਤੀਆਂ ਹਨ। ਅਸ਼ੋਕ ਪੁਰੀ ਚਾਹੁੰਦੇ ਹਨ ਕਿ ਕਿਸੇ ਵੱਡੀ ਪੰਜਾਬੀ ਫਿਲਮ 'ਚ ਪਤੀ- ਪਤਨੀ ਸਾਥ ਆਉਣ।

**ਬਲਬੀਰ ਬੇਗਮਪੁਰੀ– ਐਵਾਰਡ ਮਿਲੇਗਾ**

ਲਘੂ ਫਿਲਮ 'ਨਤੀਜਾ' ਬਲਬੀਰ ਬੇਗਮਪੁਰੀ ਨੇ ਬਣਾਈ ਹੈ । ਰਿਸ਼ਵਤ ਤੇ ਬਣੀ ਇਹ ਫਿਲਮ ਦੁਬਈ ਫਿਲਮ ਐਵਾਰਡ ਮੇਲੇ ਲਈ ਚੁਣੀ ਗਈ ਹੈ। ਅਸ਼ੀਸ਼ ਦੁੱਗਲ ਤੇ ਗੁਰਦੀਪ ਸੰਧੂ ਫਿਲਮ 'ਚ ਹਨ। ਬਲਬੀਰ ਬੇਗਮਪੁਰੀ ਨੂੰ ਖੁਸ਼ੀ ਹੈ ਕਿ 'ਨਤੀਜਾ' ਨੂੰ ਚੰਗਾ ਹੁੰਗਾਰਾ ਹਰ ਪਾਸੇ ਮਿਲ ਰਿਹਾ ਹੈ। ਇਹ ਪੰਜਾਬੀ ਸਿਨੇਮਾ ਲਈ ਮਾਣ ਵਾਲੀ ਗੱਲ ਹੈ।

## 'ਝੂਠ ਦਾ ਭੰਗੜਾ'

ਇਥੇ ਝੂਠ ਦਾ ਭੰਗੜਾ ਪੈਂਦਾ
ਬ ਈ ਝੂਠ ਦਾ ਭੰਗੜਾ ਪੈਂਦਾ।

ਸੱਚ ਦੀ ਕਦਰ ਨਾ ਕਰਦੇ ,
ਬਹੁਤੇ ਹਰ ਸਿਆਣਾ ਕਹਿੰਦਾ।

ਝੂਠ ਦਾ ਭੰਗੜਾ ਪੈਂਦਾ....
ਲਾਈ ਲੱਗ ਨੇ ਬਹੁਤੇ ਇਥੇ,
ਨਾ ਸੋਚਣ ਅਤੇ ਵਿਚਾਰਨ।

ਖੁੰਝ੍ਹਾ ਲੈਂਦੇ ਜਦ ਇਹ ਵੇਲਾ,
ਫਿਰ ਹੱਥ ਮੱਥੇ ਤੇ ਮਾਰਨ।

ਸੱਚ ਦਾ ਸੌਦਾ ਛੱਡਕੇ
ਲੈ ਲੈਂਦੇ ਨੇ ਝੂਠਾ ਮਹਿੰਗਾ

ਝੂਠ ਦਾ ਭੰਗੜਾ ਪੈਂਦਾ....
ਸਮਝਾਉਣ ਵਾਲੇ ਨੇ ਸਾਰੇ,

ਸਮਝਣ ਵਾਲਾ ਨਾ ਕੋਈ।
ਹਰ ਕੋਈ ਨਾਢੂ ਖ਼ਾਂ ਇਥੇ,
ਸਮਝੇ ਘੱਟ ਨਾ ਕੋਈ।

ਟਾਇਮ ਤੇ ਨਹੀਂ ਸਮਝਦੇ,
ਮਾਮੂਲੀ ਗੱਲ ਤੋਂ ਭੜਕ ਜਾਂਦੇ,
ਨਾ ਕੋਈ ਕਿਸੇ ਦੀ ਸਹਿੰਦਾ

ਝੂਠ ਦਾ ਭੰਗੜਾ ਪੈਂਦਾ....
ਗਿਆਨ ਸੱਚਾ ਨਾ ਮਨ ਭਾਉਂਦਾ,
ਲੰਘ ਜਾਣ ਮੁੱਖ ਭੁਵਾਂਕੇ।

ਆਂਨੇ ਵਾਲੀ ਥਾਂ ਤੇ ਆਉਂਦੇ,
'ਮੇਜਰ' ਵਰਗੇ ਠੇਡੇ ਖ਼ਾਕੇ।

ਜੇ ਕੋਈ ਸਮਝਾਉਂਦਾ

ਝੂਠ ਦਾ ਭੰਗੜਾ ਪੈਂਦਾ,
ਇਥੇ ਝੂਠ ਦਾ....



**ਮੇਜਰ ਸਿੰਘ 'ਬੁਢਲਾਡਾ'**
94176 42327

# ਡਾ. ਸਰਬਜੀਤ ਸੋਹਲ ਦਾ ਕਾਵਿ ਸੰਗ੍ਰਹਿ 'ਕਿਣਕਾ ਕਿਣਕਾ ਹਿੰਸਾ' ਹੋਇਆ ਲੋਕ ਅਰਪਣ

ਚੰਡੀਗੜ–ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਵਿਖੇ ਡਾ. ਸਰਬਜੀਤ ਕੌਰ ਸੋਹਲ ਦਾ ਕਾਵਿ ਸੰਗ੍ਰਹਿ 'ਕਿਣਕਾ ਕਿਣਕਾ ਹਿੰਸਾ' ਦਾ ਲੋਕ ਅਰਪਣ ਸਮਾਰੋਹ ਕਰਵਾਇਆ ਗਿਆ।

ਮਹਿਮਾਨਾਂ ਦਾ ਸੁਆਗਤ ਕਰਦਿਆਂ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਸਰਬਜੀਤ ਸੋਹਲ ਨੇ ਕਵਿਤਾ, ਕਹਾਣੀ, ਆਲੋਚਨਾ ਤੇ ਸੰਪਾਦਨ ਵਿਧਾਵਾਂ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ ਤੇ ਉਹਨਾਂ ਦੀ ਹਰ ਰਚਨਾ ਸੰਵੇਦਨਸ਼ੀਲ ਹੁੰਦੀ ਹੈ।



ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਕਿਰਤੀ, ਕਿਸਾਨ ਮਜ਼ਦੂਰ ਸੰਘਰਸ਼ ਯੋਧਿਆਂ ਨੂੰ ਸਮਰਪਿਤ ਕਾਵਿ ਸੰਗ੍ਰਹਿ 'ਕਿਣਕਾ ਕਿਣਕਾ ਹਿੰਸਾ' ਸਮਾਜ, ਜਾਤ, ਵਰਗ, ਜਮਾਤ, ਸਮੂਹ ਇਕੱਠ, ਸਹਿਮਤੀਆਂ, ਅਸਹਿਮਤੀਆਂ ਦੇ ਆਲੇ ਦੁਆਲੇ ਘੁੰਮਦਾ ਸੱਚਾ ਸਾਹਸ ਹੈ।

ਕਿਤਾਬ ਰਿਲੀਜ਼ ਕਰਨ ਸਮੇਂ ਡਾ. ਸੋਹਲ ਤੋਂ ਇਲਾਵਾ ਡਾ. ਮਨਮੋਹਨ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਕੁਲਦੀਪ ਸਿੰਘ ਦੀਪ, ਸਿਰੀ ਰਾਮ ਅਰਸ਼, ਡਾ. ਦਵਿੰਦਰ ਦਮਨ, ਅਸ਼ੋਕ ਭੰਡਾਰੀ ਨਾਦਿਰ ਤੇ ਬਲਕਾਰ ਸਿੱਧੂ ਮੌਜੂਦ ਸਨ।

ਨਾਟਕਕਾਰ ਤੇ ਆਲੋਚਕ ਡਾ। ਕੁਲਦੀਪ ਸਿੰਘ ਦੀਪ ਨੇ ਕਿਤਾਬ ਦੇ ਹਵਾਲੇ ਨਾਲ ਕਿਹਾ ਕਿ ਚਿੰਤਨ ਦੀ ਅਜ਼ਮਤ ਨੂੰ ਬਚਾਉਣਾ ਸਮੇਂ ਦੀ ਲੋੜ ਹੈ।

ਸੰਘਰਸ਼ ਦੇ ਪਿੱਛੇ ਦੀ ਮਾਨਸਿਕਤਾ, ਸਾਹਿਤ ਤਦ ਬਣਦੀ ਹੈ ਜਦੋਂ ਅੰਦੋਲਨ ਰੂਪ ਵਿੱਚ ਸਾਡੇ ਸਾਹਮਣੇ ਚੁਣੌਤੀਆਂ ਆ ਖੜ੍ਹਦੀਆਂ ਹਨ।

'ਕਿਣਕਾ ਕਿਣਕਾ ਹਿੰਸਾ' ਦੀ ਲੇਖਿਕਾ ਡਾ। ਸਰਬਜੀਤ ਕੌਰ ਸੋਹਲ ਨੇ ਕਿਹਾ ਕਿ ਜਦੋਂ ਸੰਵੇਦਨਸ਼ੀਲ ਮਨ ਬੇਬਸੀ 'ਚ ਹੁੰਦਾ ਹੈ ਤਾਂ ਸ਼ਬਦਾਂ ਦਾ ਉਬਾਲ ਆਪ ਮੁਹਾਰੇ ਆਂਉਦਾ ਹੈ। ਹਰ ਮਨੁੱਖ ਸਦਾ ਚੰਗੀ ਸਿਰਜਣਾ ਕਰਨਾ ਚਾਹੁੰਦਾ ਹੈ। ਵੇਖਣ ਤੇ ਮਹਿਸੂਸ ਕਰਨ ਵਿਚ ਫ਼ਰਕ ਹੁੰਦਾ ਹੈ ਤੇ ਸ਼ਾਇਦ ਇਹ ਹੀ ਇਸ ਦੀ ਸੂਖਮਤਾ ਦੀ ਸਿਖਰ ਹੈ।

ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ. ਮਨਮੋਹਨ ਨੇ ਕਿਹਾ ਕਿ ਕਵਿਤਾ ਸਾਹਿਤ ਦੀ ਸਭ ਤੋਂ ਸਰਲ ਤੇ ਸਭ ਤੋਂ ਔਖੀ ਵਿਧਾ ਹੈ।

ਸਮਾਜਿਕ ਤੇ ਸਭਿਆਚਾਰਕ ਵਿਕਾਸ ਵਿੱਚ ਹਿੰਸਾ ਹਮੇਸ਼ਾ ਹੋਂਦ ਵਿਚ ਰਹੀ ਹੈ ਤੇ ਸੰਘਰਸ਼ ਸਦਾ ਹੀ ਸਾਹਿਤ ਨੂੰ ਪ੍ਰਭਾਵਿਤ ਕਰਦੇ ਰਹੇ ਹਨ ਜਿਸ ਦੀਆਂ ਅਨੇਕਾਂ ਉਦਹਾਰਣਾਂ ਵਿਸ਼ਵ ਇਤਿਹਾਸ ਵਿਚ ਦਰਜ ਹਨ। ਕਵਿਤਾ ਆਪਣੇ ਸ਼ਬਦ ਨਾਲ ਲੈ ਕੇ ਜਨਮ ਲੈਂਦੀ ਹੈ ਤੇ ਕਵੀ ਨੂੰ ਗੰਭੀਰ ਤੇ ਸਜਗ ਹੋਣਾ ਲਾਜ਼ਮੀ ਹੈ।

ਕਵਿਤਾ ਪਾਠਕ ਦੀ ਹੁੰਦੀ ਹੈ ਜਦ ਉਹ ਇਸ ਨੂੰ ਪੜ੍ਹਦਾ ਹੈ।

ਪ੍ਰਧਾਨਗੀ ਭਾਸ਼ਣ ਵਿੱਚ ਡਾ. ਸੁਖਦੇਵ ਸਿੰਘ ਸਿਰਸਾ ਨੇ ਡਾਕਟਰ ਸੋਹਲ ਦੀ ਕਵਿਤਾ ਦੇ ਹਵਾਲੇ ਨਾਲ ਕਿਹਾ ਕਿਹਾ ਕਿ ਪ੍ਰੇਮ ਅਤੇ ਹਿੰਸਾ ਦੇ ਆਪੋ ਆਪਣੇ ਪ੍ਰਸੰਗ ਹੁੰਦੇ ਹਨ। ਸਿੱਖ ਫ਼ਲਸਫ਼ਾ ਵੀ ਕਿਰਤ ਦੀ ਗੱਲ ਕਰਦਾ ਨਾਮ ਜਪਣ ਤੇ ਵੰਡ ਛਕਣ ਦੀ ਬਾਤ ਪਾਂਉਦਾ ਹੈ।

ਦਮਨ, ਦਾਬੇ ਤੇ ਖਾਮੋਸ਼ੀ ਦਾ ਦੌਰ ਸਦਾ ਨਹੀਂ ਰਹਿੰਦਾ।

ਡਰ ਦੇ ਮਾਰੇ ਚੁੱਪ ਰਹਿਣਾ ਵੀ ਗ਼ਲਤ ਹੈ ਤੇ ਇਸੇ ਲਈ ਕਵੀ ਚੇਤਨਾ ਨੂੰ ਜਗਾਉਣ ਦਾ ਹੰਭਲਾ ਮਾਰਦਾ ਹੈ।

ਸਮਾਗਮ ਵਿਚ ਮੌਜੂਦ ਹੋਰਨਾਂ ਉੱਘੀਆਂ ਸ਼ਖ਼ਸੀਅਤਾਂ ਵਿਚ ਰਾਜਿੰਦਰ ਕੌਰ, ਸੁਖਵਿੰਦਰ ਆਹੀ, ਮਨਜੀਤ ਕੌਰ ਮੀਤ, ਪਾਲ ਅਜਨਬੀ, ਜੈ ਸਿੰਘ ਛਿੱਬਰ, ਸੁਰਜੀਤ ਸੁਮਨ, ਗੁਰਚਰਨ ਸਿੰਘ, ਮਨਜੀਤ ਪਾਲ ਸਿੰਘ, ਜਗਦੀਪ ਕੌਰ ਨੂਰਾਨੀ, ਹਰਮਿੰਦਰ ਸਿੰਘ ਕਾਲੜਾ, ਪ੍ਰਭਜੋਤ ਕੌਰ, ਜਸਮੀਤ ਸਿੰਘ ਵਿਰਦੀ, ਵਰਿੰਦਰ ਸਿੰਘ ਚੱਠਾ, ਸੁਖਦੇਵ ਸਿੰਘ, ਪਰਮਿੰਦਰ ਸਿੰਘ ਮਦਾਨ, ਸੁਖਜੀਵਨ, ਡਾ। ਗੁਰਮੇਲ ਸਿੰਘ, ਸੁਰਿੰਦਰ ਕੁਮਾਰ, ਏ. ਐਸ. ਖੁਰਾਣਾ, ਐਡਵੋਕੇਟ ਅਮਰਜੀਤ ਸਿੰਘ, ਲਖਵਿੰਦਰ ਸਿੰਘ, ਖੋਜੀ ਕਾਫ਼ਿਰ, ਬਲਬੀਰ ਸਿੰਘ, ਸੁਖਵਿੰਦਰ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ, ਪ੍ਰੋ. ਦਿਲਬਾਗ ਸਿੰਘ, ਅਜੇ ਵਿਸ਼ਵਕਰਮਾ, ਮਨਮੋਹਨ ਸਿੰਘ ਕਲਸੀ, ਪਿਆਰਾ ਸਿੰਘ ਰਾਹੀ, ਧਿਆਨ ਸਿੰਘ ਕਾਹਲੋਂ, ਬਾਬੂ ਰਾਮ ਦੀਵਾਨਾ, ਜਗਤਾਰ ਸਿੰਘ ਜੋਗ, ਡਾ। ਮਨਜੀਤ ਸਿੰਘ ਬਲ, ਅਮਨਜੋਤ ਕੌਰ ਸਿੱਧੂ, ਕੁਲਵਿੰਦਰ ਟੌਹੜਾ, ਸੁਖਵਿੰਦਰ ਕੌਰ, ਅਧਿਆਤਮ ਪ੍ਰਕਾਸ਼, ਕੈ. ਨਰਿੰਦਰ ਸਿੰਘ ਆਈ. ਏ. ਐਸ, ਡਾ. ਦਵਿੰਦਰ ਦਮਨ, ਡਾ. ਸੁਰਿੰਦਰ ਗਿੱਲ, ਸਤਨਾਮ ਕੌਰ, ਰਾਜੇਸ਼ ਬੇਨੀਵਾਲ, ਸੰਜੀਵਨ ਸਿੰਘ, ਜੰਗ ਬਹਾਦਰ ਗੋਇਲ, ਡਾ. ਨੀਲਮ ਗੋਇਲ, ਜੀਤੂ ਬੇਦੀ, ਬਵਿਨ ਕੁਮਾਰ, ਤਲਵਿੰਦਰ ਸਿੰਘ, ਨੀਰਜ ਪਾਂਡੇ, ਨਾਗੇਸ਼ਵਰ ਕੁਮਾਰ ਅਤੇ ਵਰਿੰਦਰ ਸਿੰਘ ਸ਼ਾਮਿਲ ਸਨ।

**– ਹਰਦੇਵ ਚੌਹਾਨ**

# ਬੰਦਨਾ

**ਸੰਤ ਰਾਮ ਉਦਾਸੀ**

ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ
ਮੇਰੀ ਕਵਿਤਾ ਤੈਥੋਂ ਕਿੰਨੀ ਦੂਰ ਹੈ!!
ਤੇ ਮੇਰੀ ਕਵਿਤਾ ਉਹਨਾਂ ਤੋਂ ਕਿੰਨੀ ਦੂਰ ਹੈ
ਜਿਨ੍ਹਾਂ ਲਈ ਇਹ ਲਿਖੀ ਗਈ ਹੈ।

ਜਦ ਵੀ ਕੋਈ ਪੇਂਡੂ ਕੁੜੀ
ਬਾਬਲ ਦੇ ਗ਼ਲ ਲੱਗ ਕੇ ਕਰਦੀ ਹੈ ਸਮਾਜੀ ਕਲੇਸ਼ ਦਾ ਜ਼ਿਕਰ
''ਜਾਂ ਤਾਂ ਬਾਪੂ ਮੈਂ ਮਰਜਾਂ
ਜਾਂ ਮਰਜੇ ਕੁੜਮਣੀ ਤੇਰੀ''
ਤਾਂ ਸੁੰਗੜ ਕੇ ਰਹਿ ਜਾਂਦਾ ਹੈ
ਮੇਰਾ 'ਅੰਮੜੀ ਨੂੰ ਤਰਲਾ' ਨਾਂ ਦਾ ਗੀਤ
ਤੇ ਦਿਲ ਕਰਦਾ ਹੈ ਉਸ ਕੁੜੀ ਨੂੰ ਗੁਰੂ ਮੰਨ ਲਵਾਂ ...

ਮੈਂ ਬੜਾ ਤਿੜ ਕੇ ਲਿਖਦਾ ਹਾਂ
'ਜੱਟ ਤੇ ਸੀਰੀ' ਦਾ ਹਾਲ, ਇਕ ਲੰਮੀ ਸਾਰੀ ਕਵਿਤਾ ਵਿਚ
ਪਰ ਘੁੰਨੇ ਜੱਟ ਨੂੰ
'ਜੱਟਾ ਤੇਰੀ ਜੂਨ ਬੁਰੀ, ਹ਼ਲ ਛੱਡ ਕੇ ਚਰ੍ਹੀ ਨੂੰ ਜਾਣਾ
ਗਾਉਣ ਲਈ
ਕਿਸੇ ਮੂਡ ਦੀ ਲੋੜ ਨਹੀਂ ਪੈਂਦੀ
ਮੇਰੇ 'ਅਜੇ' ਨਾਂ ਦੇ ਗੀਤ ਦੀ ਤਰ੍ਹਾਂ। ...

ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ,
ਮੈਂ ਇਕ ਅਦਨਾ ਜਿਹਾ ਲਿਖਾਰੀ
ਸ਼ਬਦਾਂ ਦਾ ਜੰਜਾਲ ਲੈ ਕੇ ਤੇਰੇ ਦੁਆਰ ਆਇਆ ਹਾਂ
ਤੂੰ ਇਹਨਾਂ ਨੂੰ ਆਪਣੀਆਂ ਮਿੱਠੀਆਂ ਸੁਰਾਂ ਦੀ ਛੁਹ ਦੇਹ
ਤਾਂ ਜੋ ਇਹਨਾਂ ਦਾ ਬਣ ਸਕੇ ਕੋਈ ਗੀਤ
ਤੇ ਉਹ ਗੀਤ ਬਣ ਸਕੇ
ਤੀਆਂ ਵਿਚ ਨਚਦੀਆਂ ਕੁੜੀਆਂ ਦੀ
ਸਭਿਆਚਾਰਕ ਇਨਕਲਾਬ ਦੀ ਹੇਕ
''ਵੀਰ ਸੁਣਦੇ ਦਾਹੜੀਆਂ ਵਾਲੇ,
ਚੰਗੇ ਚੰਗੇ ਬਚਨ ਕਰੋ''
ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**

**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**

Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust